@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 8 May 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 8 ਮਈ 2024, 24 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 168, qpatrika@gmail.com ਫੋਨ : 9971359517 www.qaumipatrika.org

## ਕਾਂਗਰਸ ਛੱਡਣ ਵਾਲੀ ਰਾਧਿਕਾ ਖੇੜਾ ਤੇ ਅਭਿਨੇਤਾ ਸ਼ੇਖਰ ਸੁਮਨ ਭਾਜਪਾ 'ਚ ਹੋਏ ਸ਼ਾਮਲ

ਨਵੀਂ ਦਿੱਲੀ 7 ਮਈ। ਲੋਕ ਸਭਾ ਚੋਣਾਂ ਵਿਚਾਲੇ ਕਾਂਗਰਸ ਤੋਂ ਅਸਤੀਫਾ ਦੇ ਚੁੱਕੀ ਰਾਧਿਕਾ ਖੇੜਾ ਅਤੇ ਅਭਿਨੇਤਾ ਸ਼ੇਖਰ ਸੁਮਨ, ਦੋਵੇਂ ਮੰਗਲਵਾਰ ਨੂੰ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ ਹਨ। ਰਾਧਿਕਾ ਖੇੜਾ ਅਤੇ ਸ਼ੇਖਰ ਸੁਮਨ ਨੇ ਦਿੱਲੀ ਸਥਿਤ ਭਾਜਪਾ ਦੇ ਹੈੱਡਕੁਆਟਰ 'ਚ ਪਾਰਟੀ ਦੀ ਮੈਂਬਰਸ਼ਿਪ ਲਈ। ਕਾਂਗਰਸ ਦੀ ਰਾਸ਼ਟਰੀ ਮੀਡੀਆ ਕੋਆਰਡੀਨੇਟਰ ਰਾਧਿਕਾ ਖੇੜਾ ਨੇ ਛੱਤੀਸਗੜ੍ਹ ਦੇ ਸੰਚਾਰ ਵਿਭਾਗ ਦੇ ਚੇਅਰਮੈਨ ਸੁਸ਼ੀਲ ਆਨੰਦ ਸ਼ੁਕਲਾ 'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ। ਰਾਧਿਕਾ ਨੇ ਕਿਹਾ ਸੀ ਕਿ ਸੁਸ਼ੀਲ ਨੇ ਮੈਨੂੰ ਸ਼ਰਾਬ ਆਫਰ ਕੀਤੀ ਸੀ। ਉਨ੍ਹਾਂ ਨੇ ਰਾਤ ਨੂੰ ਮੇਰੇ ਕਮਰੇ ਦਾ ਦਰਵਾਜਾ ਖੜਕਾਇਆ ਸੀ। ਕਾਂਗਰਸ ਪਾਰਟੀ ਤੋਂ ਅਸਤੀਫਾ ਦੇਣ 'ਤੇ ਰਾਧਿਕਾ ਖੇੜਾ ਨੇ ਕਿਹਾ ਸੀ ਕਿ ਮੈਂ ਹਮੇਸ਼ਾ ਸੁਣਿਆ ਹੈ ਕਿ ਕਾਂਗਰਸ ਰਾਮ ਵਿਰੋਧੀ, ਸਨਾਤਨ ਵਿਰੋਧੀ ਅਤੇ ਹਿੰਦੂ ਵਿਰੋਧੀ ਹੈ ਪਰ ਮੈਂ ਇਸ 'ਤੇ ਕਦੇ ਵਿਸ਼ਵਾਸ ਨਹੀਂ ਕੀਤਾ। ਮਹਾਤਮਾ ਗਾਂਧੀ




ਹਰ ਮੁਲਾਕਾਤ ਦੀ ਸ਼ੁਰੂਆਤ 'ਰਘੁਪਤੀ ਰਾਘਵ ਰਾਜਾ ਰਾਮ' ਨਾਲ ਕਰਦੇ ਸਨ। ਮੈਨੂੰ ਸੱਚਾਈ ਦਾ ਪਤਾ ਉਦੋਂ ਲੱਗਾ ਜਦੋਂ ਮੈਂ ਆਪਣੀ ਦਾਦੀ ਨਾਲ ਰਾਮ ਮੰਦਰ ਗਈ ਅਤੇ ਉਥੋਂ ਵਾਪਸ ਆ ਕੇ ਮੈਂ ਆਪਣੇ ਘਰ ਦੇ ਦਰਵਾਜੇ 'ਤੇ 'ਜੈ ਸ੍ਰੀ ਰਾਮ' ਦਾ ਝੰਡਾ ਲਗਾ ਦਿੱਤਾ ਅਤੇ ਉਸ ਤੋਂ ਬਾਅਦ ਕਾਂਗਰਸ ਪਾਰਟੀ ਮੈਨੂੰ ਨਫਰਤ ਕਰਨ ਲੱਗੀ। ਜਦੋਂ ਵੀ ਮੈਂ ਤਸਵੀਰਾਂ ਜਾਂ ਵੀਡੀਓ ਪੋਸਟ ਕੀਤੀਆਂ, ਮੈਨੂੰ ਝਿੜਕਿਆ ਗਿਆ ਅਤੇ ਪੁੱਛਿਆ ਗਿਆ ਕਿ ਜਦੋਂ ਚੋਣਾਂ ਚੱਲ ਰਹੀਆਂ ਸਨ ਤਾਂ ਮੈਂ ਅਯੁੱਧਿਆ ਕਿਉਂ ਗਈ। ਇਸ ਦੇ ਨਾਲ ਹੀ ਰਾਜਨੀਤੀ 'ਚ ਸੇਖਰ ਸੁਮਨ ਦੀ ਇਹ ਦੂਜੀ ਪਾਰੀ ਹੋਵੇਗੀ। ਉਨ੍ਹਾਂ ਨੇ 2009 ਦੀਆਂ ਲੋਕ ਸਭਾ ਚੋਣਾਂ ਵੀ ਕਾਂਗਰਸ ਦੀ ਟਿਕਟ 'ਤੇ ਪਟਨਾ ਸਾਹਿਬ ਸੀਟ ਤੋਂ ਲੜੀਆਂ ਸਨ ਪਰ ਉਨ੍ਹਾਂ ਨੂੰ ਭਾਜਪਾ ਨੇਤਾ ਸਤਰੂਘਨ ਸਿਨਹਾ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਉਦੋਂ ਉਨ੍ਹਾਂ ਨੂੰ ਸਿਰਫ 11 ਫੀਸਦੀ ਵੋਟਾਂ ਮਿਲੀਆਂ ਸਨ। ਜਦਕਿ ਸਿਨਹਾ ਨੇ ਕਰੀਬ 1.67 ਲੱਖ ਵੋਟਾਂ ਦੇ ਵੱਡੇ ਫਰਕ ਨਾਲ ਇਸ ਸੀਟ 'ਤੇ ਕਬਜਾ ਕੀਤਾ ਸੀ। ਉਨ੍ਹਾਂ ਨੂੰ 57.30 ਫੀਸਦੀ ਵੋਟਾਂ ਮਿਲੀਆਂ। ਬਾਅਦ ਵਿੱਚ 2012 ਵਿੱਚ ਉਨ੍ਹਾਂ ਨੇ ਕਾਂਗਰਸ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਕਿਹਾ ਕਿ ਨਿੱਜੀ ਅਤੇ ਪੇਸੇਵਰ ਰੁਝੇਵਿਆਂ ਕਾਰਨ ਪਾਰਟੀ ਲਈ ਸਮਾਂ ਕੱਢਣਾ ਔਖਾ ਹੋ ਗਿਆ ਹੈ। ਇਸ ਕਾਰਨ ਉਹ ਪਾਰਟੀ ਛੱਡ ਰਹੇ ਹਨ। ਭਾਜਪਾ 'ਚ ਸਾਮਲ ਹੋਣ ਤੋਂ ਬਾਅਦ ਸੁਮਨ ਨੇ ਕਿਹਾ ਕਿ ਕੱਲ੍ਹ ਤੱਕ ਮੈਨੂੰ ਨਹੀਂ ਪਤਾ ਸੀ ਕਿ ਮੈਂ ਅੱਜ ਇੱਥੇ ਬੈਠਾ ਹੋਵਾਂਗਾ ਕਿਉਂਕਿ ਜ਼ਿੰਦਗੀ 'ਚ ਜਾਣੇ-ਅਣਜਾਣੇ 'ਚ ਬਹੁਤ ਕੁਝ ਹੋਇਆ ਹੈ। ਮੈਂ ਇੱਥੇ ਬਹੁਤ ਹੀ ਸਕਾਰਾਤਮਕ ਸੋਚ ਨਾਲ ਆਇਆ ਹਾਂ ਅਤੇ ਸਭ ਤੋਂ ਪਹਿਲਾਂ ਮੈਂ ਪ੍ਰਮਾਤਮਾ ਦਾ ਧੰਨਵਾਦ ਕਰਨਾ ਚਾਹਾਂਗਾ ਕਿ ਉਸਨੇ ਮੈਨੂੰ ਇੱਥੇ ਆਉਣ ਦਾ ਆਦੇਸ ਦਿੱਤਾ। ਸੇਖਰ ਸੁਮਨ ਹਾਲ ਹੀ 'ਚ ਸੰਜੇ ਲੀਲਾ ਭੰਸਾਲੀ ਦੇ ਨਿਰਦੇਸਨ 'ਚ ਬਣੀ ਵੈੱਬ ਸੀਰੀਜ 'ਹੀਰਾਮੰਡੀ' 'ਚ ਨਜਰ ਆ ਰਹੇ ਹਨ। ਇਹ ਵੈੱਬ ਸੀਰੀਜ ਪਲੇਟਫਾਰਮ 'ਤੇ ਰਿਲੀਜ ਕੀਤੀ

# ਲੋਕਾਂ ਨੂੰ ਤੈਅ ਕਰਨਾ ਪਵੇਗਾ ਕਿ ਦੇਸ਼ 'ਵੋਟ ਜਿਹਾਦ' ਨਾਲ ਚੱਲੇਗਾ ਜਾਂ 'ਰਾਮ ਰਾਜ' ਨਾਲ : ਪੀ.ਐੱਮ. ਮੋਦੀ

**ਸਿੰਮੀ ਕੌਰ ਬੱਬਰ**

ਖਰਗੋਨ 7 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਲੋਕਾਂ ਨੂੰ ਇਹ ਤੈਅ ਕਰਨਾ ਪਵੇਗਾ ਕਿ ਦੇਸ਼ 'ਵੋਟ ਜਿਹਾਦ' ਨਾਲ ਚੱਲੇਗਾ ਜਾਂ 'ਰਾਮ ਰਾਜ' ਨਾਲ। ਮੱਧ ਪ੍ਰਦੇਸ਼ ਦੇ ਖਰਗੋਨ 'ਚ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਪੀ.ਐੱਮ. ਮੋਦੀ ਨੇ ਵਿਰੋਧੀ ਧਿਰ ਕਾਂਗਰਸ 'ਤੇ ਵੀ ਨਿਸ਼ਾਨਾ ਵਿੰਨ੍ਹਿਆ ਅਤੇ ਕਿਹਾ ਕਿ ਉਸ ਦੀ ਮੰਸ਼ਾ ਬਹੁਤ ਖਤਰਨਾਕ ਹੈ ਅਤੇ ਉਹ ਉਨ੍ਹਾਂ ਖ਼ਿਲਾਫ 'ਵੋਟ ਜਿਹਾਦ' ਦੀ ਅਪੀਲ ਕਰਦੀ ਹੈ। ਉਨ੍ਹਾਂ ਕਿਹਾ,"ਭਾਰਤ ਇਤਿਹਾਸ ਦੇ ਇਕ ਮਹੱਤਵਪੂਰਨ ਮੋੜ 'ਤੇ ਹੈ, ਤੁਹਾਨੂੰ ਇਹ ਤੈਅ ਕਰਨਾ ਹੋਵੇਗਾ ਕਿ ਦੇਸ਼ ਵੋਟ ਜਿਹਾਦ ਨਾਲ ਚੱਲੇਗਾ ਜਾਂ ਰਾਮ ਰਾਜ ਨਾ।" ਪੀ.ਐੱਮ. ਮੋਦੀ ਨੇ ਕਿਹਾ,"ਵਿਰੋਧੀ ਧਿਰ ਦੇ 'ਇੰਡੀ' ਗਠਜੋੜ ਦੇ ਸਹਿਯੋਗੀਆਂ ਨੂੰ ਜਨਤਾ ਦੀ ਕਿਸਮਤ ਦੀ ਚਿੰਤਾ ਨਹੀਂ ਹੈ, ਉਹ ਆਪਣੇ ਪਰਿਵਾਰ ਨੂੰ ਬਚਾਉਣ ਲਈ ਚੋਣ ਲੜ ਰਹੇ ਹਨ।" ਆਪਣੇ ਰਾਜਨੀਤਕ ਵਿਰੋਧੀਆਂ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਜਿਵੇਂ ਹੀ ਉਨ੍ਹਾਂ ਨੇ ਵਿਰੋਧੀ ਧਿਰ ਦੇ ਏਜੰਡੇ ਨੂੰ ਉਜਾਗਰ ਕੀਤਾ



ਹੈ, ਵਿਰੋਧੀ ਧਿਰ ਨੇ ਉਨ੍ਹਾਂ ਖ਼ਿਲਾਫ ਆਪਣਾ ਪੂਰਾ 'ਗਾਲ੍ਹਾਂ ਦਾ ਸ਼ਬਦਕੋਸ਼' ਖਾਲੀ ਕਰ ਦਿੱਤਾ ਹੈ। ਪੀ.ਐੱਮ. ਮੋਦੀ ਨੇ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ,"ਤੁਹਾਡੇ ਵੋਟ ਨੇ ਭਾਰਤ ਨੂੰ ਦੁਨੀਆ ਦੀ 5ਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣਾ ਦਿੱਤ ਹੈ, ਧਾਰਾ 370 (ਜੋ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੰਦਾ ਹੈ) ਨੂੰ ਹਟਾ ਦਿੱਤਾ ਹੈ, ਇਕ ਆਦਿਵਾਸੀ ਔਰਤ ਨੂੰ ਦੇਸ਼ ਦਾ ਰਾਸ਼ਟਰਪਤੀ ਬਣਾਇਆ ਹੈ ਅਤੇ ਤੁਹਾਡੇ ਵੋਟ ਨੇ ਭਾਰਤ 'ਚ 25 ਕਰੋੜ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ ਹੈ।" ਉਨ੍ਹਾਂ ਕਿਹਾ,"ਤੁਹਾਡੇ ਵੋਟ ਨੇ ਅਯੁੱਧਿਆ 'ਚ ਭਗਵਾਨ ਰਾਮ ਦਾ ਸ਼ਾਨਦਾਰ ਮੰਦਰ ਬਣਾਉਣ ਲਈ 500 ਸਾਲ ਦੀ ਉਡੀਕ ਖਤਮ ਕਰ ਦਿੱਤੀ।" ਪੀ.ਐੱਮ. ਮੋਦੀ ਨੇ ਕਿਹਾ ਕਿ ਲੋਕਾਂ ਦੀਆਂ ਕੋਸ਼ਿਸ਼ਾਂ ਨਾਲ ਦੇਸ਼ ਅੱਗੇ ਵਧ ਰਿਹਾ ਹੈ। ਪ੍ਰਧਾਨ ਮੰਤਰੀ ਨੇ ਮੰਗਲਵਾਰ ਨੂੰ ਲੋਕ ਸਭਾ ਚੋਣਾਂ ਦੇ ਤੀਜੇ ਪੜਾਅ ਦੇ ਪਹਿਲੇ 2 ਘੰਟਿਆਂ 'ਚ ਵੋਟਿੰਗ ਦੀ ਗਤੀ 'ਤੇ ਵੀ ਸੰਤੋਸ਼ ਜਾਹਰ ਕੀਤਾ।

## 3-3 ਫੁੱਟ ਦੇ ਭੈਣ-ਭਰਾ ਨੂੰ ਨਾਲ ਲੈ ਕੇ ਵੋਟ ਪਾਉਣ ਪਹੁੰਚੇ 42 ਇੰਚ ਦੇ ਸਮੀਉੱਲ੍ਹਾ

ਸੀਹੋਰ 7 ਮਈ। ਮੱਧ ਪ੍ਰਦੇਸ 'ਚ ਤੀਜੇ ਪੜਾਅ 'ਚ 9 ਸੀਟਾਂ 'ਤੇ ਵੋਟਿੰਗ ਹੋ ਰਹੀ ਹੈ। ਇਸ ਲੜੀ ਵਿੱਚ ਵਿਦਿਸਾ ਲੋਕ ਸਭਾ ਸੀਟ ਦੇ ਅਧੀਨ ਸਿਹੋਰ ਜ਼ਿਲ੍ਹੇ ਦੇ ਬੁਧਨੀ ਅਤੇ ਇਛਾਵਰ ਵਿੱਚ ਅਤੇ ਭੋਪਾਲ ਲੋਕ ਸਭਾ ਲਈ ਸਿਹੋਰ ਵਿਧਾਨ ਸਭਾ ਲਈ ਵੋਟਿੰਗ ਹੋ ਰਹੀ ਹੈ। ਵਿਦਿਸਾ ਸੰਸਦੀ ਹਲਕੇ ਦੇ ਪਿੰਡ ਮੁਗੀਸਪੁਰ ਦੇ ਪੋਲਿੰਗ ਬੂਥ 'ਤੇ ਛੋਟੇ ਕੱਦ ਵਾਲੇ ਵੋਟਰਾਂ ਨੂੰ ਵੋਟ ਪਾਉਣ ਲਈ ਪਹੁੰਚੇ ਦੇਖ ਕੇ ਲੋਕ ਹੈਰਾਨ ਰਹਿ ਗਏ। ਇੱਥੇ ਸਾਢੇ ਤਿੰਨ ਫੁੱਟ ਕੱਦ ਵਾਲੇ 56 ਸਾਲਾ ਸਮੀਉੱਲ੍ਹਾ ਖਾਨ ਅਤੇ ਤਿੰਨ ਫੁੱਟ ਕੱਦ ਵਾਲੇ 65 ਸਾਲਾ ਹਬੀਬੁੱਲਾ ਨੇ ਵੋਟ ਪਾਈ। ਇਸ ਦੇ ਨਾਲ ਹੀ ਉਨ੍ਹਾਂ ਦੀ ਤਿੰਨ ਫੁੱਟ ਭੈਣ ਸਾਹਦਾ (68 ਸਾਲ) ਨੇ ਵੀ ਆਪਣੀ ਵੋਟ ਪਾਈ। ਮੱਧ ਪ੍ਰਦੇਸ ਵਿੱਚ ਲੋਕ ਸਭਾ ਚੋਣਾਂ ਦੇ ਤੀਜੇ ਪੜਾਅ ਲਈ ਵੋਟਾਂ ਪਾਉਣ ਲਈ ਲੋਕਾਂ ਵਿੱਚ ਭਾਰੀ ਉਤਸਾਹ ਹੈ। ਪੋਲਿੰਗ ਸਟੇਸਨਾਂ 'ਤੇ ਸਵੇਰ ਤੋਂ ਹੀ ਕਤਾਰਾਂ ਦੇਖਣ ਨੂੰ ਮਿਲ ਰਹੀਆਂ ਹਨ। ਇਸ ਦੇ ਨਾਲ ਹੀ ਸਹਿਰ ਜ਼ਿਲੇ ਦੇ ਵਿਦਿਸਾ ਲੋਕ ਸਭਾ ਹਲਕੇ ਦੇ ਪਿੰਡ ਮੁਗੀਸਪੁਰ 'ਚ ਸਾਢੇ ਤਿੰਨ ਫੁੱਟ ਲੰਬੇ ਸਮੀਉੱਲ੍ਹਾ ਖਾਨ (56 ਸਾਲ) ਅਤੇ ਤਿੰਨ ਫੁੱਟ ਲੰਬੇ ਹਬੀਬੁੱਲਾ (65 ਸਾਲ) ਅਤੇ ਉਨ੍ਹਾਂ ਦੀ ਭੈਣ ਸਾਹਦਾ ਵੋਟ ਪਾਉਣ ਲਈ ਪਹੁੰਚੇ। ਦੱਸਿਆ ਗਿਆ ਹੈ ਕਿ ਪਿੰਡ ਮੁਗੀਸਪੁਰ ਵਿੱਚ ਸਾਢੇ ਤਿੰਨ ਫੁੱਟ ਅਤੇ ਤਿੰਨ ਫੁੱਟ ਕੱਦ ਦੇ ਦੋ ਵੋਟਰ ਮਿਲੇ ਹਨ। ਮੁਗੀਸਪੁਰ ਨਿਵਾਸੀ ਸਮੀਉੱਲਾ ਖਾਨ ਦਾ ਕੱਦ ਸਾਢੇ ਤਿੰਨ ਫੁੱਟ ਹੈ। ਇਸ ਦੇ ਨਾਲ ਹੀ ਉਸ ਦੇ ਵੱਡੇ ਭਰਾ ਹਬੀਬੁੱਲਾ ਅਤੇ ਉਸ ਦੀ ਭੈਣ ਸਾਹਦਾ ਦਾ ਕੱਦ ਤਿੰਨ ਫੁੱਟ ਹੈ। ਦੋਨਾਂ ਭਰਾਵਾਂ ਅਤੇ ਇੱਕ ਭੈਣ ਨੇ ਵੋਟ ਪਾਈ। ਉਨ੍ਹਾਂ ਲੋਕਤੰਤਰ ਦੇ ਇਸ ਮਹਾਨ ਤਿਉਹਾਰ 'ਚ ਹਿੱਸਾ ਲੈਂਦਿਆਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਅਤੇ ਸਾਰਿਆਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ।

# ਊਧਵ ਠਾਕਰੇ ਬੋਲੇ- ਜੇ ਭਾਜਪਾ ਮੇਰੇ ਲਈ ਦਰਵਾਜੇ ਖੋਲ੍ਹ ਦੇਵੇ ਤਾਂ ਵੀ ਵਾਪਸ ਨਹੀਂ ਜਾਵਾਂਗਾ

**ਏਜੰਸੀਆਂ**

ਅਲੀਬਾਗ 7 ਮਈ। ਸ਼ਿਵਸੈਨਾ ਮੁਖੀ ਊਧਵ ਠਾਕਰੇ ਨੇ ਕਿਹਾ ਕਿ ਜੇਕਰ ਭਾਜਪਾ ਉਨ੍ਹਾਂ ਲਈ ਆਪਣੇ ਦਰਵਾਜੇ ਖੋਲ੍ਹ ਵੀ ਦੇਵੇ, ਤਾਂ ਵੀ ਉਹ ਆਪਣੇ ਸਾਬਕਾ ਸਹਿਯੋਗੀ ਪਾਰਟੀ ਕੋਲ ਨਹੀਂ ਪਰਤਣਗੇ। ਉਨ੍ਹਾਂ ਨੇ ਭਾਜਪਾ 'ਤੇ 2022 ਵਿਚ ਵਿਸ਼ਵਾਸਘਾਤ ਕਰ ਕੇ ਉਨ੍ਹਾਂ ਦੀ ਸਰਕਾਰ ਨੂੰ ਡਿਗਾਉਣ ਦਾ ਦੋਸ਼ ਲਾਇਆ ਪਰ ਇਸ ਦੇ ਨਾਲ ਹੀ ਠਾਕਰੇ ਇਹ ਕਹਿਣ ਤੋਂ ਵੀ ਗੁਰੇਜ ਨਹੀਂ ਕੀਤਾ ਕਿ ਜੇਕਰ ਜਨਤਾ ਮੋਦੀ ਸਰਕਾਰ ਦੇ 10 ਸਾਲ ਦੇ ਕਾਰਜਕਾਲ ਤੋਂ ਖੁਸ਼ ਹੈ ਤਾਂ ਉਹ ਉਨ੍ਹਾਂ ਲਈ ਪ੍ਰਚਾਰ ਕਰਨ ਨੂੰ ਤਿਆਰ ਹਨ। ਠਾਕਰੇ ਨੇ ਦਾਅਵਾ ਕੀਤਾ ਕਿ ਜੇਕਰ ਲੋਕ ਸਭਾ ਚੋਣਾਂ ਵਿਚ ਭਾਜਪਾ ਜਿੱਤੀ ਤਾਂ ਭਾਰਤ ਦੇ ਨਾਲ-ਨਾਲ ਚੀਨ ਵਿਚ ਵੀ ਪਟਾਕੇ ਚਲਾਏ ਜਾਣਗੇ, ਕਿਉਂਕਿ ਦਿੱਲੀ 'ਚ ਇਕ ਕਮਜੋਰ ਸਰਕਾਰ ਹੋਵੇਗੀ। ਠਾਕਰੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਬਿਆਨ ਦੀ ਵੀ ਨਿੰਦਾ ਕੀਤੀ, ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਪਾਕਿਸਤਾਨ ਕਾਂਗਰਸ ਸੰਸਦ ਮੈਂਬਰ ਰਾਹੁਲ ਗਾਂਧੀ ਨੂੰ ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ਬਣਾਉਣ ਲਈ ਉਤਸੁਕ ਹਨ। ਠਾਕਰੇ ਨੇ



ਕਿਹਾ ਕਿ ਉਨ੍ਹਾਂ ਦੀ ਸਾਬਕਾ ਸਹਿਯੋਗੀ ਪਾਰਟੀ ਚੋਣਾਂ ਦੌਰਾਨ ਪਾਕਿਸਤਾਨ ਦਾ ਨਾਂ ਲੈ ਕੇ ਲੋਕਾਂ ਨੂੰ ਡਰਾਉਣਾ ਚਾਹੁੰਦੇ ਹਨ। ਪੁੰਛ ਵਿਚ ਹੋਏ ਅੱਤਵਾਦੀ ਹਮਲੇ ਦਾ ਜ਼ਿਕਰ ਕਰਦਿਆਂ ਠਾਕਰੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਉੱਥੇ ਨਹੀਂ ਜਾਣਗੇ, ਸਗੋਂ ਉਨ੍ਹਾਂ ਨੂੰ ਬਰਬਾਦ ਕਰਨ ਲਈ ਮਹਾਰਾਸ਼ਟਰ ਆਉਣਗੇ। ਜ਼ਿਕਰਯੋਗ ਹੈ ਕਿ ਸ਼ਨੀਵਾਰ ਨੂੰ ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿਚ ਹਵਾਈ ਫੌਜ ਦੇ ਕਾਫ਼ਿਲੇ 'ਤੇ ਹੋਏ ਅੱਤਵਾਦੀ ਹਮਲੇ ਵਿਚ 4 ਫੌਜੀ ਜਵਾਨ ਜਖਮੀ ਹੋ ਗਏ ਸਨ। ਠਾਕਰੇ ਨੇ ਭਾਜਪਾ ਦੀਆਂ 400 ਸੀਟ ਦੇ ਦਾਅਵੇ 'ਤੇ ਕਿਹਾ ਕਿ ਉਨ੍ਹਾਂ ਦਾ ਆਤਮ ਵਿਸ਼ਵਾਸ ਵੱਧਦਾ ਜਾ ਰਿਹਾ ਹੈ ਅਤੇ ਭੁੱਖ ਨਹੀਂ ਮਿਟ ਰਹੀ ਹੈ। ਭਾਜਪਾ ਪ੍ਰਚੰਡ ਬਹੁਮਤ ਨਾਲ ਸੰਵਿਧਾਨ ਨੂੰ ਬਦਲਨਾ ਚਾਹੁੰਦੀ ਹੈ। ਦੱਸ ਦੇਈਏ ਕਿ ਪ੍ਰਧਾਨ ਮੰਤਰੀ ਮੋਦੀ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਉਹ ਬਾਲ ਠਾਕਰੇ ਦੇ ਪੁੱਤਰ ਦੇ ਨਾਅਤੇ ਊਧਵ ਠਾਕਰੇ ਦਾ ਆਦਰ ਕਰਦੇ ਹਨ ਅਤੇ ਮੁਸੀਬਤ ਦੀ ਸਥਿਤੀ ਵਿਚ ਉਨ੍ਹਾਂ ਦੀ ਮਦਦ ਕਰਨ ਵਾਲੇ ਉਹ ਪਹਿਲੇ ਵਿਅਕਤੀ ਹੋਣਗੇ।

## ਆਬਕਾਰੀ ਘਪਲਾ ਮਾਮਲਾ: ਕਵਿਤਾ ਨੂੰ ਰਾਹਤ ਨਹੀਂ, ਕੋਰਟ ਨੇ ਨਿਆਂਇਕ ਹਿਰਾਸਤ ਵਧਾਈ

ਨਵੀਂ ਦਿੱਲੀ 7 ਮਈ। ਦਿੱਲੀ ਦੀ ਅਦਾਲਤ ਨੇ ਸ਼ਰਾਬ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਭਾਰਤ ਰਾਸ਼ਟਰ ਸਮਿਤੀ (ਬੀ. ਆਰ. ਐੱਸ.) ਦੀ ਵਿਧਾਨਕਾਰ ਕੌਂਸਲਰ () ਕੇ. ਕਵਿਤਾ ਦੀ ਨਿਆਂਇਕ ਹਿਰਾਸਤ ਮੰਗਲਵਾਰ ਨੂੰ 14 ਮਈ ਤੱਕ ਵਧਾ ਦਿੱਤੀ ਹੈ। ਤੇਲੰਗਾਨਾ ਦੀ ਕਵਿਤਾ ਨੂੰ ਉਨ੍ਹਾਂ ਦਾ ਨਿਆਂਇਕ ਹਿਰਾਸਤ ਦਾ ਸਮਾਂ ਪੂਰਾ ਹੋਣ ਮਗਰੋਂ ਸੀ. ਬੀ. ਆਈ. ਅਤੇ ਈ. ਡੀ. ਮਾਮਲਿਆਂ ਦੀ ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਸੁਣਵਾਈ ਦੌਰਾਨ ਈਡੀ ਨੇ ਅਦਾਲਤ ਨੂੰ ਦੱਸਿਆ ਕਿ ਜਾਂਚ ਮਹੱਤਵਪੂਰਨ ਪੜਾਅ ਵਿਚ ਹੈ ਅਤੇ ਉਹ ਇਕ ਹਫਤੇ ਵਿਚ ਕਵਿਤਾ ਖਿਲਾਫ ਦੋਸ਼ ਪੱਤਰ ਦਾਇਰ ਕਰ ਸਕਦੀ ਹੈ। ਦੱਸ ਦੇਈਏ ਕਿ ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਲੱਗਭਗ ਇਕ ਹਫਤੇ ਪਹਿਲਾਂ 15 ਮਾਰਚ ਨੂੰ ਹੈਦਰਾਬਾਦ ਤੋਂ ਈਡੀ ਨੇ ਕਵਿਤਾ ਨੂੰ ਗ੍ਰਿਫਤਾਰ ਕੀਤਾ।



ਕੇਜਰੀਵਾਲ ਦੀ ਅੰਤਰਿਮ ਪਟੀਸ਼ਨ 'ਤੇ ਵੀ ਸੁਪਰੀਮ ਕੋਰਟ ਨੇ ਕੋਈ ਆਦੇਸ਼ ਪਾਸ ਨਹੀਂ ਕੀਤਾ ਹੈ, ਸਗੋਂ ਸੁਣਵਾਈ ਪੂਰੀ ਕਰਨ ਮਗਰੋਂ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਕੇਜਰੀਵਾਲ ਨੂੰ 21 ਮਾਰਚ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹ ਇਸ ਸਮੇਂ ਤਿਹਾੜ ਜੇਲ੍ਹ ਵਿਚ ਬੰਦ ਹਨ।

## ਦੇਸ਼ ਦੇ ਲੋਕਾਂ ਨੂੰ ਬਰਾਬਰ ਨਜਰ ਨਾਲ ਦੇਖਣ ਵਾਲਾ ਪ੍ਰਧਾਨ ਮੰਤਰੀ ਦੇਵੇਗਾ 'ਇੰਡੀਆ' ਗੱਠਜੋੜ : ਥਰੂਰ

ਨੈਸ਼ਨਲ ਡੈਸਕ 7 ਮਈ। ਕਾਂਗਰਸ ਨੇਤਾ ਸਸੀ ਥਰੂਰ ਨੇ ਕਿਹਾ ਹੈ ਕਿ ਇਕ-ਦੂਜੇ ਖਿਲਾਫ ਪ੍ਰਚਾਰ ਕਰ ਰਹੀਆਂ ਵਿਰੋਧੀ ਪਾਰਟੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਇਕਜੁੱਟ ਹੋ ਜਾਣਗੀਆਂ ਅਤੇ 'ਇੰਡੀਆ' ਗੱਠਜੋੜ ਦੀ ਸਰਕਾਰ ਵਿਚ ਲੋਕਾਂ ਨੂੰ ਅਜਿਹਾ ਪ੍ਰਧਾਨ ਮੰਤਰੀ ਮਿਲੇਗਾ, ਜੋ ਸਾਰਿਆਂ ਨੂੰ ਬਰਾਬਰ ਨਜਰ ਨਾਲ ਦੇਖਦਾ ਹੋਵੇ ਅਤੇ ਦੂਜਿਆਂ ਦੀ ਗੱਲ ਸੁਣਦਾ ਹੋਵੇ। ਮੀਡੀਆ ਨਾਲ ਗੱਲਬਾਤ ਦੌਰਾਨ ਥਰੂਰ ਨੇ ਕਿਹਾ ਕਿ ਗੱਠਜੋੜ ਸਰਕਾਰ ਨੂੰ ਲੈ ਕੇ ਡਰ ਦੀ ਕੋਈ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤੀ ਅਰਥਵਿਵਸਥਾ ਇਕੱਲੀ ਪਾਰਟੀ ਸਰਕਾਰਾਂ ਦੇ ਮੁਕਾਬਲੇ ਗੱਠਜੋੜ ਸਰਕਾਰਾਂ ਅਧੀਨ ਬਿਹਤਰ ਪ੍ਰਦਰਸਨ ਕਰਦੀ ਹੈ। ਥਰੂਰ ਨੇ ਕਿਹਾ ਕਿ ਇਹ ਬਦਲਾਅ ਦੀ ਚੋਣ ਹੈ ਅਤੇ ਭਾਜਪਾ ਭਾਸਣ 'ਤੇ ਆਪਣੀ ਪਕੜ ਗੁਆ ਚੁੱਕੀ ਹੈ। ਕਾਂਗਰਸ ਵਰਕਿੰਗ ਕਮੇਟੀ (ਸੀ. ਡਬਲਯੂ.ਸੀ.) ਦੇ ਮੈਂਬਰ ਥਰੂਰ ਨੇ ਵੀ ਅਯੁੱਧਿਆ ਵਿਚ ਰਾਮ ਮੰਦਰ ਦੇ ਪਵਿੱਤਰ ਸਮਾਰੋਹ ਵਿਚ ਸਾਮਲ ਨਾ ਹੋਣ ਦੇ ਪਾਰਟੀ ਦੇ ਫੈਸਲੇ ਦਾ ਬਚਾਅ ਕੀਤਾ ਅਤੇ ਕਿਹਾ ਕਿ ਸੱਦਾ ਰੱਦ ਕਰਨਾ ਸਹੀ ਸੀ ਕਿਉਂਕਿ ਇਹ ਪ੍ਰਧਾਨ ਮੰਤਰੀ ਮੋਦੀ ਦੀ ਵਡਿਆਈ ਕਰਨ ਲਈ ਆਯੋਜਿਤ ਇਕ ਸਿਆਸੀ ਸਮਾਗਮ ਸੀ। ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਮੇਰੇ ਹਿਸਾਬ ਨਾਲ ਜੇਕਰ ਅਸੀਂ ਅਜਿਹਾ ਕੀਤਾ ਹੁੰਦਾ ਤਾਂ ਇਹ ਇਕ ਗਲਤੀ ਹੋਣੀ ਸੀ। ਜੇਕਰ ਨਿਰੋਲ ਸਿਆਸੀ ਫੈਸਲੇ ਵਜੋਂ ਦੇਖਿਆ ਜਾਵੇ ਤਾਂ ਇਹ ਸਹੀ ਫੈਸਲਾ ਸੀ। ਸਸੀ ਥਰੂਰ ਨੇ ਕਿਹਾ ਕਿ ਇਹ ਸੱਚ ਹੈ ਕਿ ਗੱਠਜੋੜ ਸਰਕਾਰ ਇਕ ਪਾਰਟੀ ਦੀ ਸਰਕਾਰ ਤੋਂ ਬਹੁਤ ਵੱਖਰੇ ਤਰੀਕੇ ਨਾਲ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਮੋਦੀ ਦੀ ਸੈਲੀ, ਉਨ੍ਹਾਂ ਦੀ ਸਖਸੀਅਤ ਅਤੇ ਭਾਜਪਾ ਦੇ ਸਾਸਨ ਦੇ ਢੰਗ ਨੂੰ ਦੇਖਦੇ ਹੋਏ ਮੈਨੂੰ ਇਹ ਕਹਿਣਾ ਉਚਿਤ ਹੋਵੇਗਾ ਕਿ ਇਹ 'ਇੰਡੀਆ' ਗੱਠਜੋੜ ਸਰਕਾਰ ਪਿਛਲੇ ਦਸ ਸਾਲਾਂ ਦੀਆਂ ਸਰਕਾਰਾਂ ਤੋਂ ਬਹੁਤ ਵੱਖਰੀ ਹੋਵੇਗੀ। ਸਾਬਕਾ ਕੇਂਦਰੀ ਮੰਤਰੀ ਨੇ ਕਿਹਾ ਕਿ ਗੱਠਜੋੜ ਸਰਕਾਰਾਂ ਨਾਲ ਭਾਰਤ ਦੇ ਲੋਕਾਂ ਦਾ ਰਿਕਾਰਡ ਅਤੇ ਤਜਰਬਾ ਬਹੁਤ ਵਧੀਆ ਰਿਹਾ ਹੈ। ਥਰੂਰ ਨੇ ਕਿਹਾ ਕਿ ਗੱਠਜੋੜ ਸਰਕਾਰ ਦਾ ਇਕ ਫਾਇਦਾ ਇਹ ਹੋਵੇਗਾ ਕਿ ਜੋ ਵੀ ਪ੍ਰਧਾਨ ਮੰਤਰੀ ਬਣੇਗਾ, ਉਸ ਵਿਚ ਤਾਨਾਸਾਹੀ ਰੁਝਾਨ ਨਹੀਂ ਹੋਵੇਗਾ, ਉਸ ਨੂੰ ਦੂਜਿਆਂ ਦਾ ਧਿਆਨ ਰੱਖਣਾ ਹੋਵੇਗਾ। ਸਪੱਸਟ ਤੌਰ 'ਤੇ ਇਹ ਸੰਸਦੀ ਸਾਸਨ ਪ੍ਰਣਾਲੀ ਦਾ ਇਕ ਸਾਨਦਾਰ ਰਾਜਨੀਤਿਕ ਸਿਧਾਂਤ ਹੈ। ਇਸ ਸਮੇਂ ਅਸੀਂ (ਕਈ ਦੇਸਾਂ 'ਚ) ਰਾਸਟਰਪਤੀ ਦੇ ਅਧੀਨ ਚੱਲ ਰਹੀ ਸੰਸਦੀ ਪ੍ਰਣਾਲੀ ਦੇਖ ਰਹੇ ਹਾਂ, ਜੋ ਕਿ ਬਹੁਤ ਮਾੜੀ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਰਤ 'ਚ ਗੱਠਜੋੜ ਦੀ ਸਰਕਾਰ ਬਣਦੀ ਹੈ ਤਾਂ ਲੰਬੇ ਸਮੇਂ 'ਚ ਪਹਿਲੀ ਵਾਰ ਸਾਨੂੰ ਅਜਿਹਾ ਪ੍ਰਧਾਨ ਮੰਤਰੀ ਮਿਲੇਗਾ ਜੋ ਸਾਰਿਆਂ ਨੂੰ ਬਰਾਬਰ ਦੀ ਨਜਰ ਨਾਲ ਦੇਖਦਾ ਹੋਵੇ, ਦੂਜਿਆਂ ਦੀ ਗੱਲ ਸੁਣਦਾ ਹੋਵੇ

## ਹਰਿਆਣਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਦੀ ਜਾਂਚ 'ਤੇ ਭੜਕੇ ਸਿੱਖ, ਪ੍ਰਗਟਾਇਆ ਇਤਰਾਜ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 7 ਮਈ। ਹਰਿਆਣਾ ਦੇ ਨਰਾਇਣਗੜ੍ਹ ਦੇ ਗੁਰਦੁਆਰਾ ਸ੍ਰੀ ਰਾਤਗੜ੍ਹ ਸਾਹਿਬ ਵਿਖੇ ਗੁਰਮਤਿ ਸਮਾਗਮ ਦੌਰਾਨ ਮੁੱਖ ਮੰਤਰੀ ਨਾਇਬ ਸੈਣੀ ਦੇ ਆਉਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਦੀ ਜਾਂਚ ਨੂੰ ਲੈ ਕੇ ਸਿੱਖਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਨੂੰ ਲੈ ਕੇ ਦੇਸ ਅਤੇ ਦੁਨੀਆ ਦੇ ਸਿੱਖਾਂ 'ਚ ਨਾਰਾਜਗੀ ਦੇਖੀ ਜਾ ਰਹੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਇਸ ਮਾਮਲੇ 'ਤੇ ਸਖਤ ਇਤਰਾਜ ਪ੍ਰਗਟਾਇਆ ਹੈ। ਨਾਲ ਹੀ ਕਿਹਾ ਕਿ ਅਜਿਹਾ ਕਦੀ ਨਹੀਂ ਹੁੰਦਾ, ਜੋ ਇਸ ਵਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਰਾਸਟਰਪਤੀ, ਪ੍ਰਧਾਨ ਮੰਤਰੀ ਸਮੇਤ ਹੋਰ ਅਹਿਮ ਅਹੁਦਿਆਂ 'ਤੇ ਬੈਠੇ ਲੋਕ ਵੀ ਗੁਰਦੁਆਰਿਆਂ 'ਚ ਨਤਮਸਤਕ ਹੋਣ ਲਈ ਆਉਂਦੇ ਰਹੇ ਹਨ ਪਰ ਸੁਰੱਖਿਆ ਦੇ ਨਾਂ 'ਤੇ ਅੱਜ ਤੱਕ ਅਜਿਹੀ ਘਿਨਾਉਣੀ ਹਰਕਤ ਕਦੇ ਨਹੀਂ ਹੋਈ। ਸਰਨਾ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਇਸ ਮਾਮਲੇ ਦੀ ਸ਼ਿਕਾਇਤ ਕੀਤੀ ਹੈ। ਨਾਲ ਹੀ ਕਿਹਾ ਕਿ ਇਸ ਦਾ ਨੋਟਿਸ ਲੈਂਦਿਆਂ ਪ੍ਰੋਗਰਾਮ ਦੇ ਪ੍ਰਬੰਧਕਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤਲਬ ਕਰ ਕੇ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ। ਸਰਨਾ ਨੇ ਕਿਹਾ ਕਿ ਜਿਨ੍ਹਾਂ ਨੇ ਮੌਕੇ 'ਤੇ ਅਜਿਹਾ ਹੋਣ ਦਿੱਤਾ, ਉਨ੍ਹਾਂ ਨੂੰ ਵੀ ਤਲਬ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਸਾਡੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ



ਸਰਵਉੱਚ ਹੈ ਨਾ ਕਿ ਕੋਈ ਮੰਤਰੀ ਜਾਂ ਨੇਤਾ। ਸ੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸਰਨਾ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੂੰ ਇਸ ਘਟਨਾ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਸਿੱਖ ਕੌਮ ਤੋਂ ਮੁਆਫੀ ਮੰਗਣੀ ਚਾਹੀਦੀ ਹੈ, ਜੇ ਉਹ ਮੁਆਫੀ ਨਹੀਂ ਮੰਗਦੇ ਹਨ ਤਾਂ ਸਿੱਖ ਕੌਮ ਨੂੰ ਉਨ੍ਹਾਂ ਦਾ ਸਮਾਜਿਕ ਬਾਈਕਾਟ ਕਰਨਾ ਚਾਹੀਦਾ ਹੈ। ਸਰਨਾ ਨੇ ਸਵਾਲ ਕੀਤਾ ਕਿ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਅਸੰਧ ਅਤੇ ਬਲਜੀਤ ਸਿੰਘ ਦਾਦੂਵਾਲ ਕਿੱਥੇ ਹਨ? ਕੁਝ ਦਿਨ ਪਹਿਲਾਂ ਦਾਦੂਵਾਲ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਰਗੇ ਪਵਿੱਤਰ ਅਸਥਾਨ 'ਤੇ ਬੈਠ ਕੇ ਭਾਜਪਾ ਦਾ ਸਮਰਥਨ ਕਰ ਰਹੇ ਸੀ, ਅੱਜ ਇਸ ਬੇਅਦਬੀ ਦੀ ਘਟਨਾ ਦੇ ਬਾਵਜੂਦ ਉਹ ਚੁੱਪ ਕਿਉਂ ਬੈਠੇ ਹਨ। ਸਰਨਾ ਨੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਬੰਧਕਾਂ ਨੂੰ ਵੀ ਲੰਮੇਂ ਹੱਥੀਂ ਲਿਆ ਅਤੇ ਕਿਹਾ ਕਿ ਉਨ੍ਹਾਂ ਨੂੰ ਵੀ ਇਸ ਮੁੱਦੇ 'ਤੇ ਇਤਰਾਜ ਦਰਜ ਕਰਵਾਉਣਾ ਚਾਹੀਦਾ ਹੈ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨੇ ਇਸ ਘਟਨਾ 'ਤੇ ਸਖਤ ਇਤਰਾਜ ਪ੍ਰਗਟਾਉਂਦੇ ਹੋਏ ਕਿਹਾ ਕਿ ਵੀ. ਆਈ. ਪੀ. ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ 'ਚ ਨਹੀਂ ਬੁਲਾਉਣਾ ਚਾਹੀਦਾ। ਉੱਥੋਂ ਦੇ ਅਹੁਦੇਦਾਰ ਚਾਪਲੂਸੀ 'ਚ ਡੁੱਬੇ ਹੋਏ ਹਨ, ਜਿਸ ਕਾਰਨ ਵੱਡੀ ਗਲਤੀ ਹੋਈ ਸੀ। ਉਨ੍ਹਾਂ ਕਿਹਾ ਕਿ ਭਾਵੇਂ ਪ੍ਰਧਾਨ ਮੰਤਰੀ ਆਉਣ ਜਾਂ ਕੋਈ ਬਾਦਸ਼ਾਹ, ਗੁਰੂ ਅੱਗੇ ਸਾਰੇ ਨਤਮਸਤਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ 'ਚ ਕੋਈ ਵੀ. ਆਈ. ਪੀ. ਨਹੀਂ ਹੁੰਦਾ, ਸਭ ਸੰਗਤ ਦਾ ਰੂਪ ਹੁੰਦੇ ਹਨ, ਇਸ ਲਈ ਸੰਗਤ ਨੂੰ ਮਰਿਆਦਾ 'ਚ ਰਹਿਣਾ ਜਰੂਰੀ ਹੈ।

# ਕੇਂਦਰੀ ਮੰਤਰੀ ਅਨੁਰਾਗ ਠਾਕੁਰ ਦੀ ਖੜਗੇ ਤੇ ਰਾਹੁਲ ਨੂੰ ਚੁਣੌਤੀ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 7 ਮਈ। ਇਸ ਵਾਰ ਲੋਕ ਸਭਾ ਦੇ ਨਾਲ-ਨਾਲ 6 ਵਿਧਾਨ ਸਭਾ ਦੀਆਂ ਸੀਟਾਂ ਲਈ ਹੋ ਰਹੀਆਂ ਜ਼ਿਮਨੀ ਚੋਣਾਂ ਨੇ ਪੂਰੀ ਸਿਆਸੀ ਤਸਵੀਰ ਬਦਲ ਕੇ ਰੱਖ ਦਿੱਤੀ ਹੈ। ਲੋਕ ਸਭਾ ਨਾਲੋਂ ਵਿਧਾਨ ਸਭਾ ਦੀਆਂ ਸੀਟਾਂ ਦੇ ਨਤੀਜਿਆਂ ਨੂੰ ਲੈ ਕੇ ਲੋਕ ਜ਼ਿਆਦਾ ਉਤਸੁਕ ਹਨ। ਸੱਤਾਧਾਰੀ ਪਾਰਟੀ ਕਾਂਗਰਸ ਲੋਕ ਸਭਾ ਚੋਣਾਂ ਦੇ ਨਾਲ-ਨਾਲ ਸੂਬੇ ਦੀ ਸੱਤਾ ਬਚਾਉਣ ਲਈ ਵੀ ਲੜ ਰਹੀ ਹੈ। ਅਜਿਹੀ ਹਾਲਤ 'ਚ ਭਾਜਪਾ ਦੇ ਵੱਡੇ ਚਿਹਰਿਆਂ ਨੂੰ ਲੋਕ ਸਭਾ ਦੀਆਂ ਚੋਣਾਂ 'ਚ ਭਾਵੇਂ ਕੋਈ ਦਿੱਕਤ ਨਾ ਆਏ ਪਰ ਉਨ੍ਹਾਂ ਦੀਆਂ ਆਪਣੀਆਂ ਸੀਟਾਂ ਤੋਂ ਇਲਾਵਾ ਹੋਰ ਥਾਵਾਂ 'ਤੇ ਉਨ੍ਹਾਂ ਦੀ ਭੂਮਿਕਾ ਅਹਿਮ ਹੋ ਗਈ ਹੈ। ਇਸ ਨੂੰ ਧਿਆਨ 'ਚ ਰਖਦਿਆਂ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਵੱਲੋਂ ਦੇਸ ਦੇ ਨਾਲ-ਨਾਲ ਹਿਮਾਚਲ 'ਚ ਵੀ ਲਗਾਤਾਰ ਵਿਆਪਕ ਪ੍ਰਚਾਰ ਮੁਹਿੰਮ ਚਲਾਈ ਜਾ ਰਹੀ ਹੈ। ਆਪਣੀ ਰੁਝੇਵਿਆਂ ਭਰੀ ਮੁਹਿੰਮ ਦੌਰਾਨ 'ਜਗ ਬਾਣੀ' ਦੇ ਪੱਤਰਕਾਰ ਸੰਜੀਵ ਸਰਮਾ ਨੇ ਉਨ੍ਹਾਂ ਨਾਲ ਦੇਸ ਤੇ ਸੂਬੇ ਦੇ ਸਿਆਸੀ ਸਮੀਕਰਨਾਂ 'ਤੇ ਵਿਸਥਾਰ ਨਾਲ ਗੱਲਬਾਤ ਕੀਤੀ। ਇਸ ਦੇ ਸੰਪਾਦਿਤ ਅੰਸ ਪੇਸ ਹਨ:-

ਅਨੁਰਾਗ ਨੇ ਚੁਣੌਤੀ ਦਿੰਦੇ ਹੋਏ ਮੰਗ ਕੀਤੀ ਕਿ ਰਾਹੁਲ ਗਾਂਧੀ ਤੇ ਖੜਗੇ ਦੇਸ਼ ਨੂੰ ਐਫੀਡੇਵਿਟ ਦੇਣ ਕਿ ਕਾਂਗਰਸ ਦੇ ਸੱਤਾ 'ਚ ਆਉਣ 'ਤੇ ਕੀ ਸੱਤਾਧਿਰ ਸੁਰੱਖਿਅਤ ਰਹੇਗੀ। ਲੋਕਾਂ ਦੀ ਪਿਤਾ-ਪੁਰਖੀ ਜਾਇਦਾਦ ਉਨ੍ਹਾਂ ਦੀ ਰਹੇਗੀ ਜਾਂ ਇਨ੍ਹਾਂ ਦੀ ਹੋ ਜਾਵੇਗੀ। ਦੇਸ਼ ਨੂੰ ਭਰੋਸਾ



ਦਿਵਾਓ ਕਿ ਤੁਹਾਡੀ ਜਾਇਦਾਦ ਖੋਹ ਕੇ ਕਿਸੇ ਹੋਰ ਨੂੰ ਨਹੀਂ ਦਿੱਤੀ ਜਾਵੇਗੀ। ਅਨੁਰਾਗ ਠਾਕੁਰ ਨੇ ਕਾਂਗਰਸ 'ਤੇ ਚਿੱਕੜ ਉਛਾਲਣ ਵਾਲੀ ਸਿਆਸਤ ਕਰਨ ਦਾ ਦੋਸ਼ ਲਾਉਂਦੇ ਹੋਏ ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਵੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਦੋਵੇਂ ਆਗੂ ਦੇਸ਼ ਨੂੰ ਐਫੀਡੇਵਿਟ ਦੇਣ ਕੇ ਕਾਂਗਰਸ ਦੇ ਸੱਤਾ 'ਚ ਆਉਣ 'ਤੇ ਇਸਤਰੀ ਧਨ ਸੁਰੱਖਿਅਤ ਰਹੇਗਾ। ਲੋਕਾਂ ਦੀ ਪਿਤਾ-ਪੁਰਖੀ ਜਾਇਦਾਦ ਉਨ੍ਹਾਂ ਦੀ ਰਹੇਗੀ। ਦੇਸ਼ ਨੂੰ ਭਰੋਸਾ ਦਿਵਾਓ ਕਿ ਤੁਹਾਡੀ ਜਾਇਦਾਦ ਖੋਹ ਕੇ ਕਿਸੇ ਹੋਰ ਨੂੰ ਨਹੀਂ ਦਿੱਤੀ ਜਾਵੇਗੀ। ਕਾਂਗਰਸ ਨੂੰ ਇਸ ਮਸਲੇ 'ਤੇ ਦੇਸ਼ ਦੇ ਸਾਹਮਣੇ ਆਪਣੀ ਸੋਚ ਸਪੱਸ਼ਟ ਕਰਨ ਦੀ ਲੋੜ ਹੈ ਕਿਉਂਕਿ ਉਸ ਦੇ ਵੱਖ-ਵੱਖ ਬਿਆਨਾਂ ਨਾਲ ਭਰਮ ਵਾਲੀ ਸਥਿਤੀ ਬਣ ਗਈ ਹੈ। ਜਦੋਂ ਅਨੁਰਾਗ ਠਾਕੁਰ ਨੂੰ ਜੇ. ਪੀ. ਨੱਡਾ ਤੇ ਜੈਰਾਮ ਠਾਕੁਰ ਨਾਲ ਉਨ੍ਹਾਂ ਦੇ ਮੁਕਾਬਲੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੇਰਾ ਮੁਕਾਬਲਾ ਸਿਰਫ ਆਪਣੇ ਨਾਲ ਹੈ। ਜੇ. ਪੀ. ਨੱਡਾ ਜਿਸ ਅਹੁਦੇ 'ਤੇ ਹਨ, ਉਹ ਬਹੁਤ ਵੱਡਾ ਹੈ। ਕੋਈ ਵਿਰਲਾ ਹੀ ਉੱਥੇ ਪਹੁੰਚ ਸਕਦਾ ਹੈ। ਉਹ ਹਿਮਾਚਲ ਦਾ ਮਾਣ ਹਨ। ਜਿੱਥੋਂ ਤੱਕ ਜੈਰਾਮ ਠਾਕੁਰ ਦਾ ਸਬੰਧ ਹੈ, ਉਹ ਸੂਬੇ ਦੇ ਮੁੱਖ ਮੰਤਰੀ ਸਨ । ਉਨ੍ਹਾਂ ਸਾਨਦਾਰ ਕੰਮ ਕੀਤਾ। ਇਹ ਵੱਖਰੀ ਗੱਲ ਹੈ ਕਿ ਲੋਕਾਂ ਨੇ ਕਿਸੇ ਕਾਰਨ ਫਤਵਾ ਨਹੀਂ ਦਿੱਤਾ। ਮੋਦੀ ਜੀ ਨੇ ਮੈਨੂੰ ਇਕ ਵੱਖਰਾ ਕੰਮ ਸੌਂਪਿਆ ਹੈ, ਜਿਸ ਨੂੰ ਮੈਂ ਪੂਰੀ ਊਰਜਾ ਨਾਲ ਪੂਰਾ ਕਰਨ ਵਿਚ ਲੱਗਾ ਹੋਇਆ ਹਾਂ। ਮੇਰੇ ਲਈ ਇਹ ਘੱਟ ਨਹੀਂ ਹੈ ਕਿ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ ਜਿਸ ਨੂੰ ਕਦੇ ਸਰਦਾਰ ਪਟੇਲ, ਇੰਦਰਾ ਗਾਂਧੀ, ਲਾਲ ਕ੍ਰਿਸਨ ਡਵਾਨੀ ਅਤੇ ਸੁਸਮਾ ਸਵਰਾਜ ਵਰਗੇ ਨੇਤਾਵਾਂ ਨੇ ਸੰਭਾਲਿਆ ਸੀ, ਮੇਰੇ ਕੋਲ ਹੈ। ਮੈਂ ਆਪਣੀ ਲਕੀਰ ਵੱਡੀ ਕਰਨ 'ਚ ਵਿਸਵਾਸ ਕਰਦਾ ਹਾਂ । ਕਦੇ ਵੀ ਦੂਜਿਆਂ ਨਾਲ ਈਰਖਾ ਨਹੀਂ ਕਰਦਾ। ਅਨੁਰਾਗ ਠਾਕੁਰ ਨੇ ਕਿਹਾ ਕਿ 2019 'ਚ ਅਮੇਠੀ 'ਚ ਮਿਲੀ ਹਾਰ ਤੋਂ ਬਾਅਦ ਰਾਹੁਲ ਸਦਮੇ 'ਚ ਹਨ। ਇੱਥੋਂ ਉਹ ਵਾਇਨਾਡ ਚਲੇ ਗਏ। ਇਸ ਵਾਰ ਉਨ੍ਹਾਂ ਨੂੰ ਅਜਿਹੀਆਂ ਜਥੇਬੰਦੀਆਂ ਦਾ ਸਮਰਥਨ ਵੀ ਮਿਲਿਆ ਜੋ ਭਾਰਤ ਵਿਰੋਧੀ ਹਨ ਪਰ ਇਸ ਦੇ ਬਾਵਜੂਦ ਉਹ ਵਾਇਨਾਡ 'ਚ ਹਾਰ ਰਹੇ ਹਨ। ਇਸੇ ਲਈ ਉਹ ਕਿਸੇ ਹੋਰ ਥਾਂ ਦੀ ਭਾਲ ਕਰ ਰਹੇ ਹਨ ਪਰ ਉੱਥੇ ਵੀ ਉਹ ਡਰੇ ਹੋਏ ਹਨ। ਇੰਨਾ ਹੀ ਨਹੀਂ ਪ੍ਰਿਯੰਕਾ ਗਾਂਧੀ ਨੂੰ ਵੀ ਹਾਸੀਏ 'ਤੇ ਧੱਕਿਆ ਜਾ ਰਿਹਾ ਹੈ। ਪਰਿਵਾਰ ਵਿੱਚ ਕੁਝ ਤਾਂ ਗੜਬੜ ਹੈ। ਪ੍ਰਿਯੰਕਾ ਗਾਂਧੀ ਨੇ ਥਾਂ-ਥਾਂ ਜਾ ਕੇ ਉਹ ਵਾਅਦੇ ਕੀਤੇ ਜੋ ਪੂਰੇ ਨਹੀਂ ਹੋ ਸਕੇ। ਹੁਣ ਉਹ ਵੀ ਚੋਣ ਸਿਆਸਤ 'ਚ ਆਉਣ ਤੋਂ ਘਬਰਾਈ ਹੋਈ ਹੈ। ਨੌਜਵਾਨਾਂ 'ਚ ਆਪਣੇ ਪ੍ਰਭਾਵ ਕਾਰਨ ਅਨੁਰਾਗ ਠਾਕੁਰ ਇਨ੍ਹਾਂ ਚੋਣ 'ਚ ਪੀ. ਐੱਮ. ਮੋਦੀ, ਅਮਿਤ ਸਾਹ, ਸੀ. ਐੱਮ. ਯੋਗੀ ਅਤੇ ਭਾਜਪਾ ਪ੍ਰਧਾਨ ਜੇ. ਪੀ. ਨੱਡਾ ਤੋਂ ਬਾਅਦ ਸਭ ਤੋਂ ਵੱਧ ਮੰਗ ਵਾਲੇ ਸਟਾਰ ਪ੍ਰਚਾਰਕ ਵਜੋਂ ਉੱਭਰੇ ਹਨ। ਉਨ੍ਹਾਂ ਦਾ ਸਮਾਂ ਏਨਾ ਰੁਝੇਵਿਆਂ ਭਰਪੂਰ ਹੈ ਕਿ ਤਕਨੀਕੀ ਤੌਰ 'ਤੇ ਉਨ੍ਹਾਂ ਦੀ ਆਪਣੀ ਚੋਣ ਵੀ ਸੈਕੰਡਰੀ ਬਣ ਗਈ ਹੈ। ਉਹ ਦੇਸ ਦੇ ਕਿਸੇ ਕੋਨੇ 'ਚ ਸਵੇਰੇ, ਦੁਪਹਿਰ ਨੂੰ ਕਿਸੇ ਹੋਰ ਥਾਂ ਅਤੇ ਰਾਤ ਨੂੰ ਕਿਸੇ ਤੀਜੇ ਸੂਬੇ 'ਚ ਚੋਣ ਪ੍ਰਚਾਰ ਕਰ ਰਹੇ ਹਨ। ਸਵੇਰੇ 6 ਵਜੇ ਤੋਂ ਪਹਿਲਾਂ ਹੀ ਉਹ ਆਪਣੇ ਪਹਿਲੇ ਜਲਸੇ ਲਈ ਰਵਾਨਾ ਹੋ ਜਾਂਦੇ ਹਨ। 9 ਵਜੇ ਪਹਿਲੇ ਪ੍ਰੋਗਰਾਮ ਵਿਚ ਸਾਮਲ ਹੋਣ ਤੋਂ ਬਾਅਦ ਉਹ ਰਾਤ ਨੂੰ 1.30 ਵਜੇ ਕੁਝ ਘੰਟਿਆਂ ਲਈ ਸੌਂ ਜਾਂਦੇ ਹਨ । ਫਿਰ ਅਗਲੀ ਸਵੇਰ ਉਹੀ ਸਿਲਸਿਲਾ ਸੁਰੂ ਹੋ ਜਾਂਦਾ ਹੈ। ਅਨੁਰਾਗ ਠਾਕੁਰ ਨੇ ਇਸ ਮੌਕੇ ਹਮੀਰਪੁਰ ਸੰਸਦੀ ਖੇਤਰ 'ਚ ਕਰਵਾਏ ਵਿਕਾਸ ਦਾ ਹਿਸਾਬ ਵੀ ਦਿੱਤਾ। ਅਨੁਰਾਗ ਠਾਕੁਰ ਮੁਤਾਬਕ ਹਮੀਰਪੁਰ 'ਚ ਸੜਕ, ਸਿੱਖਿਆ ਅਤੇ ਸਿਹਤ ਦੇ ਖੇਤਰ 'ਚ ਮੋਦੀ ਰਾਜ ਦੇ 10 ਸਾਲ ਅਤੇ ਉਨ੍ਹਾਂ ਦੇ ਸੰਸਦ ਮੈਂਬਰ ਦੇ 16 ਸਾਲ ਦੇ ਕਾਰਜਕਾਲ 'ਚ ਸ਼ਾਨਦਾਰ ਵਿਕਾਸ ਹੋਇਆ ਹੈ। ਹਮੀਰਪੁਰ 'ਚ ਮੈਡੀਕਲ ਕਾਲਜ, ਬਿਲਾਸਪੁਰ 'ਚ 1700 ਕਰੋੜ ਨਾਲ ਏਮਸ, ਊਨਾ 'ਚ 500 ਕਰੋੜ ਨਾਲ ਮਿੰਨੀ ਪੀ. ਜੀ. ਆਈ. ਬਣ ਰਿਹਾ ਹੈ, ਕੀਰਤਪੁਰ-ਮਨਾਲੀ ਫੋਰ ਲੇਨ, ਪਠਾਨਕੋਟ-ਸ਼ਿਮਲਾ-ਮੰਡੀ ਫੋਨ ਲੇਨ- 900 ਕਰੋੜ ਦਾ ਲਠਿਆਣੀ-ਮੰਦਲੀ ਪੁਲ ਬਣੇਗਾ। ਉਨ੍ਹਾਂ ਕਿਹਾ ਕਿ ਕਦੇ ਸੂਬੇ 'ਚ ਰੇਲ ਟਰੈਕ ਨਹੀਂ ਸੀ। ਜਦੋਂ ਆਇਆ ਤਾਂ ਇਕ-ਅੱਧ ਰੇਲ ਚੱਲਦੀ ਸੀ, ਅੱਜ 'ਵੰਦੇ ਭਾਰਤ' ਸਮੇਤ ਇੰਦੌਰ, ਖਾਟੂ ਸ਼ਿਆਮ, ਅਯੁੱਧਿਆ, ਹਰਿਦੁਆਰ, ਦਿੱਲੀ, ਨਾਂਦੇੜ, ਕੋਲਕਾਤਾ, ਵਰਿੰਦਾਵਨ ਸਭ ਥਾਵਾਂ ਲਈ ਇੱਥੋਂ ਰੇਲ ਚੱਲਦੀ ਹੈ। ਉਧਰ ਕੀਰਤਪੁਰ-ਬਿਲਾਸਪੁਰ ਟਰੈਕ 2025 'ਚ ਤਿਆਰ ਹੋ ਜਾਵੇਗਾ

# ਅਦਾਲਤਾਂ 'ਚ ਵਿਆਹਾਂ ਦੇ ਚੱਲ ਰਹੇ ਕੇਸਾਂ ਬਾਰੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ

ਚੰਡੀਗੜ੍ਹ 7 ਮਈ। ਵਿਆਹੁਤਾ ਝਗੜਿਆਂ 'ਚ ਮੁਕੱਦਮੇਬਾਜੀ ਅਤੇ ਪਰੇਸ਼ਾਨ ਕਰਨ ਦੀ ਭਾਵਨਾ ਨਾਲ ਦਾਇਰ ਮਾਮਲਿਆਂ 'ਚ ਕਾਫੀ ਵਾਧਾ ਹੋਇਆ ਹੈ। ਇਸ ਕਾਰਨ ਅਦਾਲਤਾਂ 'ਚ ਲੰਬਿਤ ਪਏ ਮਾਮਲਿਆਂ ਦੀ ਗਿਣਤੀ ਬਹੁਤ ਵੱਧ ਗਈ ਹੈ। ਇਸ ਦੇ ਮੱਦੇਨਜਰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਵਿਆਹ ਮਾਮਲਿਆਂ 'ਚ ਕੁੱਝ ਵਿਵਸਥਾਵਾਂ ਲਾਗੂ ਕਰਨ ਲਈ ਦਿਸਾ-ਨਿਰਦੇਸ ਜਾਰੀ ਕੀਤੇ ਗਏ ਹਨ। ਇੱਕ ਅਦਾਲਤ ਦੇ ਹੁਕਮ ਨੂੰ ਰੱਦ ਕਰਦੇ ਹੋਏ, ਜਿਸ 'ਚ ਇਕ ਪਤਨੀ ਖ਼ਿਲਾਫ ਸ਼ਿਕਾਇਤ ਦਰਜ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ, ਜਿਸ 'ਤੇ ਝੂਠਾ ਹਲਫਨਾਮਾ ਦਾਇਰ ਕਰ ਕੇ ਝੂਠੀ ਗਵਾਹੀ ਦੇਣ ਦੇ ਦੋਸ ਹਨ। ਇਸ 'ਚ ਕਿਹਾ ਗਿਆ ਕਿ ਉਹ ਬੇਰੁਜ਼ਗਾਰ ਹੈ। ਅਦਾਲਤ ਨੇ ਕਿਹਾ ਕਿ ਇਸ ਅਦਾਲਤ ਨੇ ਹਾਲ ਹੀ 'ਚ ਵਿਆਹ ਮਾਮਲਿਆਂ 'ਚ ਝੂਠੀ ਗਵਾਹੀ ਦੀ ਕਾਰਵਾਈ ਸੂਰੂ ਕਰਨ 'ਚ ਵਾਧਾ ਦੇਖਿਆ ਹੈ। ਜਸਟਿਸ ਹਰਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਨਿਆਂ ਪ੍ਰਦਾਨ ਕਰਨ ਵਾਲੀ ਪ੍ਰਣਾਲੀ ਉਦੋਂ ਹੀ ਸਫਲ ਮੰਨੀ ਜਾ ਸਕਦੀ ਹੈ, ਜਦੋਂ ਇਹ ਤੇਜ, ਪਹੁੰਚਯੋਗ ਤੇ ਕਿਫਾਇਤੀ ਹੋਵੇ। ਹਾਲਾਂਕਿ, ਮੁਕੱਦਮੇਬਾਜੀ ਤੇ ਵਿਵਾਹਿਕ ਭਾਵਨਾਵਾਂ ਤੋਂ ਪ੍ਰੇਰਿਤ ਵਿਆਹੁਤਾ ਝਗੜਿਆਂ 'ਚ ਹਾਲ ਹੀ 'ਚ ਹੋਏ ਵਾਧੇ ਨੇ ਅਦਾਲਤਾਂ 'ਚ ਲੰਬਿਤ ਕੇਸਾਂ ਦੀ ਗਿਣਤੀ 'ਚ ਵਾਧਾ ਕੀਤਾ ਹੈ। ਅਦਾਲਤ ਨੇ ਕਿਹਾ ਕਿ ਸਿਰਫ ਦੂਜੀ ਧਿਰ ਨੂੰ ਪਰੇਸ਼ਾਨ ਕਰਨ ਜਾਂ ਉਨ੍ਹਾਂ ਨਾਲ ਹਿਸਾਬ ਪੂਰਾ ਕਰਨ ਲਈ ਸੂਰੂ ਕੀਤੇ ਮੁਕੱਦਮੇ ਦੀ ਅਸਲੀਅਤ ਸਾਹਮਣੇ ਲਿਆਉਣੀ ਜਰੂਰੀ ਹੈ। ਨਿਆਂਇਕ ਪ੍ਰਕਿਰਿਆ ਇੰਨੀ ਪਵਿੱਤਰ ਹੈ ਕਿ ਬਦਲਾਖੋਰੀ ਦੀਆਂ ਭਾਵਨਾਵਾਂ ਨੂੰ ਸੰਤੁਸਟ ਕਰਨ ਅਤੇ ਨਿੱਜੀ ਬਦਲਾਖੋਰੀ ਨੂੰ ਅੱਗੇ ਵਧਾਉਣ ਲਈ ਇਸ ਦੀ ਦੁਰਵਰਤੋਂ ਨਹੀਂ ਕੀਤੀ ਜਾ ਸਕਦੀ। ਜਸਟਿਸ ਬਰਾੜ ਨੇ ਕਿਹਾ ਕਿ ਇਹ ਇੱਕ ਆਮ ਕਾਨੂੰਨ ਹੈ ਕਿ ਅਦਾਲਤਾਂ ਨੂੰ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਦੀਆਂ ਨਿੱਜੀ ਰੰਜਿਸਾਂ ਨੂੰ ਸੰਤੁਸਟ ਕਰਨ ਦਾ ਸਾਧਨ ਨਹੀਂ ਬਣਨਾ ਚਾਹੀਦਾ। ਅਢੁੱਕਵੇਂ ਆਧਾਰਾਂ 'ਤੇ ਬੇਲੋੜੇ ਮੁਕੱਦਮੇ ਸੂਰੂ ਕਰਨ ਨਾਲ ਨਾ ਸਿਰਫ ਅਦਾਲਤਾਂ ਦਾ ਨਿਆਂਇਕ ਸਮਾਂ ਬਰਬਾਦ ਹੋਵੇਗਾ, ਸਗੋਂ ਜਨਤਾ ਦੇ ਪੈਸੇ ਦੀ ਵੀ ਬਰਬਾਦੀ ਹੋਵੇਗੀ। ਇਸ ਲਈ ਝੂਠੀ ਗਵਾਹੀ ਲਈ ਮੁਕੱਦਮਾ ਉਦੋਂ ਹੀ ਸੂਰੂ ਕੀਤਾ ਜਾਣਾ ਚਾਹੀਦਾ ਹੈ, ਜਦੋਂ ਪਹਿਲੀ ਨਜਰੇ ਇਹ ਸਥਾਪਿਤ ਕੀਤਾ ਜਾਂਦਾ ਹੈ ਕਿ ਅਪਰਾਧੀ ਨੂੰ ਸਜਾ ਦੇਣਾ ਨਿਆਂ ਦੇ ਹਿੱਤ 'ਚ ਹੈ। ਅਦਾਲਤ ਨੇ ਵਿਆਹ ਸਬੰਧੀ ਕੇਸਾਂ ਵਿਚ



ਵਿਵਸਥਾ ਨੂੰ ਲਾਗੂ ਕਰਨ ਲਈ ਮਾਰਗਦਰਸਕ ਸਿਧਾਂਤ ਨਿਰਧਾਰਤ ਕੀਤੇ ਹਨ, ਜਿਵੇਂ ਕਿ ਸਿਰਫ ਗਲਤ ਬਿਆਨ ਮੁਕੱਦਮਾ ਚਲਾਉਣ ਲਈ ਨਾਕਾਫੀ ਹੋਣਗੇ, ਅਦਾਲਤ ਨੂੰ ਸਿਰਫ ਉਨ੍ਹਾਂ ਮਾਮਲਿਆਂ 'ਚ ਹੀ ਝੂਠੀ ਗਵਾਹੀ ਲਈ ਮੁਕੱਦਮਾ ਚਲਾਉਣ ਦੀ ਇਜਾਜਤ ਦੇਣੀ ਚਾਹੀਦੀ ਹੈ, ਜਿੱਥੇ ਇਹ ਜਾਪਦਾ ਹੈ ਕਿ ਦੋਸੀ ਠਹਿਰਾਉਣ ਦੀ ਸੰਭਾਵਨਾ ਹੈ। ਝੂਠੀ ਗਵਾਹੀ ਲਈ ਕਾਰਵਾਈ ਯੰਤਰਿਕ ਤੌਰ 'ਤੇ ਵੱਖ ਹੋਏ ਪਤੀ-ਪਤਨੀ ਦੀ ਇੱਛਾ 'ਤੇ ਸੂਰੂ ਨਹੀਂ ਕੀਤੀ ਜਾ ਸਕਦੀ ਤੇ ਉੱਚਿਤ ਦੇਖਭਾਲ ਤੇ ਚੌਕਸੀ ਵਰਤਣ 'ਚ ਅਸਫਲ ਰਹਿਣ ਲਈ ਅਪਰਾਧੀ ਨੂੰ ਜੁਰਮਾਨਾ ਲਗਾ ਕੇ ਸਜਾ ਦਿੱਤੀ ਜਾ ਸਕਦੀ ਹੈ। ਅਦਾਲਤ ਇੱਕ ਔਰਤ ਦੀ ਮੁੜ ਵਿਚਾਰ ਪਟੀਸਨ ਦੀ ਸੁਣਵਾਈ ਕਰ ਰਹੀ ਸੀ, ਜਿਸ ਨੇ ਪਰਿਵਾਰਕ ਅਦਾਲਤ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸ 'ਚ ਉਸ ਦੇ ਪਤੀ ਦੀ ਪਟੀਸਨ ਦੇ ਜਵਾਬ 'ਚ ਝੂਠੀ ਗਵਾਹੀ ਦੇਣ ਦੇ ਅਪਰਾਧ ਲਈ ਉਸ ਖ਼ਿਲਾਫ ਸ਼ਿਕਾਇਤ ਦਰਜ ਕਰਨ ਦਾ ਨਿਰਦੇਸ ਨਿਰਦੇਸ਼ ਦਿੱਤਾ ਗਿਆ ਸੀ। ਉਸ ਨੇ ਦੋਸ ਲਾਇਆ ਕਿ ਗੁਜਾਰੇ ਲਈ ਇਕ ਕਾਰਵਾਈ 'ਚ ਉਸ ਦੀ ਪਤਨੀ ਨੇ ਕਥਿਤ ਤੌਰ 'ਤੇ ਬੈਂਕ 'ਚ ਕੰਮ ਕਰਨ ਦੇ ਬਾਵਜੂਦ ਬੇਰੁਜਗਾਰੀ ਦਾ ਦਾਅਵਾ ਕਰਨ ਵਾਲਾ ਝੂਠਾ ਹਲਫਨਾਮਾ ਦਾਇਰ ਕੀਤਾ ਸੀ। ਪਟੀਸਨ ਦਾ ਨਿਪਟਾਰਾ ਕਰਦੇ ਹੋਏ ਹਾਈਕੋਰਟ ਨੇ ਇਸ ਹੁਕਮ ਦੀ ਕਾਪੀ ਪੰਜਾਬ ਤੇ ਹਰਿਆਣਾ ਰਾਜਾਂ ਦੇ ਨਾਲ-ਨਾਲ ਕੇਂਦਰ ਸਾਸਿਤ ਪ੍ਰਦੇਸ ਚੰਡੀਗੜ੍ਹ ਦੇ ਅਧਿਕਾਰ ਖੇਤਰ ਵਾਲੀਆਂ ਸਾਰੀਆਂ ਪਰਿਵਾਰਕ ਅਦਾਲਤਾਂ ਨੂੰ ਜਾਣਕਾਰੀ ਤੇ ਪਾਲਣਾ ਲਈ ਭੇਜਣ ਦਾ ਹੁਕਮ ਵੀ ਦਿੱਤਾ।

## ਕਲਿਆਣ ਜਿਊਲਰਜ ਦੇ ਨਾਂ 'ਤੇ ਦੁਕਾਨਦਾਰ ਨਾਲ ਮਾਰੀ 25 ਲੱਖ ਦੀ ਠੱਗੀ

ਬਠਿੰਡਾ 7 ਮਈ। ਕਲਿਆਣ ਜਿਊਲਰਜ ਦੀ ਫਰੈਂਚਾਈਜੀ ਦੇਣ ਦੇ ਨਾਂ 'ਤੇ ਦੁਕਾਨਦਾਰ ਨਾਲ 2 ਲੋਕਾਂ ਵਲੋਂ 25 ਲੱਖ ਦੀ ਠੱਗੀ ਮਾਰਨ ਦੀ ਸੂਚਨਾ ਮਿਲੀ ਹੈ। ਇਸ ਮਾਮਲੇ ਦੇ ਸਬੰਧ ਵਿਚ ਦੋ ਲੋਕਾਂ ਖ਼ਿਲਾਫ ਕੋਤਵਾਲੀ ਪੁਲਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਰਾਕੇਸ਼ ਇੰਸਾਂ ਵਾਸੀ ਮਿਨੋਚਾ ਕਾਲੋਨੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਮੁਲਜਮ ਸੌਰਵ ਕੁਮਾਰ ਵਾਸੀ ਗੁਲਜਾਰਬਾਗ ਪਟਨਾ ਬਿਹਾਰ ਅਤੇ ਸੰਦੀਪ ਕੁਮਾਰ ਵਾਸੀ ਸਹਿਬਾਜਗੰਜ ਝਾਰਖੰਡ ਵੱਲੋਂ ਕਲਿਆਣ ਜਿਊਲਰਜ ਦੀ ਫਰੈਂਚਾਈਜੀ ਦਿਵਾਉਣ ਦਾ ਝਾਂਸਾ ਦੇ ਕੇ ਆਪਣੀਆਂ ਗੱਲਾਂ ਵਿਚ ਫਸਾ ਲਿਆ। ਦੂਜੇ ਪਾਸੇ ਮੁਲਜਮਾਂ ਦੀਆਂ ਗੱਲਾਂ 'ਚ ਆ ਕੇ ਸ਼ਿਕਾਇਤਕਰਤਾ ਨੇ ਉਕਤ ਮੁਲਜਮਾਂ ਨੂੰ 25 ਲੱਖ ਰੁਪਏ ਦੇ ਦਿੱਤੇ। ਇਸ ਤੋਂ ਬਾਅਦ ਜਦੋਂ ਉਸ ਨੂੰ ਫਰੈਂਚਾਈਜੀ ਨਾ ਮਿਲੀ ਤਾਂ ਉਸ ਵੱਲੋਂ ਮੁਲਜਮਾਂ ਨੂੰ ਪੁੱਛਿਆ ਗਿਆ ਪਰ ਉਨ੍ਹਾਂ ਵੱਲੋਂ ਤਸੱਲੀਬਖਸ਼ ਜੁਆਬ ਨਹੀਂ ਦਿੱਤਾ। ਕੁਝ ਸਮਾਂ ਬਾਅਦ ਮੁਲਜਮਾਂ ਨੇ ਉਸ ਨਾਲ ਗੱਲਬਾਤ ਕਰਨੀ ਵੀ ਬੰਦ ਕਰ ਦਿੱਤੀ, ਜਿਸ ਤੋਂ ਉਸ ਨੂੰ ਠੱਗੀ ਦਾ ਪਤਾ ਲੱਗਿਆ। ਪੁਲਸ ਵੱਲੋਂ ਸ਼ਿਕਾਇਤ ਦੇ ਆਧਾਰ 'ਤੇ ਉਕਤ ਮੁਲਜਮਾਂ ਖ਼ਿਲਾਫ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ।

## ਵਰਕਰ 'ਤੇ ਹੇਰਾਫੇਰੀ ਦਾ ਦੋਸ਼ ਲਗਾ 10 ਲੱਖ ਦਾ ਲੋਨ ਲੈ ਕੇ ਦੇਣ ਦਾ ਪਾਇਆ ਦਬਾਅ

ਲੁਧਿਆਣਾ 7 ਮਈ। ਵਰਕਰ 'ਤੇ ਹੇਰਾਫੇਰੀ ਕਰਨ ਦਾ ਦੋਸ਼ ਲਾ ਕੇ 10 ਲੱਖ ਰੁਪਏ ਦਾ ਬੈਂਕ ਲੋਨ ਆਪਣੇ ਨਾਮ 'ਤੇ ਲੈ ਕੇ ਦੇਣ ਦਾ ਦਬਾਅ ਪਾਉਣ ਲਈ ਬੰਦੀ ਬਣਾ ਕੇ ਕੁੱਟਮਾਰ ਕਰਨ ਦੇ ਦੋਸ਼ 'ਚ ਥਾਣਾ ਹੈਬੋਵਾਲ ਦੀ ਪੁਲਸ ਨੇ ਮੁਕੱਦਮਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਇਸ਼ੂ ਨਿਵਾਸੀ ਅਜੀਤ ਨਗਰ, ਹੈਬੋਵਾਲ ਕਲਾਂ, ਸੌਰਵ ਸਿੰਘ, ਇਸ਼ਵਿੰਦਰ ਸਿੰਘ, ਮਨਦੀਪ ਕੁਮਾਰ ਅਤੇ 3 ਅਣਪਛਾਤਿਆਂ ਵਜੋਂ ਹੋਈ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਮਯੰਕ ਅਰੋੜਾ ਨਿਵਾਸੀ ਅਜੀਤ




ਨਗਰ, ਹੈਬੋਵਾਲ ਕਲਾਂ ਨੇ ਦੱਸਿਆ ਕਿ ਉਹ ਮੁਲਜ਼ਮ ਮਨਦੀਪ ਦੇ ਕੋਲ ਲੱਕੜ ਦਾ ਕੰਮ ਕਰਦਾ ਸੀ। ਬੀਤੀ 19 ਅਪ੍ਰੈਲ ਨੂੰ ਉਕਤ ਮੁਲਜ਼ਮਾਂ ਨੇ ਇਆਲੀ ਖੁਰਦ, ਹੰਬੜਾਂ ਰੋਡ ਦੁਕਾਨ 'ਤੇ ਬੁਲਾ ਕੇ ਅੰਦਰ ਬੰਦ ਕਰ ਕੇ ਕੁੱਟਮਾਰ ਕੀਤੀ ਅਤੇ ਗੈਰ-ਕਾਨੂੰਨੀ ਢੰਗ ਨਾਲ ਬੰਦੀ ਬਣਾ ਕੇ ਰੱਖਿਆ। ਵਜ੍ਹਾ ਰੰਜਿਸ਼ ਇਹ ਹੈ ਕਿ ਮਨਦੀਪ ਵੱਲੋਂ ਉਸ 'ਤੇ ਕੰਮ ਵਿਚ ਹੇਰਾਫੇਰੀ ਕਰਨ ਦਾ ਦੋਸ਼ ਲਾਇਆ ਜਾ ਰਿਹਾ ਹੈ ਅਤੇ ਆਪਣੇ ਨਾਂ 'ਤੇ 10 ਲੱਖ ਰੁਪਏ ਦਾ ਲੋਨ ਲੈ ਕੇ ਦੇਣ ਦਾ ਦਬਾਅ ਬਣਾ ਰਿਹਾ ਸੀ।

## ਗੱਡੀ 'ਚ ਗੱਡੀ ਮਾਰ ਕੇ ਕੀਤੀ ਮਾਰਕੁੱਟ

ਜ਼ੀਰਾ 7 ਮਈ। ਦੋ ਗੱਡੀਆਂ ਵਿਚ ਸਵਾਰ ਹੋ ਕੇ ਆਏ 8 ਵਿਅਕਤੀਆਂ ਵੱਲੋਂ ਗੱਡੀ ਵਿੱਚ ਗੱਡੀ ਮਾਰ ਕੇ ਹਾਦਸਾ ਕਰਨ ਅਤੇ ਫਿਰ ਕਥਿਤ ਰੂਪ ਵਿਚ ਮਾਰਕੁੱਟ ਕਰਦੇ ਆਪਣੇ ਨਾਜਾਇਜ ਪਿਸਤੌਲਾਂ ਨਾਲ ਫਾਇਰ ਕਰਨ ਦੇ ਦੋਸ਼ ਹੇਠ ਥਾਣਾ ਸਿਟੀ ਜ਼ੀਰਾ ਦੀ ਪੁਲਸ ਨੇ ਦੋਸ਼ੀਆਂ ਖ਼ਿਲਾਫ ਆਈਪੀਸੀ ਅਤੇ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਸਿਵਲ ਹਸਪਤਾਲ ਜ਼ੀਰਾ ਵਿਚ ਦਾਖਲ ਮੁਦੱਈ ਸੇਵਾ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਟਿੱਬਾ ਬਸਤੀ ਜ਼ੀਰਾ ਨੇ ਦੋਸ਼ ਲਗਾਉਂਦੇ ਦੱਸਿਆ ਕਿ ਉਹ ਆਪਣੀ ਇਨੋਵਾ ਗੱਡੀ 'ਤੇ ਆਪਣੇ ਦੋਸਤਾਂ ਨਾਲ ਪੀਰ ਨਿਗਾਹੇ ਮੱਥਾ ਟੇਕਣ ਜਾ ਰਿਹਾ ਸੀ। ਇਸ ਦੌਰਾਨ ਮੱਲੋ ਕੇ ਰੋਡ ਜ਼ੀਰਾ ਸਥਿਤ ਬਲੂ ਡਾਰਟ ਨੇੜੇ ਇਨੋਵਾ ਗੱਡੀ ਅਤੇ ਸਵਿਫਟ ਕਾਰ ਵਿਚ ਸਵਾਰ ਹੋ ਕੇ ਆਏ ਦੋਸ਼ੀ ਨੰਨੂ, ਗੋਪੀ, ਜੈਮਲ, ਗੁਰਵਿੰਦਰ ਸਿੰਘ, ਵਿਸ਼ਾਲ, ਰਣਜੀਤ ਸਿੰਘ, ਅਰਸ਼ ਅਤੇ ਜੱਸਾ ਨੇ ਮੁਦੱਈ ਦੀ ਗੱਡੀ ਵਿੱਚ ਗੱਡੀ ਮਾਰੀ ਤੇ ਮੁਦੱਈ ਨੂੰ ਮਾਰਕੁੱਟ ਕਰਦੇ ਹੋਏ ਨਾਜਾਇਜ ਪਿਸਤੋਲਾਂ ਨਾਲ ਫਾਇਰ ਕੀਤੇ। ਪੁਲਸ ਵੱਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

## ਹਾਦਸੇ ਨੇ ਉਜਾੜੀਆਂ ਹੱਸਦੇ-ਖੇਡਦੇ ਪਰਿਵਾਰ ਦੀਆਂ ਖੁਸ਼ੀਆਂ, 7 ਮਹੀਨੇ ਦੀ ਬੱਚੀ ਦੀ ਹੋਈ ਦਰਦਨਾਕ ਮੌਤ

ਬਨੂੜ/ਨਵਾਂਸ਼ਹਿਰ 7 ਮਈ। ਬਨੂੜ ਤੋਂ ਤੇਪਲਾਂ ਨੂੰ ਜਾਂਦੇ ਕੌਮੀ ਮਾਰਗ 'ਤੇ ਸਥਿਤ ਧਰਮਗੜ੍ਹ ਟੀ-ਪੁਆਇੰਟ 'ਤੇ ਇਕ ਮੋਟਰਸਾਈਕਲ ਦੇ ਕੰਟੇਨਰ ਨਾਲ ਟਕਰਾ ਜਾਣ ਕਾਰਨ ਵੱਡਾ ਹਾਦਸਾ ਵਾਪਰ ਗਿਆ। ਇਸ ਹਾਦਸੇ 'ਚ ਇਕ 7 ਮਹੀਨੇ ਦੀ ਬੱਚੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਏ. ਐੱਸ. ਆਈ. ਮਹਿੰਦਰ ਸਿੰਘ ਧੋਨੀ ਨੇ ਦੱਸਿਆ ਕਿ ਜ਼ਿਲ੍ਹਾ ਨਵਾਂਸ਼ਹਿਰ ਅਤੇ ਥਾਣਾ ਰਾਹੋਂ ਅਧੀਨ ਪੈਂਦੇ ਪਿੰਡ ਭਾਲਟਾਂ ਦਾ ਵਸਨੀਕ ਮੁਰੀਦ ਅਲੀ (28) ਪੁੱਤਰ



ਰੋਸ਼ਨਦੀਨ ਆਪਣੀ ਪਤਨੀ ਜੈਨਿਮ, ਪੁੱਤਰੀ ਰਾਣੀ (3) ਅਤੇ 7 ਮਹੀਨੇ ਦੀ ਬੱਚੀ ਰਾਫੀਆ ਨਾਲ ਮੋਟਰਸਾਈਕਲ 'ਤੇ ਆਪਣੇ ਸਹੁਰੇ ਪਿੰਡ ਲਾਲੜੂ ਮੰਡੀ ਤੋਂ ਬਨੂੜ ਆ ਰਿਹਾ ਸੀ। ਜਦੋਂ ਉਹ ਮੋਟਰਸਾਈਕਲ ਸਵਾਰ ਬਨੂੜ ਤੋਂ ਤੇਪਲਾਂ ਨੂੰ ਜਾਂਦੇ ਕੌਮੀ ਮਾਰਗ ਸਥਿਤ ਧਰਮਗੜ੍ਹ ਟੀ-ਪੁਆਇੰਟ 'ਤੇ ਪਹੁੰਚਿਆ ਤਾਂ ਅਚਾਨਕ ਮੋਟਰਸਾਈਕਲ ਅੱਗੇ ਜਾ ਰਹੇ ਕੰਟੇਨਰ ਦੇ ਪਿੱਛੇ ਲੱਗੇ ਹੋਏ ਲੋਹੇ ਦੇ ਡੰਡੇ ਨਾਲ ਟਕਰਾ ਕੇ ਡਿੱਗ ਗਿਆ। ਹਾਦਸੇ 'ਚ 7 ਮਹੀਨੇ ਦੀ ਬੱਚੀ ਰਾਫੀਆ ਗੰਭੀਰ ਰੂਪ 'ਚ ਜਖਮੀ ਹੋ ਗਈ ਅਤੇ ਬਾਕੀ ਪਰਿਵਾਰ ਦਾ ਵਾਲ-ਵਾਲ ਬਚਾਅ ਹੋ ਗਿਆ। ਗੰਭੀਰ ਜਖਮੀ ਰਾਫੀਆ ਨੂੰ ਇਲਾਜ ਲਈ ਡੇਰਾਬੱਸੀ ਦੇ ਸਿਵਲ ਹਸਪਤਾਲ 'ਚ ਲੈ ਕੇ ਗਏ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਮਾਮਲੇ ਦੀ ਜਾਂਚ ਕਰਕੇ ਕਾਰਵਾਈ ਕੀਤੀ ਜਾਵੇਗੀ।

## 17 ਦਿਨਾਂ ਤਕ ਨਾਬਾਲਿਗਾ ਨਾਲ ਸਮੂਹਿਕ ਜਬਰ-ਜ਼ਿਨਾਹ ਕਰਨ ਵਾਲੇ ਪੁਲਸ ਨੇ ਕੀਤੇ ਕਾਬੂ, ਨੌਕਰੀ ਦੇਣ ਦਾ ਦਿੰਦੇ ਰਹੇ ਝਾਂਸਾ

ਲੁਧਿਆਣਾ 7 ਮਈ। ਸਿਵਲ ਸਿਟੀ ਦੀ ਰਹਿਣ ਵਾਲੀ 16 ਸਾਲਾ ਨਾਬਾਲਿਗਾ ਨੂੰ ਸਹਾਇਤਾ ਦਾ ਝਾਂਸਾ ਦੇ ਕੇ ਅਗਵਾ ਕਰਕੇ ਜਬਰ-ਜ਼ਿਨਾਹ ਕਰਨ ਦੇ ਦੋਸ਼ 'ਚ 3 ਮੁਲਜ਼ਮਾਂ ਨੂੰ ਕਾਬੂ ਕਰ ਲਿਆ ਗਿਆ ਹੈ। ਮੁਲਜ਼ਮ 17 ਦਿਨਾਂ ਤੱਕ ਨਾਬਾਲਿਗਾ ਨੂੰ ਬੰਦੀ ਬਣਾ ਕੇ ਉਸ ਨਾਲ ਜਬਰ-ਜ਼ਿਨਾਹ ਕਰਦੇ ਰਹੇ। ਆਖਿਰ ਕਿਸੇ ਤਰ੍ਹਾਂ ਨਾਲ ਮੁਲਜ਼ਮਾਂ ਦੇ ਚੁੰਗਲ 'ਚੋਂ ਨਿਕਲ ਕੇ ਨਾਬਾਲਿਗਾ ਵਾਪਸ ਘਰ ਪੁੱਜੀ ਤੇ ਆਪਣੀ ਮਾਂ ਨੂੰ ਸਾਰੀ ਜਾਣਕਾਰੀ ਦਿੱਤੀ। ਪੁਲਸ ਨੇ ਮੁਲਜ਼ਮਾਂ ਨੂੰ ਉਸ ਸਮੇਂ ਕਾਬੂ ਕੀਤਾ, ਜਦੋਂ ਮੁਲਜ਼ਮ ਸ਼ਹਿਰ ਛੱਡ ਕੇ ਭੱਜਣ ਦੀ ਫਿਰਾਕ 'ਚ ਸਨ। ਪੁਲਸ ਨੇ ਮੁਲਜ਼ਮਾਂ ਦੀ ਪਛਾਣ ਮੁੱਲਾਂਪੁਰ ਦੇ ਰਹਿਦ ਵਾਲੇ ਸੁਖਵੀਰ ਸਿੰਘ ਉਰਫ ਸੁੱਖੀ, ਫਿਲੌਰ ਦੇ ਰਹਿਣ ਵਾਲੇ ਸੋਹਨ ਉਰਫ ਸੋਨੂੰ ਤੇ ਢੰਡਾਰੀ ਕਲਾਂ ਦੇ ਰਹਿਣ ਵਾਲੇ ਦੀਪਕ ਕੁਮਾਰ ਦੇ ਰੂਪ 'ਚ ਕੀਤੀ ਹੈ। ਮੁਲਜ਼ਮਾਂ ਖ਼ਿਲਾਫ ਨਾਬਾਲਿਗਾ ਦੀ ਮਾਤਾ ਦੇ ਬਿਆਨ 'ਤੇ ਮਾਮਲਾ ਦਰਜ ਕੀਤਾ ਗਿਆ ਸੀ। ਪੁਲਸ ਨੂੰ ਦਿੱਤੇ ਬਿਆਨ 'ਚ ਨਾਬਾਲਿਗਾ ਦੀ ਮਾਤਾ ਨੇ ਦੱਸਿਆ ਕਿ ਉਸ ਦੀ 16 ਸਾਲਾ ਧੀ 8 ਅਪ੍ਰੈਲ ਨੂੰ ਘਰੋਂ ਨਾਰਾਜ਼ ਹੋ ਕੇ ਚਲੀ ਗਈ ਸੀ, ਜਿਸ ਨੂੰ ਲੈ ਕੇ ਕਾਫੀ ਭਾਲ ਕੀਤੀ ਗਈ ਸੀ ਤੇ ਪੁਲਸ ਨੂੰ ਵੀ ਸੂਚਿਤ ਕੀਤਾ ਗਿਆ ਸੀ। 20 ਅਪ੍ਰੈਲ ਨੂੰ ਉਨ੍ਹਾਂ ਦੀ ਧੀ ਜਦੋਂ ਘਰ ਵਾਪਸ ਆਈ ਤਾਂ ਉਸ ਦੀ ਹਾਲਤ ਕਾਫੀ ਖਰਾਬ ਸੀ। ਉਸ ਦੀ ਧੀ ਨੇ ਦੱਸਿਆ ਕਿ ਉਹ ਘਰੋਂ ਗੁੱਸੇ ਹੋ ਕੇ ਢੰਡਾਰੀ ਰੇਲਵੇ ਸਟੇਸ਼ਨ 'ਤੇ ਪੁੱਜ ਗਈ ਤੇ ਘਰ ਵਾਪਸ ਜਾਣ ਲਈ ਟਰੇਨ ਦਾ ਇੰਤਜਾਰ ਕਰ ਰਹੀ ਸੀ। ਇੰਨੀ ਦੇਰ 'ਚ ਹੀ ਉਕਤ ਮੁਲਜ਼ਮ ਸੁਖਵੀਰ ਉਸ ਦੇ ਕੋਲ ਆਇਆ ਤੇ ਰੋਂਦੇ ਹੋਏ ਦੇਖ ਕੇ ਉਸ ਦੀ ਸਹਾਇਤਾ ਕਰਨ ਦਾ ਭਰੋਸਾ ਦਿੱਤਾ। ਮੁਲਜ਼ਮ ਉਸ ਨੂੰ ਆਪਣੇ ਕਮਰੇ 'ਚ ਲੈ ਗਿਆ ਤੇ ਉਥੇ ਜਾ ਕੇ ਉਸ ਨੇ ਆਪਣੇ



ਹੋਰ 2 ਦੋਸਤਾਂ ਨੂੰ ਵੀ ਬੁਲਾ ਲਿਆ, ਜਿਨ੍ਹਾਂ ਨੇ ਜਬਰਦਸਤੀ ਉਸ ਦੇ ਨਾਲ ਜਬਰ-ਜ਼ਿਨਾਹ ਕੀਤਾ। ਭਾਵੇਂ ਉਸ ਨੇ ਬਚਾਅ ਲਈ ਰੌਲਾ ਪਾਇਆ ਪਰ ਮੁਲਜ਼ਮ ਉਸ ਨੂੰ ਧਮਕਾਉਂਦੇ ਰਹੇ। ਆਖਿਰ ਮੁਲਜ਼ਮਾਂ ਨੇ ਉਸ ਨੂੰ ਕਈ ਦਿਨਾਂ ਤੱਕ ਬੰਦੀ ਬਣਾ ਕੇ ਰੱਖਿਆ। ਮੁਲਜ਼ਮ ਆਏ ਦਿਨ ਉਸ ਨੂੰ ਨੌਕਰੀ 'ਤੇ ਲਗਵਾਉਣ ਦਾ ਝਾਂਸਾ ਦੇ ਦਿੰਦੇ ਰਹੇ। ਜਾਂਚ ਅਫਸਰ ਚੌਕੀ ਇੰਚਾਰਜ ਸੁਖਵਿੰਦਰ ਨੇ ਦੱਸਿਆ ਕਿ ਏ. ਐੱਸ. ਆਈ. ਜਿੰਦਰ ਲਾਲ ਸਿੱਧੂ ਦੀ ਟੀਮ ਮੁਲਜ਼ਮਾਂ ਦੀ ਭਾਲ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਦੋਸ਼ੀਆਂ ਦੇ ਭੱਜਣ ਦੀ ਸੂਚਨਾ ਮਿਲੀ, ਜਿਨ੍ਹਾਂ ਨੂੰ ਰੇਡ ਕਰਕੇ ਕਾਬੂ ਕਰ ਲਿਆ ਗਿਆ। ਮੁਲਜ਼ਮਾਂ ਨੂੰ ਕੋਰਟ 'ਚ ਪੇਸ਼ ਕਰਕੇ 2 ਦਿਨਾਂ ਦੇ ਪੁਲਸ ਰਿਮਾਂਡ 'ਤੇ ਲਿਆ ਗਿਆ ਹੈ। ਪੀੜਤਾ ਦਾ ਮੈਡੀਕਲ ਕਰਵਾ ਕੇ ਮਾਣਯੋਗ ਕੋਰਟ 'ਚ ਬਿਆਨ ਦਰਜ ਕਰਵਾਏ ਗਏ। ਜਾਂਚ 'ਚ ਪਤਾ ਲੱਗਾ ਕਿ ਮੁਲਜ਼ਮ ਢੰਡਾਰੀ ਕਲਾਂ ਰੇਲਵੇ ਸਟੇਸ਼ਨ 'ਤੇ ਪਾਣੀ ਵੇਚਣ ਦਾ ਧੰਦਾ ਕਰਦੇ ਹਨ। ਮੁਲਜ਼ਮਾਂ ਨੇ ਜਦੋਂ ਪੀੜਤਾ ਨੂੰ ਰੇਲਵੇ ਸਟੇਸ਼ਨ 'ਤੇ ਰੋਂਦੇ ਦੇਖਿਆ ਤਾਂ ਸਹਾਇਤਾ ਦਾ ਝਾਂਸਾ ਦੇ ਕੇ ਆਪਣੇ ਚੁੰਗਲ 'ਚ ਫਸਾ ਲਿਆ ਤੇ ਵਾਰਦਾਤ ਨੂੰ ਅੰਜਾਮ ਦਿੱਤਾ। ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਟ੍ਰੈਫਿਕ ਐਡਵਾਈਜਰੀ ਜਾਰੀ, ਘਰੋਂ ਨਿਕਲਣ ਤੋਂ ਪਹਿਲਾਂ ਦਿਓ ਧਿਆਨ

ਚੰਡੀਗੜ੍ਹ 7 ਮਈ। ਚੰਡੀਗੜ੍ਹ ਨਗਰ ਨਿਗਮ ਵੱਲੋਂ ਪਾਈਪ ਲਾਈਨ ਦੇ ਕੰਮ ਨੂੰ ਜੋੜਨ ਦਾ ਕੰਮ ਕੀਤਾ ਜਾ ਰਿਹਾ ਹੈ। ਪਾਈਪ ਲਾਈਨ ਸੈਕਟਰ-39, ਚੰਡੀਗੜ੍ਹ ਤੋਂ ਐੱਮ. ਈ. ਐੱਸ. ਚੰਡੀਮੰਦਰ ਤੱਕ ਸੈਂਟਰਲ ਮਾਲ ਲਾਈਟ ਪੁਆਇੰਟ ਰੋਡ 'ਤੇ ਕਾਲੋਨੀ ਪੂਰਵ ਮਾਰਗ, 4 ਲਾਈਟ ਪੁਆਇੰਟ ਇੰਡਸਟਰੀਅਲ ਏਰੀਆ ਫੇਜ-1 ਤੇ ਪਾਈਪਾਂ ਪਾਉਣ ਦੇ ਕੰਮ ਕਾਰਨ ਪੂਰਵ ਮਾਰਗ 'ਤੇ ਸੈਂਟਰਲ ਮਾਲ ਤੋਂ ਸੈਂਟਰਲ ਮਾਲ ਲਾਈਟ ਪੁਆਇੰਟ ਨੂੰ ਜਾਣ ਵਾਲੀਆਂ ਸੜਕਾਂ 7 ਮਈ ਮਤਲਬ ਕਿ ਅੱਜ ਬੰਦ ਰਹਿਣਗੀਆਂ। ਇਹ ਸੜਕਾਂ ਸਵੇਰੇ 10 ਵਜੇ ਤੋਂ ਰਾਤ 10 ਵਜੇ ਤੱਕ ਬੰਦ ਰਹਿਣਗੀਆਂ। ਲੋਕਾਂ ਨੂੰ ਖੱਜਲ-ਖੁਆਰੀ ਤੋਂ ਬਚਾਉਣ ਦੇ ਮਕਸਦ ਨਾਲ ਚੰਡੀਗੜ੍ਹ ਨਗਰ ਨਿਗਮ ਨੇ ਆਮ ਜਨਤਾ ਨੂੰ ਅਪੀਲ ਕਰਦਿਆਂ 7 ਮਈ ਨੂੰ ਇਸ ਰਸਤੇ ਤੋਂ ਆਉਣ ਅਤੇ ਜਾਣ ਲਈ ਕੋਈ ਹੋਰ ਬਦਲਵਾਂ ਰਸਤਾ ਅਪਣਾਉਣ ਦੀ ਅਪੀਲ ਕੀਤੀ ਹੈ।

## ਲੱਖਾਂ ਦੀ ਲਾਗਤ ਨਾਲ ਖਰੀਦੀਆਂ ਵਾਟਰ ਏ. ਟੀ. ਐੱਮ. ਮਸੀਨਾਂ ਤੇ ਈ-ਟਾਇਲਟਾਂ ਬੰਦ ਹਾਲਤ 'ਚ ਸੜਕਾਂ 'ਤੇ ਚੱਟ ਰਹੀਆਂ ਧੂੜ

ਜਲੰਧਰ ਛਾਉਣੀ 7 ਮਈ। ਕੈਂਟ ਬੋਰਡ ਵੱਲੋਂ ਲੱਖਾਂ ਦੀ ਲਾਗਤ ਨਾਲ ਖਰੀਦੀਆਂ ਗਈਆਂ ਏ. ਟੀ. ਐੱਮ. ਵਾਟਰ ਮਸੀਨਾਂ ਅਤੇ ਈ-ਟਾਇਲਟ ਮਸੀਨਾਂ ਕੈਂਟ ਦੇ ਸਿਵਲ ਏਰੀਏ 'ਚ ਲਾਈਆਂ ਗਈਆਂ ਹਨ ਅਤੇ ਲਾਉਣ ਦੇ ਕੁਝ ਮਹੀਨੇ ਬਾਅਦ ਵੀ ਇਹ ਬੰਦ ਹਾਲਤ 'ਚ ਸੜਕਾਂ 'ਤੇ ਧੂੜ ਚੱਟ ਰਹੀਆਂ ਹਨ। ਏ. ਟੀ. ਐੱਮ. ਮਸ਼ੀਨ ਜਵਾਹਰ ਪਾਰਕ, ਮਧੂਬਨ ਪਾਰਕ, ਹਰਦਿਆਲ ਰੋਡ, ਨੇੜੇ ਸਬਜੀ ਮੰਡੀ ਤੇ ਕੈਂਟ ਬੋਰਡ ਦਫਤਰ 'ਚ ਲਾਈ ਗਈ ਹੈ, ਜੋ ਕਿ ਖਸਤਾ ਹਾਲਤ 'ਚ ਪਈ ਹੈ। ਇਸ ਦੇ ਨਾਲ ਹੀ ਚਰਚ ਰੋਡ 'ਤੇ ਪੁਰਾਣੇ ਬਿਜਲੀ ਘਰ ਨੇੜੇ ਅਤੇ ਮੁਹੱਲਾ ਨੰ. 24 ਦੇ ਬਾਹਰ ਈ-ਟਾਇਲਟ ਨੂੰ ਲਾਇਆ ਗਿਆ ਹੈ। ਚਰਚ ਰੋਡ 'ਤੇ ਲਾਈ ਗਈ ਈ-ਟਾਇਲਟ ਮਸੀਨ ਹਰ ਸਮੇਂ ਬੰਦ ਰਹਿੰਦੀ ਹੈ, ਜਦੋਂਕਿ ਦੂਜੀ ਮਸੀਨ ਦੀ ਹਾਲਤ ਵੀ ਬੰਦ ਵਰਗੀ ਹੈ। ਜ਼ਿਕਰਯੋਗ ਹੈ ਕਿ ਉਪਰੋਕਤ ਮਸੀਨਾਂ ਸਾਬਕਾ ਸੀ. ਈ. ਓ. ਮੀਨਾਕਸੀ ਲੋਹੀਆ ਦੇ ਕਾਰਜਕਾਲ ਦੌਰਾਨ ਖਰੀਦੀਆਂ




ਗਈਆਂ ਸਨ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਈ-ਟਾਇਲਟ ਮਸੀਨ ਖਰੀਦਣ ਲਈ ਟੈਂਡਰ ਜਾਰੀ ਕੀਤਾ ਗਿਆ ਸੀ ਅਤੇ ਉਸ ਟੈਂਡਰ 'ਚ ਸਿਰਫ ਇਕ ਕੰਪਨੀ ਨੇ ਬੋਲੀ ਭਰੀ ਸੀ, ਜਿਸ ਨੂੰ ਬੋਰਡ ਦੀ ਮੀਟਿੰਗ 'ਚ ਆਸਾਨੀ ਨਾਲ ਪਾਸ ਕਰ ਲਿਆ ਗਿਆ। ਜ਼ਿਕਰਯੋਗ ਹੈ ਕਿ ਈ-ਟਾਇਲਟ ਮਸੀਨ ਕਰੀਬ 9 ਲੱਖ ਰੁਪਏ 'ਚ ਖਰੀਦੀ ਗਈ ਸੀ, ਜਦਕਿ ਟਰਾਂਸਪੋਰਟ ਦਾ ਖਰਚਾ 12 ਲੱਖ ਰੁਪਏ ਹੈ। ਸੂਤਰਾਂ ਦਾ ਕਹਿਣਾ ਹੈ ਕਿ ਬੋਲੀ 'ਤੇ ਖਰੀਦੀਆਂ ਗਈਆਂ ਮਸੀਨਾਂ ਭ੍ਰਿਸਟਾਚਾਰ ਵੱਲ ਇਸਾਰਾ ਕਰਦੀਆਂ ਹਨ। ਇਸ ਦੌਰਾਨ ਭਾਰੀ ਕਮੀਸਨ ਲੈਣ-ਦੇਣ ਦੇ ਸੰਦੇਸ ਵੀ ਆਏ ਅਤੇ ਇਸ ਮਾਮਲੇ ਦੀ ਜਾਂਚ ਲਈ ਦਿੱਲੀ ਦੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਵੀ ਕੀਤੀ ਗਈ ਸੀ ਪਰ ਮੌਜੂਦਾ ਸੀ. ਈ. ਓ. ਨੇ ਆਪਣੇ ਹੀ ਅਧਿਕਾਰੀ ਦੇ ਹੱਕ 'ਚ ਜਵਾਬ ਤਿਆਰ ਕਰ ਕੇ ਸ਼ਿਕਾਇਤਕਰਤਾ ਨੂੰ ਝੂਠਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਤੇ ਫਾਈਲ ਬੰਦ ਕਰ ਦਿੱਤੀ ਗਈ।

## 4 ਸਾਲਾਂ ਤੋਂ ਭਗੌੜਾ ਦੋਸ਼ੀ ਠੇਕਾ ਸ਼ਰਾਬ ਸਣੇ ਕਾਬੂ

ਤਪਾ ਮੰਡੀ 7 ਮਈ। ਤਪਾ ਪੁਲਸ ਨੂੰ ਚਾਰ ਸਾਲ ਤੋਂ ਭਗੋੜੇ ਦੋਸ਼ੀ ਨੂੰ 12 ਬੋਤਲਾ ਠੇਕਾ ਸਰਾਬ ਸਣੇ ਕਾਬੂ ਕਰਨ 'ਚ ਸਫਲਤਾ ਮਿਲੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਐੱਚ. ਓ. ਤਪਾ ਕੁਲਜਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਸੰਤੋਖ ਸਿੰਘ ਦੀ ਅਗਵਾਈ 'ਚ ਪੁਲਸ ਪਾਰਟੀ ਗਸ਼ਤ ਕਰ ਰਹੀ ਸੀ ਤਾਂ ਤਾਜੋਕੇ ਸਾਈਡ ਤੋਂ ਆਉਂਦਾ ਇੱਕ ਨੌਜਵਾਨ ਮੰਗਾ ਸਿੰਘ ਪੁੱਤਰ ਰੱਖਾ ਸਿੰਘ ਵਾਸੀ ਮਹਿਤਾ ਅਪਣੇ ਸੱਜੇ ਮੋਢੇ 'ਚ ਪਲਾਸਟਿਕ ਝੋਲਾ ਪਾ ਕੇ ਆ ਰਿਹਾ ਸੀ। ਜਦ ਝੋਲੇ ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ 12 ਬੋਤਲਾਂ ਠੇਕਾ ਸ਼ਰਾਬ ਬਰਾਮਦ ਹੋਈਆਂ। ਫਿਲਹਾਲ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ। ਪੁਲਸ ਨੂੰ ਛਾਣਬੀਣ ਕਰਨ ਤੋਂ ਪਤਾ ਲੱਗਾ ਕਿ ਉਕਤ ਸ਼ਰਾਬ ਸਮੇਤ ਫੜ੍ਹੇ ਮੁਲਜਮ ਖ਼ਿਲਾਫ 2020 'ਚ ਬਰਨਾਲਾ 'ਚ ਮਾਮਲਾ ਦਰਜ ਹੋਇਆ ਸੀ ਅਤੇ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਸੀ। ਪੁਲਸ ਨੇ ਉਕਤ ਭਗੌੜੇ ਨੂੰ ਕਾਬੂ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੰਜਾਬ 'ਚ ਹੋਇਆ ਵੱਡਾ ਅਨਾਜ ਘਪਲਾ, ਦੋਸ਼ੀ ਅਫਸਰਾਂ ਖਿਲਾਫ ਸਖਤ ਕਾਰਵਾਈ ਦੇ ਹੁਕਮ


ਚੰਡੀਗੜ੍ਹ 7 ਮਈ। ਬਠਿੰਡਾ ਦੇ ਪਨਸਪ ਸੈਂਟਰਾਂ 'ਚ ਕਣਕ ਦੇ ਭੰਡਾਰਣ ਨੂੰ ਲੈ ਕੇ ਭਾਰੀ ਬੇਨਿਯਮੀਆਂ ਸਾਹਮਣੇ ਆਈਆਂ ਹਨ। ਇੱਥੇ ਕਣਕ ਖੁਰਦ-ਬੁਰਦ ਅਤੇ ਨੁਕਸਾਨੀ ਜਾਣ ਕਾਰਨ ਪਨਸਪ ਨੂੰ 4 ਕਰੋੜ, 68 ਲੱਖ, 48 ਹਜਾਰ, 600 ਰੁਪਏ ਦਾ ਨੁਕਸਾਨ ਹੋਇਆ ਹੈ। ਜਾਂਚ 'ਚ ਕਰੀਬ ਅੱਧਾ ਦਰਜਨ ਅਧਿਕਾਰੀਆਂ ਦੀ ਮਿਲੀ-ਭੁਗਤ ਸਾਹਮਣੇ ਆਈ ਹੈ। ਪਨਸਪ ਨੇ ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਪਹਿਲਾਂ ਰਿਟਾਇਰ ਐਡੀਸ਼ਨਲ ਸੈਸ਼ਨ ਜੱਜ ਨੂੰ ਬਤੌਰ ਜਾਂਚ ਅਧਿਕਾਰੀ ਸੌਂਪੀ ਸੀ। ਉਨ੍ਹਾਂ ਦੀ ਜਾਂਚ ਸਬੰਧੀ ਰਿਪੋਰਟ ਦੇ ਆਧਾਰ 'ਤੇ ਫੈਕਟ ਫਾਈਂਡਿੰਗ ਅਫਸਰ ਦੇ ਤੌਰ ਦੇ ਰਿਟਾਇਰ ਐਡੀਸ਼ਨਲ ਸੈਸ਼ਨ ਜੱਜ ਨੂੰ ਲਾਇਆ ਗਿਆ, ਜਿਨ੍ਹਾਂ ਨੇ ਜਾਂਚ 'ਚ ਦੋਸ਼ੀ ਅਧਿਕਾਰੀਆਂ ਤੋਂ ਲੰਬੀ ਪੁੱਛਗਿੱਛ ਮਗਰੋਂ ਘਪਲਾ ਹੋਣਾ ਪਾਇਆ। ਰਿਪੋਰਟ ਦੇ ਆਧਾਰ 'ਤੇ ਅਧਿਕਾਰੀਆਂ ਤੋਂ ਤੁਰੰਤ ਰਿਕਵਰੀ ਦੀ ਸਿਫਾਰਿਸ਼ 'ਤੇ ਹੁਣ ਪਨਸਪ ਦੀ ਮੈਨੇਜਿੰਗ ਡਾਇਰੈਕਟਰ ਸੁਨਾਲੀ ਗਿਰੀ ਨੇ ਦੋਸ਼ੀ ਅਫਸਰਾਂ



ਦੀ ਪਛਾਣ ਕਰਕੇ ਉਨ੍ਹਾਂ ਤੋਂ ਰਿਕਵਰੀ ਦੇ ਹੁਕਮ ਜਾਰੀ ਕਰ ਦਿੱਤੇ ਹਨ। ਜੇਕਰ ਦੋਸ਼ੀ ਰਿਕਵਰੀ ਦੀ ਨਿਰਧਾਰਿਤ ਰਕਮ ਨਹੀਂ ਦਿੰਦੇ ਤਾਂ ਉਨ੍ਹਾਂ ਖ਼ਿਲਾਫ ਐੱਫ. ਆਈ. ਆਰ. ਦਰਜ ਕੀਤੀ ਜਾ ਸਕਦੀ ਹੈ। ਦਰਅਸਲ 2012-13 'ਚ ਕਰੀਬ 11 ਸਾਲ ਤੋਂ ਚੱਲੀ ਬਠਿੰਡਾ ਦੀ ਕਣਕ ਦੀ ਢੋਆ-ਢੁਆਈ 'ਚ ਵੱਡੀਆਂ ਬੇਨਿਯਮੀਆਂ ਦੀਆਂ ਸ਼ਿਕਾਇਤਾਂ ਦੀ ਜਾਂਚ 'ਚ ਉਸ ਸਮੇਂ ਸੰਬੰਧਿਤ ਕੇਂਦਰਾਂ 'ਚ ਤਾਇਨਾਤ 5 ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਪਾਏ ਗਏ ਸਨ। ਇਨ੍ਹਾਂ 'ਚੋਂ 2 ਅਧਿਕਾਰੀ ਹੁਣ ਸੇਵਾਮੁਕਤ ਹੋ ਚੁੱਕੇ ਹਨ। ਕਾਰਜਕਾਰੀ ਅਧਿਕਾਰੀਆਂ ਦੀਆਂ ਤਨਖਾਹਾਂ 'ਚੋਂ ਪੈਸੇ ਕੱਟ ਕੇ ਰਿਕਵਰੀ ਲਈ ਜਾਰੀ ਹੁਕਮਾਂ 'ਚ ਕਿਹਾ ਗਿਆ ਹੈ ਕਿ ਜੇਕਰ ਸਮਾਂ ਨਾ ਹੋਵੇ ਤਾਂ ਐੱਫ. ਆਈ. ਆਰ. ਦਰਜ ਕੀਤੀ ਜਾਵੇ।

## ਲੁਧਿਆਣਾ ਦੀ ਜੇਲ੍ਹ 'ਚੋਂ ਹਵਾਲਾਤੀਆਂ ਤੋਂ ਬਰਾਮਦ ਹੋਏ 5 ਮੋਬਾਇਲ, 190 ਜਰਦੇ ਦੀਆਂ ਪੁੜੀਆਂ

ਲੁਧਿਆਣਾ 7 ਮਈ। ਲੁਧਿਆਣਾ ਸੈਂਟਰਲ ਜੇਲ੍ਹ 'ਚ ਸਰਚ ਮੁਹਿੰਮ ਦੌਰਾਨ ਪਾਬੰਦੀਸ਼ੁਦਾ ਸਾਮਾਨ ਬਰਾਮਦ ਹੋਣ ਦਾ ਸਿਲਸਿਲਾ ਫਿਰ ਵਧਣ ਲੱਗਾ ਹੈ, ਜਿਸ ਕਾਰਨ 9 ਹਵਾਲਾਤੀਆਂ ਤੋਂ 5 ਮੋਬਾਇਲ, 190 ਜਰਦੇ ਦੀਆਂ ਪੁੜੀਆਂ ਬਰਾਮਦ ਹੋਣ 'ਤੇ ਸਹਾਇਕ ਸੁਪਰਡੈਂਟ ਭਿਵਮਤੇਜ ਸਿੰਗਲਾ ਅਤੇ ਅਵਤਾਰ ਸਿੰਘ ਦੀ ਸ਼ਿਕਾਇਤ 'ਤੇ ਥਾਣਾ




ਡਿਵੀਜ਼ਨ ਨੰ. 7 ਦੀ ਪੁਲਸ ਨੇ ਮੁਲਜ਼ਮਾਂ 'ਤੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਜਾਂਚ ਅਧਿਕਾਰੀ ਗੁਰਦਿਆਲ ਸਿੰਘ ਨੇ ਦੱਸਿਆ ਕਿ ਉਕਤ ਮਾਮਲੇ 'ਚ ਨਾਮਜਦ ਕੀਤੇ ਗਏ ਹਵਾਲਾਤੀਆਂ ਦੀ ਪਛਾਣ ਸਾਹਿਜਾਦ ਖਾਨ, ਅਜਲਾਮ ਆਲਮ, ਮਾਜ਼ਿਦ ਜਗੀਰ, ਸਾਦਿਕ ਅਲੀ, ਰਾਹੁਲ ਕੁਮਾਰ, ਸੁਨੀਲ ਡੈਨਿਸ, ਮਨਪ੍ਰੀਤ ਸਿੰਘ, ਹਰਦੀਪ ਸਿੰਘ, ਨਾਸੀਮ ਸਾਫੀ ਵਜੋਂ ਹੋਈ ਹੈ। ਦੱਸ ਦੇਈਏ ਕਿ ਜੇਲ੍ਹ ਦੇ ਅੰਦਰੋਂ ਇਸ ਤਰ੍ਹਾਂ ਪਾਬੰਦੀਸ਼ੁਦਾ ਚੀਜ਼ਾਂ ਦੀ ਬਰਾਮਦਗੀ ਕਈ ਤਰ੍ਹਾਂ ਦੇ ਸ਼ੱਕ ਪੈਦਾ ਕਰ ਰਹੀ ਹੈ। ਜੇਲ੍ਹ ਦੀ ਸਖਤ ਸੁਰੱਖਿਆ ਅਤੇ ਹੋਣ ਵਾਲੀ ਚੈਕਿੰਗ ਦੇ ਬਾਵਜੂਦ ਇਸ ਤਰ੍ਹਾਂ ਦੀਆਂ ਚੀਜ਼ਾਂ ਦਾ ਕੈਦੀਆਂ ਦੀਆਂ ਬੈਰਕਾਂ ਤੱਕ ਪੁੱਜਣਾ ਸੁਰੱਖਿਆ ਨੂੰ ਚੁਣੌਤੀ ਹੈ।

# ਅਰਸ਼ ਡੱਲਾ ਗੈਂਗ ਦੇ 4 ਖਤਰਨਾਕ ਗੈਂਗਸਟਰ ਹਥਿਆਰਾਂ ਸਣੇ ਗ੍ਰਿਫਤਾਰ

ਸ੍ਰੀ ਮੁਕਤਸਰ ਸਾਹਿਬ 7 ਮਈ। ਸ੍ਰੀ ਮੁਕਤਸਰ ਸਾਹਿਬ ਪੁਲਸ ਨੇ ਫਿਰੌਤੀ ਦੀ ਮੰਗਣ ਵਾਲੇ ਅਰਸ਼ ਡੱਲਾ ਗੈਂਗ ਦੇ 4 ਗੈਂਗਸਟਰਾਂ ਨੂੰ ਕਾਬੂ ਕੀਤਾ ਹੈ। ਜ਼ਿਲ੍ਹਾ ਮੁਖੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਅੰਦਰ ਫਿਰੌਤੀ ਦੇ ਮਾਮਲਿਆਂ ਸਬੰਧੀ ਸਖਤੀ ਨਾਲ ਨਜਿੱਠਿਆ ਜਾ ਰਿਹਾ ਹੈ ਅਤੇ ਗੈਂਗਸਟਰਾਂ ਖ਼ਿਲਾਫ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਇਕ ਵਿਅਕਤੀ ਨੂੰ ਅਰਸ਼ ਡੱਲਾ ਗੈਂਗ ਵੱਲੋਂ ਫੋਨ ਰਾਹੀਂ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ, 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਇਸ ਦੀ ਸੂਚਨਾ ਪੁਲਸ ਨੂੰ ਮਿਲਣ 'ਤੇ ਪੁਲਸ ਵੱਲੋਂ ਇਸ ਸਬੰਧੀ ਮੁਕੱਦਮਾ ਨੰਬਰ 72 ਮਿਤੀ 26/04/2024 ਅ/ਧ 387,506 ਹਿੰ:ਦੰ: ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਬਰਖਿਲਾਫ ਨਾ-ਮਲੂਮ ਵਿਅਕਤੀਆਂ ਦਰਜ ਕੀਤਾ ਗਿਆ ਸੀ। ਜ਼ਿਲ੍ਹਾ ਪੁਲਸ ਵੱਲੋਂ ਦੋਸ਼ੀਆਂ ਨੂੰ ਟਰੇਸ ਕਰਨ ਲਈ ਤੁਰੰਤ ਹਰਕਤ ਵਿਚ ਆਉਂਦਿਆਂ ਆਧੁਨਿਕ ਨਾਲ ਜ਼ਿਲ੍ਹਾ ਪੁਲਸ ਅਤੇ ਕਾਊਂਟਰ ਇੰਟੈਲੀਜੈਂਸ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਮੁਕੱਦਮਾ ਦੀ ਹਰ ਪੱਖ ਤੋਂ ਡੂੰਘਾਈ ਨਾਲ ਤਫਤੀਸ਼ ਕੀਤੀ ਗਈ। ਜਿਸ ਦੇ ਚੱਲਦਿਆਂ ਪੁਲਸ ਨੇ ਅਰਸ਼ ਡੱਲਾ ਗੈਂਗ ਦੇ ਫਿਰੌਤੀ ਮੰਗਣ ਵਾਲੇ ਗੁਰਗਿਆਂ ਨੂੰ ਟਰੇਸ ਕਰਕੇ, ਹਿਮਾਂਸ਼ੂ ਸੇਖੋਂ ਪੁੱਤਰ ਰਾਜਵਿੰਦਰ ਸਿੰਘ ਵਾਸੀ ਨਾਕਾ ਨੰਬਰ 03, ਮਲੋਟ ਰੋਡ, ਮੁਕਤਸਰ ਸਾਹਿਬ, ਹਰਮਨਦੀਪ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਗੁਰੂ ਨਾਨਕ ਕਲੋਨੀ, ਜਲਾਲਾਬਾਦ ਰੋਡ, ਮੁਕਤਸਰ ਸਾਹਿਬ



ਅਤੇ ਗੁਰਪਿਆਰ ਸਿੰਘ ਉਰਫ ਬਲਜੋਤ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਗੋਨਿਆਣਾ ਰੋਡ, ਮੁਕਤਸਰ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਤੋਂ ਇਲਾਵਾ ਇਸ ਵਾਰਦਾਤ ਵਿਚ ਇਕ ਜੁਵੇਨਾਈਲ ਵੀ ਸ਼ਾਮਿਲ ਹੈ। ਮੁੱਢਲੀ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਹਿਮਾਂਸ਼ੂ ਸੇਖੋਂ ਅਤੇ ਉਸ ਦਾ ਜੁਵੇਨਾਈਲ ਸਾਥੀ ਉਕਤ ਮੁਕੱਦਮਾ ਦੇ ਮੁਦੱਈ ਦੇ ਘਰ ਦੇ ਫੋਨ ਨੰਬਰਾਂ ਬਾਰੇ ਅਤੇ ਉਸ ਦੇ ਆਉਣ ਜਾਣ ਬਾਰੇ ਸਾਰੀ ਜਾਣਕਾਰੀ ਹਰਮਨਦੀਪ ਸਿੰਘ ਨੂੰ ਦਿੰਦੇ ਸਨ, ਜਿਸ ਦਾ ਸਿੱਧਾ ਲਿੰਕ ਗੈਂਗਸਟਰ ਅਰਸ ਡੱਲਾ ਨਾਲ ਜੁੜਿਆ ਹੈ। ਇਸੇ ਤਰ੍ਹਾ ਗੁਰਪਿਆਰ ਸਿੰਘ ਉਕਤ ਵੀ ਸ਼ਹਿਰ ਦੇ ਨਾਮੀ ਵਿਅਕਤੀਆ ਦੀ ਡਿਟੇਲ ਹਰਮਨਦੀਪ ਸਿੰਘ ਨੂੰ ਭੇਜਦਾ ਸੀ, ਜੋ ਅੱਗੇ ਇਹ ਡੀਟੇਲ ਅਰਸ਼ ਡੱਲਾ ਨੂੰ ਭੇਜ ਕੇ, ਸਬੰਧਿਤ ਵਿਅਕਤੀਆਂ ਨੂੰ ਡਰਾ ਕੇ ਉਨ੍ਹਾਂ ਪਾਸੋਂ ਫਿਰੌਤੀ ਦੀ ਮੰਗ ਕਰਦੇ ਸਨ। ਤਫਤੀਸ਼ ਦੌਰਾਨ ਹਰਮਨਦੀਪ ਸਿੰਘ ਉਕਤ ਪਾਸੋਂ ਇਕ ਮੋਬਾਇਲ ਫੋਨ, ਜਿਸ ਨਾਲ ਉਹ ਅਰਸ਼ ਡੱਲਾ ਨਾਲ ਗੱਲ ਕਰਦਾ ਸੀ, .32 ਬੋਰ ਪਿਸਟਲ (ਦੇਸੀ) ਸਮੇਤ 4 ਜਿੰਦਾ ਰੌਂਦ ਬਰਾਮਦ ਕੀਤੇ ਹਨ।

## ਫਾਜਿਲਕਾ 'ਚ ਭਿਆਨਕ ਹਾਦਸਾ, ਕਾਰ ਤੇ ਮੋਟਰਸਾਈਕਲ ਵਿਚਾਲੇ ਜਬਰਦਸਤ ਟੱਕਰ, ਦੋ ਲੋਕਾਂ ਦੀ ਤੜਫ-ਤੜਫ ਹੋਈ ਮੌਤ

ਫਾਜਿਲਕਾ 7 ਮਈ। ਫਾਜ਼ਿਲਕਾ ਵਿਖੇ ਸੜਕ ਹਾਦਸਾ ਵਾਪਰਨ ਕਰਕੇ ਦੋ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋਣ ਦੀ ਖਬਰ ਮਿਲੀ ਹੈ। ਇਹ ਭਿਆਨਕ ਹਾਦਸਾ ਅਬੋਹਰ ਦੇ ਸੀਤੋ ਰੋਡ 'ਤੇ ਵਾਪਰਿਆ ਹੈ। ਜਿਸ ਦੌਰਾਨ ਤੇਜ ਰਫਤਾਰ ਕਾਰ ਨੇ ਮੋਟਰਸਾਈਕਲ ਸਵਾਰ ਦੋ ਲੋਕਾਂ ਨੂੰ ਟੱਕਰ ਮਾਰ ਦਿੱਤੀ। ਹਾਦਸਾ ਇੰਨਾ ਭਿਆਨਕ ਸੀ ਕਿ ਮੋਟਰਸਾਈਕਲ ਸਵਾਰ ਦੋ ਲੋਕਾਂ ਦੀ ਮੌਤ ਹੋ ਗਈ ਹੈ। ਮੌਕੇ 'ਤੇ ਸੜਕ ਸੁਰੱਖਿਆ ਫੋਰਸ ਪਹੁੰਚੀ ਜਿਨਾਂ ਵੱਲੋਂ ਮ੍ਰਿਤਕਾਂ ਦੀਆਂ ਲਾਸਾਂ ਨੂੰ ਸਰਕਾਰੀ ਹਸਪਤਾਲ ਦੀ ਮੋਰਚਰੀ ਵਿੱਚ ਰਖਵਾਇਆ ਗਿਆ ਅਤੇ ਉੱਥੇ ਹੀ ਕਾਰ ਚਾਲਕ ਨੂੰ ਆਪਣੀ ਹਿਰਾਸਤ ਵਿੱਚ ਲੈ ਲਿਆ। ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ੀਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਸੰਪਾਦਕੀ

# ਈਡੀ ਦੀ ਖਿਚਾਈ

ਆਮ ਲੋਕਾਂ ਪ੍ਰਤੀ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਜ਼ੋਰ ਜ਼ਬਰਦਸਤੀ ਦੀ ਪਹੁੰਚ ਦੀ ਦਿੱਲੀ ਦੀ ਇਕ ਅਦਾਲਤ ਨੇ ਭਰਵੀਂ ਲਾਹ ਪਾਹ ਕੀਤੀ ਹੈ। ਕਾਲੇ ਧਨ ਨੂੰ ਸਫ਼ੇਦ ਬਣਾਉਣ ਦੇ ਇੱਕ ਕੇਸ ਦੇ ਮੁਲਜ਼ਮ ਦਾ ਇਲਾਜ ਕਰਨ ਵਾਲੇ ਡਾਕਟਰਾਂ ਖ਼ਿਲਾਫ਼ ਈਡੀ ਦੀ ਕਾਰਵਾਈ ਮੁਤੱਲਕ ਅਦਾਲਤ ਨੇ ਈਡੀ ਦੀ ਖਿਚਾਈ ਕਰਦਿਆਂ ਇਹ ਦਰਸਾਇਆ ਹੈ ਕਿ ਕਾਨੂੰਨ ਨੂੰ ਬੁਲੰਦ ਕਰਨ ਦੇ ਜ਼ਿੰਮੇ ਵਾਲੀਆਂ ਸ਼ਕਤੀਸ਼ਾਲੀ ਏਜੰਸੀਆਂ ਜਦੋਂ ਉਨ੍ਹਾਂ ਨਾਗਰਿਕਾਂ ਦੀਆਂ ਆਜ਼ਾਦੀਆਂ ਨੂੰ ਕੁਚਲਣ ਲੱਗ ਪੈਂਦੀਆਂ ਹਨ ਜਿਨ੍ਹਾਂ ਦੀ ਇਨ੍ਹਾਂ ਨੇ ਰਾਖੀ ਕਰਨੀ ਹੁੰਦੀ ਹੈ ਤਾਂ ਇਹ ਇੱਕ ਕਾਫ਼ੀ ਚਿੰਤਾਜਨਕ ਰੁਝਾਨ ਹੈ। ਹਾਲਾਂਕਿ ਮੁਲਜ਼ਮ ਨਾਲ ਉਨ੍ਹਾਂ ਦਾ ਕੋਈ ਲਾਗਾ ਦੇਗਾ ਨਹੀਂ ਸੀ ਪਰ ਫਿਰ ਵੀ ਡਾਕਟਰਾਂ ਦਾ ਬਿਆਨ ਦਰਜ ਕਰਵਾਉਣ ਲਈ ਈਡੀ ਵਲੋਂ 'ਪ੍ਰੀਵੈਨਸ਼ਨ ਆਫ ਮਨੀ ਲਾਂਡਰਿੰਗ ਐਕਟ' ਦੀਆਂ ਸਖ਼ਤ ਧਾਰਾਵਾਂ ਦੀ ਵਰਤੋਂ ਕੀਤੇ ਜਾਣ ਨਾਲ ਸ਼ਕਤੀ ਦੁਰਵਰਤੋਂ ਉਜਾਗਰ ਹੁੰਦੀ ਹੈ। ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਦੀ ਇਹ ਟਿੱਪਣੀ ਉਨ੍ਹਾਂ ਮਜ਼ਬੂਤ ਆਗੂਆਂ, ਕਾਨੂੰਨਾਂ ਅਤੇ ਏਜੰਸੀਆਂ ਨਾਲ ਤੁਲਨਾ ਕਰਦੀ ਪ੍ਰਤੀਤ ਹੁੰਦੀ ਹੈ ਜੋ ਲੋਕਾਂ ਦੇ ਹੀ ਖ਼ਿਲਾਫ਼ ਭੁਗਤਦੇ ਹਨ ਅਤੇ ਇਹ ਨਿਰੰਕੁਸ਼ ਅਥਾਰਿਟੀ ਵਿੱਚ ਨਿਹਿਤ ਖ਼ਤਰਿਆਂ ਵੱਲ ਧਿਆਨ ਦਿਵਾਉਂਦੀ ਹੈ।

ਇਸੇ ਤਰ੍ਹਾਂ ਸੁਪਰੀਮ ਕੋਰਟ ਵਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਈਡੀ ਵਲੋਂ ਗ੍ਰਿਫ਼ਤਾਰੀ ਦੇ ਸਮੇਂ ਨੂੰ ਲੈ ਕੇ ਕੀਤੀ ਨਿਰਖ-ਪਰਖ ਸਿਆਸਤ ਅਤੇ ਕਾਨੂੰਨ ਦੀ ਅਮਲਦਾਰੀ ਵਿਚਕਾਰ ਜੁਗਲਬੰਦੀ ਬਾਰੇ ਅਹਿਮ ਸਵਾਲ ਖੜ੍ਹੇ ਕਰਦੀ ਹੈ। ਸੁਪਰੀਮ ਕੋਰਟ ਨੇ ਇਨਸਾਫ਼ ਦੀ ਪੂਰਤੀ ਅਤੇ ਨਾਗਰਿਕ ਆਜ਼ਾਦੀਆਂ ਦੀ ਰਾਖੀ ਵਿਚਕਾਰ ਬਾਰੀਕ ਸੰਤੁਲਨ ਬਿਠਾਉਣ ਦਾ ਇਸ਼ਾਰਾ ਕਰਦੇ ਹੋਏ ਕਿਸੇ ਵਿਅਕਤੀ ਨੂੰ ਉਸ ਦੀ ਆਜ਼ਾਦੀ ਤੋਂ ਵਿਰਵਾ ਕਰਨ ਦੀ ਵਾਜਬੀਅਤ ਸਿੱਧ ਕਰਨ ਦੀ ਲੋੜ ਉੱਪਰ ਜ਼ੋਰ ਦਿੱਤਾ ਹੈ। ਸੁਪਰੀਮ ਕੋਰਟ ਨੇ ਖ਼ਾਸ ਤੌਰ 'ਤੇ ਮੌਜੂਦਾ ਚੋਣਾਂ ਮੌਕੇ ਸ੍ਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਸਮੇਂ ਵੱਲ ਧਿਆਨ ਕੇਂਦਰਿਤ ਕਰਵਾਇਆ ਹੈ ਜਿਸ ਤੋਂ ਜਾਂਚ ਏਜੰਸੀਆਂ ਦੇ ਸਿਆਸੀ ਮਕਸਦਾਂ ਲਈ ਵਰਤੇ ਜਾਣ ਦੀ ਸੰਭਾਵਨਾ ਮੁਤੱਲਕ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ। ਜਿਵੇਂ ਕਿ ਸ੍ਰੀ ਕੇਜਰੀਵਾਲ ਦੀ ਕਾਨੂੰਨੀ ਟੀਮ ਵੱਲੋਂ ਇਸ ਨੁਕਤੇ ਉੱਪਰ ਭਰਵਾਂ ਜ਼ੋਰ ਦਿੱਤਾ ਗਿਆ ਸੀ, ਜਾਂਚ ਦੌਰਾਨ ਧਮਕੀ ਅਤੇ ਜੋੜ-ਤੋੜ ਦੇ ਦੋਸ਼ਾਂ ਦੀ ਵਾਜਿਬ ਅਤੇ ਨਿਰਪੱਖ ਜਾਂਚ ਹੋਣੀ ਜ਼ਰੂਰੀ ਹੈ।

ਇਹ ਘਟਨਾਵਾਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਖ਼ਾਸਕਰ ਐਨਫੋਰਸਮੈਂਟ ਡਾਇਰੈਕਟੋਰੇਟ ਦੀਆਂ ਕਾਰਵਾਈਆਂ ਨਾਲ ਜੁੜੇ ਗੰਭੀਰ ਮੁੱਦਿਆਂ ਨੂੰ ਉਜਾਗਰ ਕਰਦੀਆਂ ਹਨ। ਇਸੇ ਕਰ ਕੇ ਇਨ੍ਹਾਂ ਏਜੰਸੀਆਂ ਦੇ ਕੰਮ-ਕਾਜ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਮੰਗ ਉੱਠ ਰਹੀ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਏਜੰਸੀਆਂ ਆਪਣੇ ਅਕਸ ਨੂੰ ਦਾਗ਼ੀ ਨਾ ਹੋਣ ਦੇਣ। ਇਨਸਾਫ਼ ਦੀ ਪਹਿਰੇਦਾਰ ਹੋਣ ਦੇ ਨਾਤੇ ਈਡੀ ਨੂੰ ਆਪਣੇ ਕੰਮ-ਕਾਜ ਅਤੇ ਆਚਾਰ ਵਿਹਾਰ ਵਿਚ ਪੇਸ਼ੇਵਰ ਕਾਬਲੀਅਤ ਅਤੇ ਦਿਆਨਤਦਾਰੀ ਦੇ ਉੱਚ ਮਿਆਰਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਲੋੜ ਹੈ ਅਤੇ ਇਹ ਲੋਕਾਂ ਨੂੰ ਦਿਸਣੇ ਵੀ ਚਾਹੀਦੇ ਹਨ।

# ਦਿੱਲੀ 'ਚ ਫੈਲੀ ਦਹਿਸ਼ਤ

ਦਿੱਲੀ-ਐੱਨਸੀਆਰ ਦੇ ਕਰੀਬ 200 ਸਕੂਲਾਂ ਨੂੰ ਬੁੱਧਵਾਰ ਈਮੇਲਾਂ ਰਾਹੀਂ ਮਿਲੇ ਬੰਬਾਂ ਦੇ ਡਰਾਵੇ ਬਾਅਦ ਵਿੱਚ ਨਕਲੀ ਸਿੱਧ ਹੋਏ, ਪਰ ਅਪਰਾਧੀ ਵੱਡੇ ਪੱਧਰ 'ਤੇ ਲੋਕਾਂ ਵਿੱਚ ਸਹਿਮ ਫੈਲਾਉਣ ਤੇ ਜਨਤਕ ਵਿਵਸਥਾ ਨੂੰ ਵਿਗਾੜਨ 'ਚ ਕਾਮਯਾਬ ਹੋ ਗਏ। ਈ-ਮੇਲਾਂ ਨੇ ਵਿਦਿਆਰਥੀਆਂ, ਮਾਪਿਆਂ ਤੇ ਸਕੂਲ ਪ੍ਰਸ਼ਾਸਨਾਂ 'ਚ ਘਬਰਾਹਟ ਪੈਦਾ ਕਰ ਦਿੱਤੀ, ਜਿਸ ਤੋਂ ਬਾਅਦ ਪੁਲੀਸ ਤੇ ਫਾਇਰ ਪ੍ਰਸ਼ਾਸਨ ਕੋਲ ਸਕੂਲਾਂ ਵੱਲੋਂ ਕੀਤੇ ਗਏ ਫੋਨਾਂ ਦਾ ਹੜ੍ਹ ਆ ਗਿਆ। ਸਕੂਲਾਂ ਨੂੰ ਤੇਜ਼ੀ ਨਾਲ ਖਾਲੀ ਕਰਾਇਆ ਗਿਆ ਤੇ ਇਮਾਰਤਾਂ ਨੂੰ ਬਾਰੀਕੀ ਨਾਲ ਜਾਂਚਿਆ ਗਿਆ, ਪਰ ਕੁਝ ਵੀ ਸ਼ੱਕੀ ਨਹੀਂ ਮਿਲਿਆ।

ਇਸ ਘਟਨਾ ਨੇ ਸਾਈਬਰ ਅਪਰਾਧੀਆਂ ਦੀ ਪ੍ਰਤੱਖ ਜੁਰਅੱਤ ਤੇ ਮੁਹਾਰਤ ਨੂੰ ਸਾਹਮਣੇ ਲਿਆਂਦਾ ਹੈ ਜੋ ਕਿ 'ਡਾਰਕ ਵੈੱਬ' ਵਰਤ ਰਹੇ ਹਨ। ਇਸ 'ਚ ਵਰਤੋਂਕਾਰ ਬਹੁ-ਪਰਤੀ ਸੁਰੱਖਿਆ ਲਾ ਕੇ ਆਪਣੀ ਪਛਾਣ ਤੇ ਥਾਂ ਨੂੰ ਦੂਜਿਆਂ ਤੋਂ ਛੁਪਾ ਸਕਦਾ ਹੈ ਅਤੇ ਆਪਣੇ ਘਿਣਾਉਣੇ ਮੰਤਵਾਂ ਨੂੰ ਅੰਜਾਮ ਦੇ ਸਕਦਾ ਹੈ। ਇਸ ਮਾਮਲੇ 'ਚ ਸਰਹੱਦ ਪਾਰ ਬੈਠੇ ਅਪਰੇਟਰਾਂ ਦੀ ਸ਼ਮੂਲੀਅਤ ਹੋਣ ਦਾ ਵੀ ਸ਼ੱਕ ਹੈ। ਭਾਵੇਂ ਜਾਂਚ ਜਾਰੀ ਹੈ ਪਰ ਵਟਸਐਪ 'ਤੇ ਝੂਠੇ ਸੁਨੇਹਿਆਂ ਤੇ ਫ਼ਰਜ਼ੀ ਖ਼ਬਰਾਂ ਦੇ ਪ੍ਰਸਾਰ ਨੇ ਪੁਲੀਸ ਲਈ ਚੀਜ਼ਾਂ ਹੋਰ ਮੁਸ਼ਕਿਲ ਕਰ ਦਿੱਤੀਆਂ ਹਨ। ਪੁਲੀਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫ਼ਵਾਹਾਂ ਜਾਂ ਗੁੰਮਰਾਹਕੁਨ ਜਾਣਕਾਰੀ ਤੋਂ ਬਚਣ। ਇੱਕ ਮਹੀਨੇ ਵਿੱਚ ਇਹ ਅਜਿਹੀ ਦੂਜੀ ਘਟਨਾ ਹੈ। ਇਸ ਤੋਂ ਪਹਿਲਾਂ 7-8 ਅਪਰੈਲ ਨੂੰ ਕੋਲਕਾਤਾ ਦੇ 20 ਸਕੂਲਾਂ ਨੂੰ ਬੰਬ ਰੱਖਣ ਦੀਆਂ ਧਮਕੀਆਂ ਮਿਲੀਆਂ ਸਨ। ਧਮਕੀਆਂ ਦੇਣ ਵਾਲਿਆਂ ਨੇ ਕਿਹਾ ਸੀ ਕਿ 'ਉਨ੍ਹਾਂ ਦਾ ਮਕਸਦ ਖ਼ੂਨ-ਖਰਾਬਾ' ਹੈ ਤੇ ਬੰਬ ਵੱਖ-ਵੱਖ ਸਕੂਲਾਂ ਦੇ ਕਲਾਸਰੂਮ ਵਿਚ ਰੱਖੇ ਗਏ ਹਨ ਜੋ ਸਵੇਰ ਵੇਲੇ ਫਟ ਜਾਣਗੇ। ਇਹ ਡਰਾਵਾ ਵੀ ਬਾਅਦ ਵਿੱਚ ਫ਼ਰਜ਼ੀ ਨਿਕਲਿਆ ਸੀ।

ਦੇਸ਼ ਭਰ ਦੇ ਕਈ ਹਵਾਈ ਅੱਡਿਆਂ ਨੂੰ ਇਸੇ ਹਫ਼ਤੇ ਚਿਤਾਵਨੀ ਭਰੀਆਂ ਈਮੇਲਾਂ ਮਿਲਣ ਦੇ ਤੱਥ ਦੇ ਮੱਦੇਨਜ਼ਰ, ਸਾਫ਼ ਹੈ ਕਿ ਦੇਸ਼-ਵਿਆਪੀ ਗੜਬੜੀ ਪੈਦਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਆਮ ਚੋਣਾਂ ਹੋਣ ਦੇ ਮੱਦੇਨਜ਼ਰ ਸੁਰੱਖਿਆ ਏਜੰਸੀਆਂ ਤੇ ਸਾਈਬਰ ਅਪਰਾਧ ਇਕਾਈਆਂ ਨੂੰ ਚਾਹੀਦਾ ਹੈ ਕਿ ਹਰੇਕ ਕੇਸ ਦੀ ਗਹਿਰਾਈ ਨਾਲ ਜਾਂਚ ਅਤੇ ਅਪਰਾਧੀਆਂ ਦੀ ਪੈੜ ਨੱਪਣ ਲਈ ਉਹ ਨੇੜਿਓਂ ਤਾਲਮੇਲ ਕਰਨ।

ਇਸ ਦੇ ਨਾਲ ਹੀ ਸਾਰਿਆਂ ਨੂੰ ਸਹਿਮ ਫੈਲਾਉਣ ਤੋਂ ਬਚਣ ਦੀ ਲੋੜ ਹੈ ਤੇ ਸੋਸ਼ਲ ਮੀਡੀਆ ਉਤੇ ਬਿਨਾਂ ਸੋਚੇ-ਸਮਝੇ ਸਮੱਗਰੀ ਨੂੰ ਅੱਗੇ ਭੇਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਪਰਾਧਕ ਤੱਤਾਂ ਨੂੰ ਕਿਸੇ ਵੀ ਤਰ੍ਹਾਂ ਚੋਣ ਪ੍ਰਕਿਰਿਆ 'ਚ ਅੜਿੱਕਾ ਪਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।

# ਫ਼ਲਸਤੀਨੀ ਗਿਆਨ ਸੋਮਿਆਂ ਦਾ ਘਾਣ

**ਅਮਰਜੀਤ ਭੁੱਲਰ**




ਗਾਜ਼ਾ ਵਿਚ ਯੂਨੀਵਰਸਿਟੀਆਂ ਅਤੇ ਹੋਰਨਾਂ ਸਿੱਖਿਆ ਸੰਸਥਾਵਾਂ ਉਪਰ ਕੀਤੇ ਜਾ ਰਹੇ ਇਜ਼ਰਾਇਲੀ ਹਮਲੇ ਗਿਣ ਮਿੱਥ ਕੇ ਫ਼ਲਸਤੀਨੀ ਗਿਆਨ ਅਤੇ ਸਿੱਖਿਆ ਪ੍ਰਣਾਲੀਆਂ ਨੂੰ ਬਰਬਾਦ ਕਰਨ ਦਾ ਹਰਬਾ ਹਨ। ਹੁਣ ਤੱਕ ਗਾਜ਼ਾ ਦੀਆਂ ਸਾਰੀਆਂ 12 ਯੂਨੀਵਰਸਿਟੀਆਂ 'ਤੇ ਹਵਾਈ ਹਮਲੇ ਕੀਤੇ ਗਏ ਹਨ। ਇਜ਼ਰਾਈਲ ਨੇ ਖ਼ਾਸ ਤੌਰ 'ਤੇ ਅਲ-ਅਜ਼ਹਰ ਯੂਨੀਵਰਸਿਟੀ ਅਤੇ ਇਸਲਾਮਿਕ ਯੂਨੀਵਰਸਿਟੀ ਆਫ ਗਾਜ਼ਾ (ਆਈਯੂਜੀ) ਨੂੰ ਨਿਸ਼ਾਨਾ ਬਣਾਇਆ ਜਿਸ ਕਰ ਕੇ ਫ਼ਲਸਤੀਨੀ ਅਧਿਆਪਕਾਂ, ਵਿਦਵਾਨਾਂ ਅਤੇ ਵਿਦਿਆਰਥੀਆਂ ਦੀ ਵਰ੍ਹਿਆਂਬੱਧੀ ਖੋਜ ਮਲੀਆਮੇਟ ਹੋ ਗਈ ਹੈ।

ਆਈਯੂਜੀ ਦੇ ਕੈਂਪਸ ਵਿਚ ਹੋਏ ਇਜ਼ਰਾਇਲੀ ਹਵਾਈ ਹਮਲੇ ਵਿਚ ਇਸ ਦੇ ਵਾਈਸ ਚਾਂਸਲਰ ਪ੍ਰੋ. ਸੂਫ਼ੀਆਨ ਤਾਈਯੇਹ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਮਾਰੇ ਜਾ ਚੁੱਕੇ ਹਨ। ਆਈਯੂਜੀ ਗਾਜ਼ਾ ਦੀ ਇਕ ਮੋਹਰੀ ਵਿਦਿਅਕ ਸੰਸਥਾ ਹੈ ਅਤੇ ਪ੍ਰੋ. ਤਾਈਯੇਹ ਕੌਮਾਂਤਰੀ ਪੱਧਰ 'ਤੇ ਜਾਣੇ ਪਛਾਣੇ ਜਾਂਦੇ ਖੋਜਕਾਰ ਸਨ। ਇਸ ਹਮਲੇ ਵਿਚ ਯੂਨੀਵਰਸਿਟੀ ਦੇ 90 ਪ੍ਰੋਫ਼ੈਸਰ ਮਾਰੇ ਗਏ ਹਨ ਜਿਨ੍ਹਾਂ ਵਿਚ ਅੰਗਰੇਜ਼ੀ ਸਾਹਿਤ ਦੇ ਪ੍ਰੋਫ਼ੈਸਰ ਡਾ. ਰਿਫ਼ਤ ਅਲਾਰੀਰ ਵੀ ਸ਼ਾਮਲ ਸਨ। ਫ਼ਲਸਤੀਨ ਦੇ ਸਿੱਖਿਆ ਮੰਤਰਾਲੇ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਇਜ਼ਰਾਈਲ ਦੇ ਹਮਲਿਆਂ ਵਿਚ 20 ਜਨਵਰੀ, 2024 ਤੱਕ 4400 ਵਿਦਿਆਰਥੀ ਮਾਰੇ ਗਏ ਅਤੇ 7800 ਜ਼ਖ਼ਮੀ ਹੋਏ ਸਨ ਜਦਕਿ 231 ਅਧਿਆਪਕ ਅਤੇ ਪ੍ਰਸ਼ਾਸਕ ਮਾਰੇ ਗਏ ਅਤੇ 756 ਜ਼ਖ਼ਮੀ ਹੋਏ ਸਨ ਅਤੇ ਸਰਕਾਰ ਜਾਂ ਸੰਯੁਕਤ ਰਾਸ਼ਟਰ ਰਾਹਤ ਤੇ ਕਾਰਜ ਏਜੰਸੀ (ਯੂਐਨਆਰਡਬਲਯੂਏ) ਵਲੋਂ ਗਾਜ਼ਾ ਵਿਚ ਚਲਾਏ ਜਾਂਦੇ ਸਕੂਲ 378 ਸਕੂਲ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਬਰਬਾਦ ਹੋ ਚੁੱਕੇ ਹਨ। ਅਕਤੂਬਰ 2023 ਤੋਂ ਸ਼ੁਰੂ ਹੋਏ ਇਜ਼ਰਾਇਲੀ ਹਮਲਿਆਂ ਵਿਚ ਹੁਣ ਤੱਕ ਮਾਰੇ ਜਾ ਚੁੱਕੇ 35000 ਤੋਂ ਵੱਧ ਲੋਕਾਂ ਵਿਚ ਘੱਟੋਘੱਟ 97 ਪੱਤਰਕਾਰ ਅਤੇ ਮੀਡੀਆ ਕਰਮੀ ਸ਼ਾਮਲ ਹਨ।ਕੌਮਾਂਤਰੀ ਨਿਆਂ ਅਦਾਲਤ (ਆਈਸੀਜੇ) ਵਿਚ ਦੱਖਣੀ ਅਫ਼ਰੀਕਾ ਦੀ ਕਾਨੂੰਨੀ ਤਰਜਮਾਨ ਬਲੀਨੇ ਨਿਰਾਲੇਹ ਨੇ ਆਖਿਆ "ਗਾਜ਼ਾ ਵਿਚ 90,000 ਦੇ ਕਰੀਬ ਫ਼ਲਸਤੀਨੀ ਵਿਦਿਆਰਥੀ ਯੂਨੀਵਰਸਿਟੀ ਦੀਆਂ ਕਲਾਸਾਂ ਨਹੀਂ ਲਾ ਸਕਦੇ। 60 ਫ਼ੀਸਦ ਤੋਂ ਜ਼ਿਆਦਾ ਸਕੂਲ, ਲਗਭਗ ਸਾਰੀਆਂ ਯੂਨੀਵਰਸਿਟੀਆਂ ਤੇ ਕਾਲਜ ਅਤੇ ਅਣਗਿਣਤ ਕਿਤਾਬਾਂ ਦੀਆਂ ਦੁਕਾਨਾਂ ਅਤੇ ਲਾਇਬ੍ਰੇਰੀਆਂ ਢਹਿ-ਢੇਰੀ ਜਾਂ ਨੁਕਸਾਨੀਆਂ ਜਾ ਚੁੱਕੀਆਂ ਹਨ। ਸੈਂਕੜੇ ਅਧਿਆਪਕ ਤੇ ਵਿਦਵਾਨ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਯੂਨੀਵਰਸਿਟੀਆਂ ਦੇ ਡੀਨ ਅਤੇ ਮੋਹਰੀ ਫ਼ਲਸਤੀਨੀ ਵਿਦਵਾਨ ਸ਼ਾਮਲ ਹਨ ਜਿਸ ਨਾਲ ਗਾਜ਼ਾ ਦੇ ਬੱਚਿਆਂ ਅਤੇ ਨੌਜਵਾਨਾਂ ਦੇ ਸਿੱਖਿਆ ਹਾਸਲ ਕਰਨ ਦੀਆਂ ਸੰਭਾਵਨਾਵਾਂ ਮਸਲ ਦਿੱਤੀਆਂ ਗਈਆਂ ਹਨ। ਬਹੁਤ ਸਾਰੀਆਂ ਵਿਰਾਸਤੀ ਥਾਵਾਂ ਜਿਨ੍ਹਾਂ ਵਿਚ ਲਾਇਬ੍ਰੇਰੀਆਂ, ਪੁਰਾਤੱਤਵ ਘਰ ਅਤੇ ਅਜਾਇਬ ਘਰ ਸ਼ਾਮਲ ਹਨ, ਵੀ ਨੁਕਸਾਨੀਆਂ ਗਈਆਂ ਹਨ ਅਤੇ ਲੋਕਾਂ ਦੇ ਦਸਤਾਵੇਜ਼ੀ ਇਤਿਹਾਸ ਅਤੇ ਚਿੰਨ੍ਹ ਖ਼ਤਮ ਕਰ ਦਿੱਤੇ ਗਏ ਹਨ। ਫ਼ਲਸਤੀਨੀ ਦਾਨਿਸ਼ਵਰ ਇਸ ਕਾਰਵਾਈ ਨੂੰ 'ਇਤਿਹਾਸ 'ਚੋਂ ਫ਼ਲਸਤੀਨੀ ਵਜੂਦ ਅਤੇ ਫ਼ਲਸਤੀਨ ਨੂੰ ਸਿਆਸੀ ਨਕਸ਼ੇ ਤੋਂ ਮਿਟਾ ਦੇਣ ਦੀ ਕੋਸ਼ਿਸ਼' ਵਜੋਂ ਦੇਖ ਰਹੇ ਹਨ। ਕੈਨੇਡਾ ਵਿਚ ਮਾਊਂਟ ਰਾਇਲ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਦੇ ਪ੍ਰੋਫ਼ੈਸਰ ਮੁਹੰਨਦ ਆਯਾਸ਼ ਨੇ ਕੈਨੇਡੀਅਨ ਐਸੋਸੀਏਸ਼ਨ ਆਫ ਯੂਨੀਵਰਸਿਟੀ ਟੀਚਰਜ਼ ਨੂੰ ਇਕ ਚਿੱਠੀ ਲਿਖ ਕੇ ਆਖਿਆ "ਫ਼ਲਸਤੀਨੀ ਗਿਆਨ, ਗਿਆਨ ਉਤਪਾਦਕਾਂ ਅਤੇ ਗਿਆਨ ਉਤਪਾਦਕ ਸੰਸਥਾਵਾਂ ਦੀ ਤਬਾਹੀ ਗਿਆਨ ਬਧ (ਹੱਤਿਆ) ਤੋਂ ਘੱਟ ਨਹੀਂ ਹੈ।" ਗਿਆਨ ਬਧ ਜਾਂ ਅੰਗਰੇਜ਼ੀ ਭਾਸ਼ਾ ਦੇ ਫਿਕਰੇ Epistemicide ਦਾ ਭਾਵ ਹੈ ਕਿ ਕਿਸੇ ਗਿਆਨ ਤੰਤਰ ਨੂੰ ਖਤਮ ਕਰਨਾ, ਨਸ਼ਟ ਕਰਨਾ, ਚੁੱਪ ਕਰਾਉਣਾ ਜਾਂ ਬੇਹੁਰਮਤੀ ਕਰਨਾ। ਸਮਾਜ ਸ਼ਾਸਤਰੀ ਬੋਵੈਂਤੁਰਾ ਡੀ ਸੌਜ਼ਾ ਸੈਂਟੋਸ ਨੇ ਇਹ ਸ਼ਬਦ ਘੜਿਆ ਸੀ ਤੇ ਇਸ ਨੂੰ ਬਸਤੀਕਰਨ, ਦਮਨ ਜਾਂ ਨਰਸੰਘਾਰ ਕਰ ਕੇ ਕਿਸੇ ਦਮਿਤ ਸਭਿਆਚਾਰ ਦੇ ਗਿਆਨ ਬਧ ਦੀ ਸੰਗਿਆ ਦਿੱਤੀ ਸੀ। ਇਹ ਗਿਆਨ ਬਧ ਫ਼ੌਜੀ ਜਾਂ ਵਿਚਾਰਧਾਰਕ/ਦਾਰਸ਼ਨਿਕ ਦੋਵੇਂ ਢੰਗਾਂ ਨਾਲ ਕੀਤਾ ਜਾ ਸਕਦਾ ਹੈ। ਇਸ ਦੇ ਤਹਿਤ ਮੁਕਤੀ ਦੇ ਨਾਂ 'ਤੇ ਬੇਹੁਰਮਤੀ ਤੇ ਤਬਾਹੀ, ਸ਼ਾਂਤੀ ਦੇ ਨਾਂ 'ਤੇ ਆਕ੍ਰਮਣ, ਜੀਵਨ ਦੀ ਪਵਿੱਤਰਤਾ ਦੇ ਨਾਂ 'ਤੇ ਜੀਵਨ ਦੀ ਬਰਬਾਦੀ ਅਤੇ ਹੱਕਾਂ ਦੀ ਰਾਖੀ ਦੇ ਨਾਂ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਜਿਹੀਆਂ ਸਭ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ। ਸੰਨ 1948 ਵਿਚ ਇਜ਼ਰਾਈਲ ਲਈ ਰਾਹ ਪੱਧਰਾ ਕਰਨ ਖਾਤਰ ਜਦ ਫ਼ਲਸਤੀਨੀਆਂ ਨੂੰ ਉਜਾੜਿਆ ਗਿਆ ਤਾਂ ਉਸ ਤੋਂ ਬਾਅਦ ਉੱਥੋਂ ਦੇ ਸਿੱਖਿਅਤ ਕੁਲੀਨ ਵਰਗ ਦੀ ਸਭ ਤੋਂ ਪਹਿਲੀ ਤਰਜੀਹ ਫ਼ਲਸਤੀਨ ਦੇ ਸਿੱਖਿਆ ਢਾਂਚੇ ਦੀ ਮੁੜ ਉਸਾਰੀ ਕਰਨਾ ਸੀ। ਸਿੱਖਿਆ ਨੂੰ ਫ਼ਲਸਤੀਨੀ ਆਪਣੀਆਂ ਜ਼ਿੰਦਗੀਆਂ ਦੀ ਮੁੜ ਉਸਾਰੀ ਤੇ ਤਰੱਕੀ ਕਰਨ ਦੇ ਇੰਜਣ ਵਜੋਂ ਦੇਖਦੇ ਸਨ। ਗਾਜ਼ਾ ਨੂੰ ਅਰਥਪੂਰਨ ਸਭਿਆਚਾਰਕ ਵਟਾਂਦਰੇ, ਵਿਗਿਆਨਕ ਵਾਧੇ, ਇਤਿਹਾਸਕ ਸਮਝ, ਕਲਾਤਮਕ ਸਾਹਿਤਕ ਕਾਰਜਾਂ ਅਤੇ ਫ਼ਲਸਤੀਨੀ ਸਮਾਜ ਦੀ ਬਿਹਤਰੀ ਦੀ ਥਾਂ ਬਣਾਉਣ ਦੀ ਆਸ ਨਾਲ ਵੱਖ-ਵੱਖ ਥਾਵਾਂ ਤੋਂ ਵਿਦਵਾਨ ਇੱਥੇ (ਗਾਜ਼ਾ) ਇਕੱਠੇ ਹੋਣ ਲੱਗੇ। ਉਹ ਸਫ਼ਲ ਹੋਏ ਜਾਂ ਨਹੀਂ ਹੋਏ, ਇਹ ਵੱਖਰੀ ਚਰਚਾ ਦਾ ਵਿਸ਼ਾ ਹੈ, ਪਰ ਇਕ ਗੱਲ ਪੱਕੀ ਹੈ ਕਿ ਫ਼ਲਸਤੀਨ ਨੂੰ ਉਨ੍ਹਾਂ ਖੇਤਰਾਂ ਵਿਚ ਗਿਣਿਆ ਜਾਂਦਾ ਹੈ ਜਿੱਥੇ ਸਾਖਰਤਾ ਦਰ ਕਾਫ਼ੀ ਉੱਚੀ ਹੈ। ਵਿਸ਼ਵ ਬੈਂਕ ਦੇ ਅਨੁਮਾਨਾਂ ਮੁਤਾਬਕ ਫ਼ਲਸਤੀਨ ਦੀ ਸਾਖਰਤਾ ਦਰ 97.51 ਪ੍ਰਤੀਸ਼ਤ ਹੈ। ਫਲਸਤੀਨੀ 'ਦੁਨੀਆ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਸ਼ਰਨਾਰਥੀਆਂ' ਵਜੋਂ ਜਾਣੇ ਜਾਂਦੇ ਹਨ। ਦੁਨੀਆ ਭਰ ਦੇ ਅਕਾਦਮੀਸ਼ਨ ਇਹ ਭਲੀ-ਭਾਂਤੀ ਜਾਣਦੇ ਹਨ ਤੇ ਅਮਰੀਕਾ ਅਤੇ ਹੋਰ ਮੁਲਕਾਂ ਵਿਚ ਯੂਨੀਵਰਸਿਟੀ ਪ੍ਰੋਫ਼ੈਸਰਾਂ ਤੇ ਵਿਦਿਆਰਥੀਆਂ ਵੱਲੋਂ ਕੀਤੇ ਗਏ ਵਿਦਰੋਹ ਦਾ ਇਹੀ ਕਾਰਨ ਹੈ। ਫ਼ਲਸਤੀਨੀ ਸਿੱਖਿਆ ਸੰਸਥਾਵਾਂ 'ਚ ਵਾਪਰ ਰਹੀਆਂ ਘਟਨਾਵਾਂ ਦੀ ਗੂੰਜ ਵਿਦੇਸ਼ੀ ਕੈਂਪਸਾਂ 'ਚ ਸੁਣੀ ਜਾ ਰਹੀ ਹੈ।

ਅਮਰੀਕੀ ਸਰਕਾਰ ਵੱਲੋਂ ਇਜ਼ਰਾਈਲ ਨੂੰ ਹਮਲਿਆਂ ਲਈ ਨਿਰੰਤਰ ਦਿੱਤੀ ਜਾ ਰਹੀ ਵਿੱਤੀ, ਫ਼ੌਜੀ, ਕੂਟਨੀਤਕ ਤੇ ਨੈਤਿਕ ਮਦਦ ਵਿਰੁੱਧ ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ 'ਚ ਵਿਦਿਆਰਥੀਆਂ ਵੱਲੋਂ ਟੈਂਟ ਲਾ ਕੇ ਰੋਸ ਧਰਨੇ ਦਿੱਤੇ ਜਾ ਰਹੇ ਹਨ। ਕਰੀਬ 10 ਯੂਨੀਵਰਸਿਟੀਆਂ ਵਿਚ ਪੁਲੀਸ ਸੱਦੀ ਗਈ ਹੈ ਤੇ 645 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ; ਗ੍ਰਿਫ਼ਤਾਰ ਕੀਤੇ ਗਏ ਬਹੁਤਿਆਂ ਵਿਚੋਂ ਕਈਆਂ ਨੂੰ ਮਗਰੋਂ ਰਿਹਾਅ ਕੀਤਾ ਗਿਆ ਹੈ। ਦੁਨੀਆ ਭਰ ਵਿਚ ਜਾਣੀਆਂ ਜਾਂਦੀਆਂ ਕੋਲੰਬੀਆ ਤੇ ਬੋਸਟਨ ਯੂਨੀਵਰਸਿਟੀਆਂ ਰੋਸ ਮੁਜ਼ਾਹਰਿਆਂ ਦਾ ਮਰਕਜ਼ ਬਣ ਗਈਆਂ ਹਨ; 200 ਤੋਂ ਵੱਧ ਗ੍ਰਿਫ਼ਤਾਰੀਆਂ ਇਨ੍ਹਾਂ ਦੋ ਯੂਨੀਵਰਸਿਟੀਆਂ ਵਿਚ ਹੀ ਹੋ ਚੁੱਕੀਆਂ ਹਨ। ਵੱਡੀ ਗਿਣਤੀ ਫੈਕਲਟੀ ਮੈਂਬਰਾਂ (ਅਕਾਦਮਿਕ ਅਮਲਾ) ਨੇ ਜਾਂ ਤਾਂ ਇਨ੍ਹਾਂ ਰੋਸ ਮੁਜ਼ਾਹਰਿਆਂ ਵਿਚ ਹਿੱਸਾ ਲਿਆ ਹੈ ਜਾਂ ਫਿਰ ਗਾਜ਼ਾ ਵਿਚ ਗੋਲੀਬੰਦੀ ਦੀ ਮੰਗ ਦਾ ਪੱਖ ਪੂਰਿਆ ਹੈ। ਕਈ ਯੂਨੀਵਰਸਿਟੀਆਂ ਵਿਚ, ਪ੍ਰਸ਼ਾਸਕਾਂ ਨੇ ਵਿਰੋਧ ਕਰ ਰਹੇ ਵਿਦਿਆਰਥੀਆਂ 'ਤੇ ਸਖ਼ਤੀ ਵੀ ਕੀਤੀ ਹੈ, ਉਨ੍ਹਾਂ ਵਿਚੋਂ ਕਈਆਂ ਨੂੰ ਵਿਦਿਅਕ ਅਦਾਰਿਆਂ 'ਚੋਂ ਕੱਢ ਦਿੱਤਾ ਗਿਆ ਹੈ। ਲਾਸ ਏਂਜਲਸ ਸਥਿਤ ਯੂਨੀਵਰਸਿਟੀ ਆਫ ਕੈਲੀਫੋਰਨੀਆ ਤੇ ਹੋਰ ਥਾਵਾਂ 'ਤੇ ਫਲਸਤੀਨ-ਪੱਖੀ ਤੇ ਇਜ਼ਰਾਈਲ-ਪੱਖੀ ਮੁਜ਼ਾਹਰਾਕਾਰੀਆਂ ਵਿਚਕਾਰ ਝੜਪਾਂ ਵੀ ਹੋਈਆਂ ਹਨ।

ਫ਼ਲਸਤੀਨੀ ਸਿੱਖਿਆ ਢਾਂਚੇ ਨੂੰ ਤਬਾਹਕੁਨ ਤੇ ਵੰਡਪਾਊ ਬਿਪਤਾ ਤੋਂ ਬਚਾਉਣ ਲਈ ਸੰਸਾਰ ਨੂੰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਵਿਦਿਅਕ ਢਾਂਚੇ ਨੂੰ ਤਬਾਹ ਕਰਨ ਵਿਚ ਤਾਂ ਕੁਝ ਹਫ਼ਤੇ ਲੱਗਦੇ ਹਨ ਪਰ ਮੁੜ ਉਸਾਰੀ ਕਈ ਦਹਾਕੇ ਲੈ ਲੈਂਦੀ ਹੈ। ਦੁੱਖ ਦੀ ਗੱਲ ਹੈ, ਕਿ ਅਤੀਤ ਵਿਚ ਫ਼ਲਸਤੀਨੀ ਯੂਨੀਵਰਸਿਟੀਆਂ ਨੂੰ ਬਾਈਕਾਟ ਦਾ ਸਾਹਮਣਾ ਕਰਨਾ ਪਿਆ ਹੈ, ਇਜ਼ਰਾਈਲ ਨਾਲ ਨੇੜਤਾ ਰੱਖਦੇ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਨੇ ਫ਼ਲਸਤੀਨੀ ਅਦਾਰਿਆਂ ਨਾਲ ਅਕਾਦਮਿਕ ਵਟਾਂਦਰੇ ਦੇ ਸਮਝੌਤੇ ਕਰਨ ਤੋਂ ਪਾਸਾ ਵੱਟਿਆ ਹੈ। ਜਦਕਿ ਦੂਜੇ ਪਾਸੇ, ਇਜ਼ਰਾਈਲ ਦੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਕੌਮਾਂਤਰੀ ਭਾਈਵਾਲੀਆਂ ਦਾ ਲਾਹਾ ਮਿਲਿਆ ਹੈ। ਇਜ਼ਰਾਇਲੀ ਯੂਨੀਵਰਸਿਟੀਆਂ ਦੇ ਵਰਤਮਾਨ 'ਚ ਕੈਨੇਡਾ ਦੀਆਂ ਪੋਸਟ-ਸੈਕੰਡਰੀ ਸੰਸਥਾਵਾਂ ਨਾਲ 60 ਅਕਾਦਮਿਕ ਸਮਝੌਤੇ ਹਨ। ਹੁਣ ਸਮਾਂ ਆ ਗਿਆ ਹੈ ਕਿ ਅਕਾਦਮੀਸ਼ਨ, ਫੈਕਲਟੀ ਅਦਾਰੇ ਤੇ ਯੂਨੀਅਨਾਂ (ਖਾਸ ਤੌਰ 'ਤੇ ਵਿਕਸਤ ਮੁਲਕਾਂ ਦੇ), ਮੰਥਨ ਕਰ ਕੇ ਜੰਗ ਖ਼ਤਮ ਕਰਨ ਲਈ ਲੋਕ ਰਾਇ ਕਾਇਮ ਕਰਨ, ਇਸ ਤੋਂ ਇਲਾਵਾ ਲੀਹੋਂ ਲੱਥੇ ਫ਼ਲਸਤੀਨੀ ਸਿੱਖਿਆ ਢਾਂਚੇ ਦੀ ਮੁੜ ਉਸਾਰੀ ਲਈ ਸਮਰਥਨ ਦਾ ਭਰੋਸਾ ਜੁਟਾਉਣ।

# ਸ਼ਾਹੀ ਘਰਾਣੇ ਦੇ ਭਾਜਪਾ ਵਿੱਚ ਜਾਣ ਤੋਂ ਬਾਅਦ ਸਿੱਖ ਵੋਟਰ ਦੋਫਾੜ

**ਪਟਿਆਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

'47 ਦੇ ਦੁਖਾਂਤ ਨੂੰ ਪਿੰਡੇ 'ਤੇ ਹੰਢਾਉਂਦਿਆਂ ਪਾਕਿਸਤਾਨ ਤੋਂ ਭਾਰਤ ਵਿੱਚ ਆਏ ਸ਼ਹਿਰੀ ਸਿੱਖ ਪਟਿਆਲਾ ਵਿੱਚ ਹੁਣ ਸਿਆਸੀ ਤੌਰ 'ਤੇ ਵੰਡੇ ਗਏ ਹਨ, ਮੋਤੀ ਮਹਿਲ ਵੱਲੋਂ ਰਾਜ ਮਾਤਾ ਮਹਿੰਦਰ ਕੌਰ ਤੇ ਮਹਾਰਾਜਾ ਯਾਦਵਿੰਦਰ ਸਿੰਘ ਵੱਲੋਂ ਵੰਡ ਵੇਲੇ ਇਨ੍ਹਾਂ 'ਤੇ ਕੀਤੇ ਗਏ ਅਹਿਸਾਨ ਨੂੰ ਇਹ ਨਹੀਂ ਭੁੱਲੇ ਸਨ ਪਰ ਇਸ ਵਾਰ ਮੋਤੀ ਮਹਿਲ ਦੇ ਭਾਜਪਾ ਵਿੱਚ ਚਲੇ ਜਾਣ ਤੋਂ ਬਾਅਦ ਸ਼ਹਿਰੀ ਸਿੱਖ ਵੀ ਹੁਣ ਵੱਖੋ ਵੱਖਰੀਆਂ ਸਿਆਸੀ ਪਾਰਟੀਆਂ ਦਾ ਸਮਰਥਨ ਕਰਦੇ ਦੇਖੇ ਜਾ ਸਕਦੇ ਹਨ। ਕਦੇ ਪਟਿਆਲਾ ਵਿੱਚ ਸ਼ਹਿਰੀ ਸਿੱਖਾਂ ਦੀ ਏਕਤਾ ਨੇ ਸਰਦਾਰਾ ਸਿੰਘ ਕੋਹਲੀ ਤੇ ਸੁਰਜੀਤ ਸਿੰਘ ਕੋਹਲੀ ਵਰਗਿਆਂ ਨੂੰ ਮੰਤਰੀ, ਮੇਅਰ ਤੱਕ ਬਣਾਇਆ। ਸਰਦਾਰਾ ਸਿੰਘ ਕੋਹਲੀ ਦਾ ਤਾਂ ਪ??ਟਿਆਲਾ ਦੇ ਮੁੱਖ ਬਾਜ਼ਾਰ ਵਿੱਚ ਬੁੱਤ ਵੀ ਇਨ੍ਹਾਂ ਦੇ ਏਕੇ ਨੇ ਲਗਾਇਆ ਸੀ।

ਪਟਿਆਲਾ ਵਿੱਚ ਸ਼ਹਿਰੀ ਸਿੱਖਾਂ ਵਿੱਚੋਂ ਅੱਜ ਕੱਲ੍ਹ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਦਲ ਬਦਲ ਕੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕਰਕੇ ਆਪਣੇ ਸਿਰ ਤੇ ਵਿਧਾਇਕ ਦਾ ਤਾਜ ਸਜਾ ਲਿਆ ਹੈ, ਇਨ੍ਹਾਂ ਦੇ ਪਿਤਾ ਸੁਰਜੀਤ ਸਿੰਘ ਕੋਹਲੀ (ਸਾਬਕਾ ਮੰਤਰੀ) ਦੇ ਦਾਦਾ ਸਰਦਾਰਾ ਸਿੰਘ ਕੋਹਲੀ (ਸਾਬਕਾ ਵਿਧਾਇਕ) ਨੇ ਵੀ ਪਟਿਆਲਾ 'ਤੇ ਕਈ ਵਾਰੀ ਰਾਜ ਕੀਤਾ ਹੈ, ਦੂਜੇ ਪਾਸੇ ਅਜੀਤਪਾਲ ਸਿੰਘ ਕੋਹਲੀ ਦਾ ਭਰਾ ਗੁਰਜੀਤ ਸਿੰਘ ਕੋਹਲੀ ਭਾਰਤੀ ਜਨਤਾ ਪਾਰਟੀ ਵਿੱਚ ਕੰਮ ਕਰਦਾ ਹੋਇਆ ਹੁਣ ਉਹ ਸੰਗਰੂਰ ਜ਼ਿਲ੍ਹੇ ਦਾ ਇੰਚਾਰਜ ਹੈ।







ਇਸੇ ਤਰ੍ਹਾਂ ਹਰਵਿੰਦਰ ਸਿੰਘ ਨਿੱਪੀ ਕਾਂਗਰਸ ਦਾ ਸੂਬਾ ਬੁਲਾਰਾ ਹੈ, ਕੇਕੇ ਸਹਿਗਲ ਐੱਸਐੱਸ ਬੋਰਡ ਦਾ ਸਾਬਕਾ ਮੈਂਬਰ, ਜੋਗਿੰਦਰ ਸਿੰਘ ਯੋਗੀ ਸਾਬਕਾ ਸੀਨੀਅਰ ਡਿਪਟੀ ਮੇਅਰ ਕਾਂਗਰਸ ਵਿੱਚ ਹਨ।

ਮਨਮੋਹਨ ਸਿੰਘ ਬਜਾਜ ਦਾ ਪਰਿਵਾਰ ਸ਼ੁਰੂ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਨਾਲ ਹੀ ਡਟਿਆ ਹੋਇਆ ਹੈ, ਇੰਦਰਮੋਹਨ ਸਿੰਘ ਬਜਾਜ ਦਾ ਪੁੱਤਰ ਅਮਰਿੰਦਰ ਸਿੰਘ ਬਜਾਜ ਅੱਜ ਕੱਲ੍ਹ ਪਟਿਆਲਾ ਸ਼ਹਿਰੀ ਦਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਇੰਚਾਰਜ ਹੈ। ਪ?ਟਿਆਲਾ ਤੋਂ ਹੀ ਰਾਜੂ ਖੰਨਾ ਅਮਲੋਹ ਹਲਕੇ ਦਾ ਇੰਚਾਰਜ ਹੈ। ਗੁਰਚਰਨ ਸਿੰਘ ਟੌਹੜਾ ਨੇ ਸ਼ਹਿਰੀ ਸਿੱਖਾਂ ਦਾ ਪੱਖ ਕਰਦਿਆਂ ਇਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਜੋੜ ਲਿਆ ਸੀ ਪਰ ਉਨ੍ਹਾਂ ਤੋਂ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨਾਲੋਂ ਸ਼ਹਿਰੀ ਸਿੱਖਾਂ ਦਾ ਮੋਹ ਭੰਗ ਹੋ ਗਿਆ ਤੇ ਅਕਾਲੀ ਦਲ ਨੇ ਵੀ ਇਨ੍ਹਾਂ ਨੂੰ ਤਵੱਜੋ ਦੇਣੀ ਬੰਦ ਕਰ ਦਿੱਤੀ। ਕਾਂਗਰਸ ਦੇ ਬੁਲਾਰੇ ਹਰਵਿੰਦਰ ਸਿੰਘ ਨਿੱਪੀ ਨੇ ਕਿਹਾ,'ਪਟਿਆਲਾ ਸ਼ਹਿਰੀ ਤੇ ਦਿਹਾਤੀ ਵਿੱਚ ਸਾਡੀ 90 ਹਜ਼ਾਰ ਤੋਂ ਵੱਧ ਵੋਟ ਹੈ, ਅਸੀਂ ਪਹਿਲਾਂ ਮੋਤੀ ਮਹਿਲ ਨਾਲ ਸੀ ਪਰ ਹੁਣ ਅਸੀਂ ਸਾਰੇ ਹੀ ਕਾਂਗਰਸ ਵਾਲੇ ਪਾਸੇ ਆ ਗਏ ਹਾਂ।'

ਦੂਜੇ ਪਾਸੇ ਇੰਦਰਮੋਹਨ ਸਿੰਘ ਬਜਾਜ ਨੇ ਕਿਹਾ ਸ਼ਹਿਰੀ ਸਿੱਖਾਂ ਨੂੰ ਸਿਆਸੀ ਪਾਰਟੀਆਂ ਬਹੁਤ ਤਵੱਜੋ ਨਹੀਂ ਦੇ ਰਹੀਆਂ ਇਸੇ ਕਰਕੇ ਇਹ ਆਪੋ ਆਪਣੇ ਗੁੱਟ ਬਣਾ ਕੇ ਵੱਖ ਵੱਖ ਸਿਆਸੀ ਪਾਰਟੀਆਂ ਵਿਚ ਸਰਗਰਮ ਹਨ, ਪਰ ਜੇਕਰ ਸ਼ਹਿਰੀ ਸਿੱਖ ਏਕਤਾ ਕਰ ਲੈਣ ਤਾਂ ਪਟਿਆਲਾ ਤੇ ਰਾਜ ਕਰ ਸਕਦੇ ਹਨ। ਗੁਰਜੀਤ ਸਿੰਘ ਕੋਹਲੀ ਨੇ ਕਿਹਾ ਕਿ ਕੋਈ ਪਾਰਟੀ ਵੀ ਸ਼ਹਿਰੀ ਸਿੱਖਾਂ ਨੂੰ ਪਿਆਰ ਨਹੀਂ ਕਰ ਰਹੀ, ਸਾਬਕਾ ਮੰਤਰੀ ਸੁਰਜੀਤ ਸਿੰਘ ਕੋਹਲੀ ਨੇ ਕਿਹਾ ਕਿ ਪਟਿਆਲਾ ਲੁਧਿਆਣਾ ਤੇ ਅੰਮ੍ਰਿਤਸਰ ਵਿਚ ਸਾਡੀ ਵੱਡੀ ਗਿਣਤੀ ਹੈ ਪਰ ਏਕਤਾ ਬਿਨਾਂ ਅਸੀਂ ਆਪਣੀ ਹੋਂਦ ਗਵਾ ਰਹੇ ਹਾਂ।

# ਐੱਨਕੇ ਸ਼ਰਮਾ ਨੇ ਸਿਹਤ ਸੇਵਾਵਾਂ ਦੇ ਮੁੱਦੇ 'ਤੇ ਵਿਰੋਧੀ ਉਮੀਦਵਾਰ ਘੇਰੇ

**ਪਾਤੜਾਂ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਹਲਕਾ ਪਟਿਆਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐੱਨਕੇ ਸ਼ਰਮਾ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਸਿਹਤ ਮੰਤਰੀ ਬਲਬੀਰ ਸਿੰਘ ਨੂੰ ਸਿਹਤ ਸੇਵਾਵਾਂ ਦੇ ਮੁੱਦੇ 'ਤੇ ਘੇਰਦਿਆਂ ਕਿਹਾ ਕਿ ਸਿਹਤ ਸੇਵਾਵਾਂ ਦੀ ਘਾਟ ਕਾਰਨ ਅੱਜ ਵੀ ਹਲਕਾ ਸ਼ੁਤਰਾਣਾ ਦੇ ਲੋਕਾਂ ਨੂੰ ਪਟਿਆਲਾ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਦੇ ਹਸਪਤਾਲਾਂ ਵਿੱਚ ਇਲਾਜ ਲਈ ਜਾਣਾ ਪੈਂਦਾ ਹੈ। ਉਹ ਹਲਕਾ ਇੰਚਾਰਜ ਬਾਬੂ ਕਬੀਰਦਾਸ, ਅਕਾਲੀ ਦਲ ਦੀ ਪੀਏਸੀ ਦੇ ਮੈਂਬਰ ਜਗਮੀਤ ਸਿੰਘ ਹਰਿਆਊ ਦੀ ਅਗਵਾਈ ਹੇਠ ਪਿੰਡ ਗੁਲਾੜ, ਸ਼ੇਰਗੜ੍ਹ, ਬਹਿਰ ਸਾਹਿਬ, ਮਤੋਲੀ, ਸ਼ੁਤਰਾਣਾ, ਬਾਦਸ਼ਾਹਪੁਰ, ਮਰੋੜੀ, ਅਸਮਾਨਪੁਰ, ਪਾਤੜਾਂ ਵਿੱਚ ਜਨਸਭਾਵਾਂ ਨੂੰ ਸੰਬੋਧਨ ਕਰ ਰਹੇ ਸਨ। ਪ੍ਰੋਗਰਾਮ ਦੌਰਾਨ ਚੌਧਰੀ ਬਲਵਾਨ ਸਿੰਘ, ਮਦਨ ਰਾਮ ਅਤੇ ਲੀਲਾ ਰਾਮ ਨੇ ਸਾਥੀਆਂ ਸਮੇਤ ਕਾਂਗਰਸ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਐੱਨਕੇ ਸ਼ਰਮਾ ਅਤੇ ਬਾਬੂ ਕਬੀਰ ਦਾਸ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਵਾਗਤ ਕੀਤਾ। ਐੱਨਕੇ ਸ਼ਰਮਾ ਨੇ ਕਿਹਾ ਕਿ ਕਿਸੇ ਵੀ ਪਾਰਟੀ ਨੇ ਵੀ ਇੱਥੋਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਇੱਕ ਵਾਰ ਪੇਂਡੂ ਵਿਅਕਤੀ ਨੂੰ ਚੋਣ ਜਿਤਾ ਕੇ ਲੋਕ ਸਭਾ ਵਿੱਚ ਭੇਜਣ। ਉਨ੍ਹਾਂ ਦੇ ਸਾਂਸਦ ਰਹਿੰਦਿਆਂ ਕਿਸੇ ਨੂੰ ਇਲਾਜ ਲਈ ਪਟਿਆਲਾ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ।

# ਬੇਰੁਜ਼ਗਾਰੀ ਦੇ ਝੰਬੇ ਮਜ਼ਦੂਰਾਂ ਨੇ ਉਮੀਦਵਾਰਾਂ ਨੂੰ ਕੀਤੇ ਤਿੱਖੇ ਸਵਾਲ

**ਨਾਭਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਬੇਰੁਜ਼ਗਾਰੀ ਤੋਂ ਪ੍ਰਭਾਵਿਤ ਪੇਂਡੂ ਮਜ਼ਦੂਰਾਂ ਨੇ ਅੱਜ ਵੱਡੀ ਗਿਣਤੀ ਇਕੱਠੇ ਹੋ ਕੇ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਤੋਂ ਸਵਾਲ ਪੁੱਛਿਆ ਕਿ ਉਨ੍ਹਾਂ ਨੂੰ ਮਨਰੇਗਾ ਤਹਿਤ ਵੀ 100 ਦਿਨ ਦਾ ਰੁਜ਼ਗਾਰ ਕਿਉਂ ਨਹੀਂ ਮਿਲ ਰਿਹਾ। ਅੱਜ ਡੈਮੋਕ੍ਰੇਟਿਕ ਮਨਰੇਗਾ ਫਰੰਟ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਸੰਸਦ ਦੀ ਸੀਟ ਦੇ ਚਾਹਵਾਨ ਉਮੀਦਵਾਰਾਂ ਅੱਗੇ ਸਵਾਲ ਰੱਖਿਆ ਕਿ ਉਹ ਪੇਂਡੂ ਮਜ਼ਦੂਰਾਂ ਦੇ ਰੁਜ਼ਗਾਰ ਅਤੇ ਮਨਰੇਗਾ ਨੂੰ ਕਾਨੂੰਨ ਮੁਤਾਬਕ ਚਲਾਉਣ ਖਾਤਰ ਕੀ ਕਰਨਗੇ?

ਵੱਖ ਵੱਖ ਪਿੰਡਾਂ ਵਿੱਚੋਂ ਪਹੁੰਚੇ ਮਜ਼ਦੂਰਾਂ ਨੇ ਆਪਣੀ ਹੱਡਬੀਤੀ ਬਿਆਨ ਕੀਤੀ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਮਨਰੇਗਾ ਤਹਿਤ ਰੁਜ਼ਗਾਰ ਪ੍ਰਾਪਤ ਕਰਨ ਲਈ ਮਿੰਨਤ ਤਰਲੇ ਕਰਨ 'ਤੇ ਮਜਬੂਰ ਕੀਤਾ ਜਾਂਦਾ ਹੈ ਜਦੋਂ ਕਿ ਕਾਨੂੰਨ ਮੁਤਾਬਕ ਕੰਮ ਲਈ ਅਰਜ਼ੀ ਮਿਲਣ 'ਤੇ 15 ਦਿਨ ਅੰਦਰ ਕੰਮ ਦੇਣ ਲਈ ਪ੍ਰਸ਼ਾਸਨ ਪਾਬੰਦ ਹੈ, ਨਹੀਂ ਤਾਂ ਬੇਰੁਜ਼ਗਾਰੀ ਭੱਤਾ ਦੇਣਾ ਹੁੰਦਾ ਹੈ ਪਰ ਉਨ੍ਹਾਂ ਨੂੰ ਕੁਝ ਵੀ ਹਾਸਲ ਨਹੀਂ ਹੁੰਦਾ। ਮੱਲੇਵਾਲ ਪਿੰਡ ਤੋਂ ਆਈ ਹਰਬੰਸ ਕੌਰ ਨੇ ਰੋਸ਼ ਜਤਾਇਆ ਕਿ ਉਸ ਨੂੰ ਸਾਰੇ ਸਾਲ ਵਿੱਚ ਸਿਰਫ 26 ਦਿਨ ਹੀ ਕੰਮ ਮਿਲਿਆ ਤੇ ਬਾਬਰਪੁਰ ਪਿੰਡ ਦੇ ਮੋਹਿੰਦਰ ਸਿੰਘ ਨੇ ਵਿਥਿਆ ਸੁਣਾਈ ਕਿ ਸ਼ਹਿਰਾਂ ਦੇ ਲੇਬਰ ਚੌਕ ਵਿੱਚ ਵਧਦੀ ਭੀੜ ਵਿੱਚੋਂ ਰੁਜ਼ਗਾਰ ਮਿਲਣਾ ਕਿਸਮਤ ਵਾਲੀ ਗੱਲ ਹੁੰਦੀ ਜਾ ਰਹੀ ਹੈ ਤੇ ਪਿੰਡ ਵਿੱਚ ਤਾਂ ਹੁਣ ਰੁਜ਼ਗਾਰ ਦੇ ਵਸੀਲੇ ਮਸ਼ੀਨਾਂ ਨੇ ਖੋਹ ਲਏ ਹਨ। ਇਸ ਸਭ ਦੇ ਦਰਮਿਆਨ ਸੂਬਾ ਸਰਕਾਰ ਮਨਰੇਗਾ ਦਾ ਸਹਾਰਾ ਵੀ ਉਹਨਾਂ ਕੋਲੋਂ ਖੋਹ ਰਹੀ ਹੈ।

ਆਗੂਆਂ ਨੇ ਰਾਜਸੀ ਆਗੂਆਂ ਦੀ ਮਜ਼ਦੂਰਾਂ ਪ੍ਰਤੀ ਬੇਰੁਖੀ ਉੱਪਰ ਅਫਸੋਸ ਪ੍ਰਗਟ ਕੀਤਾ। ਆਗੂ ਜਗਦੇਵ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਲਗਾਤਾਰ ਮਨਰੇਗਾ ਫੰਡ ਉੱਪਰ ਕੱਟ ਲਗਾਇਆ ਪਰ ਸਾਡੇ ਸੰਸਦ ਮੈਂਬਰ ਜਾਂ ਸੂਬਾ ਸਰਕਾਰ ਨੇ ਇਸ ਦਾ ਕਦੇ ਵਿਰੋਧ ਨਹੀਂ ਕੀਤਾ ਤਾਂ ਹੁਣ ਜਦੋਂ ਉਮੀਦਵਾਰ ਵੋਟ ਮੰਗਣ ਪਿੰਡਾਂ ਵਿੱਚ ਆਉਣ ਤਾਂ ਇਨ੍ਹਾਂ ਨੂੰ ਪੁੱਛਿਆ ਜਾਵੇ ਕਿ ਇਹ ਪੇਂਡੂ ਮਜ਼ਦੂਰਾਂ ਦੇ ਰੁਜ਼ਗਾਰ ਲਈ ਕੀ ਉਪਰਾਲੇ ਕਰਨਗੇ।

ਇਸ ਮੌਕੇ ਜਥੇਬੰਦੀ ਨੇ ਮਨਰੇਗਾ ਨੂੰ ਕਾਨੂੰਨ ਮੁਤਾਬਕ ਲਾਗੂ ਕਰਾਉਣ ਲਈ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਵੀ ਦਰਜ ਕਰਵਾਇਆ।

# ਚੋਣ ਕਮਿਸ਼ਨ ਦੇ ਵੋਟਿੰਗ ਫੀਸਦੀ ਅੰਕੜਿਆਂ 'ਤੇ ਬਵਾਲ, ਵਿਰੋਧੀ ਧਿਰ ਨੇ ਨਤੀਜਿਆਂ 'ਚ ਹੇਰਫੇਰ ਦਾ ਖਦਸ਼ਾ ਪ੍ਰਗਟਾਇਆ

**ਨਵੀਂ ਦਿੱਲੀ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**







ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦੇ ਪਹਿਲੇ ਪੜਾਅ ਦੀ ਵੋਟਿੰਗ ਦੇ 11 ਦਿਨ ਅਤੇ ਦੂਜੇ ਪੜਾਅ ਦੀ ਵੋਟਿੰਗ ਦੇ 4 ਦਿਨ ਬਾਅਦ ਅਧਿਕਾਰਤ ਅੰਕੜੇ ਜਾਰੀ ਕਰਨ ਨੂੰ ਲੈ ਕੇ ਵੱਖ-ਵੱਖ ਸਿਆਸੀ ਪਾਰਟੀਆਂ ਨੇ ਕਈ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਸ਼ੁਰੂਆਤੀ ਅੰਕੜਿਆਂ ਦੇ ਮੁਕਾਬਲੇ ਵੋਟਿੰਗ ਫੀਸਦੀ ਇੰਨੀ ਕਿਵੇਂ ਵਧ ਗਈ ਅਤੇ ਵੋਟਰਾਂ ਦੀ ਗਿਣਤੀ ਕਿਉਂ ਨਹੀਂ ਦਿੱਤੀ ਗਈ। ਸਿਆਸੀ ਪਾਰਟੀਆਂ ਨੇ ਵੀ ਚੋਣ ਨਤੀਜਿਆਂ ਵਿਚ ਹੇਰਫੇਰ ਦਾ ਖਦਸ਼ਾ ਪ੍ਰਗਟਾਇਆ ਹੈ। ਕਈ ਨੇਤਾਵਾਂ ਨੇ ਕਿਹਾ ਹੈ ਕਿ 2014 ਤੱਕ ਹਰ ਹਲਕੇ ਦੇ ਵੋਟਰਾਂ ਦੀ ਕੁੱਲ ਗਿਣਤੀ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਹਮੇਸ਼ਾ ਮੌਜੂਦ ਸੀ। ਕਮਿਸ਼ਨ ਨੂੰ ਪਾਰਦਰਸ਼ੀ ਹੋਣਾ ਚਾਹੀਦਾ ਹੈ ਅਤੇ ਇਸ ਡੇਟਾ ਨੂੰ ਅੱਗੇ ਰੱਖਣਾ ਚਾਹੀਦਾ ਹੈ।

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਲਈ ਚੋਣਾਂ ਸਬੰਧੀ ਸਾਰੇ ਅੰਕੜਿਆਂ ਬਾਰੇ ਸਮੇਂ ਸਿਰ ਅਤੇ ਪਾਰਦਰਸ਼ੀ ਹੋਣਾ ਜ਼ਰੂਰੀ ਹੈ ਅਤੇ ਉਨ੍ਹਾਂ ਨੂੰ ਜਨਤਕ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਐਕਸ 'ਤੇ ਇਕ ਪੋਸਟ 'ਚ ਪੁੱਛਿਆ ਕਿ ਪਹਿਲੇ ਪੜਾਅ ਦੀ ਵੋਟਿੰਗ ਤੋਂ 11 ਦਿਨ ਬਾਅਦ ਅਤੇ ਦੂਜੇ ਪੜਾਅ ਦੇ ਚਾਰ ਦਿਨ ਬਾਅਦ ਵੀ ਈ. ਸੀ. ਆਈ. ਵੱਲੋਂ ਅੰਤਿਮ ਵੋਟ ਫੀਸਦੀ ਜਾਰੀ ਨਹੀਂ ਕੀਤੀ ਗਈ। ਉਨ੍ਹਾਂ ਪੁੱਛਿਆ ਕਿ ਇਸ ਦੇਰੀ ਦਾ ਕੀ ਕਾਰਨ ਹੈ?

ਮਮਤਾ ਬੈਨਰਜੀ ਨੇ ਵੋਟਿੰਗ ਦੇ ਸੋਧੇ ਅੰਕੜਿਆਂ 'ਤੇ ਸਵਾਲ ਖੜ੍ਹੇ ਕਰਦਿਆਂ ਭਾਜਪਾ 'ਤੇ ਈ. ਵੀ. ਐੱਮ. ਮਸ਼ੀਨ ਨੂੰ ਬਦਲਣ ਦਾ ਦੋਸ਼ ਲਗਾਇਆ। ਮਮਤਾ ਬੈਨਰਜੀ ਨੇ ਚੋਣ ਕਮਿਸ਼ਨ ਵੱਲੋਂ ਜਾਰੀ ਨਵੇਂ ਵੋਟਿੰਗ ਅੰਕੜਿਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਅਸੀਂ ਚੋਣ ਕਮਿਸ਼ਨ ਨੂੰ ਕਹਾਂਗੇ ਕਿ ਲੋਕਾਂ ਦੇ ਸ਼ੱਕ ਨੂੰ ਦੂਰ ਕੀਤਾ ਜਾਵੇ। ਭਾਜਪਾ ਕਮਿਸ਼ਨ ਬਣਨ ਦਾ ਕੋਈ ਮਤਲਬ ਨਹੀਂ ਹੈ। ਭਾਰਤ ਦੇ ਲੋਕ ਤੁਹਾਨੂੰ ਇਕ ਸੁਤੰਤਰ ਚੋਣ ਕਮਿਸ਼ਨ ਵਜੋਂ ਕੰਮ ਕਰਦੇ ਦੇਖਣਾ ਚਾਹੁੰਦੇ ਹਨ। ਮਮਤਾ ਨੇ ਦਾਅਵਾ ਕੀਤਾ ਕਿ ਕਮਿਸ਼ਨ, ਜੋ ਵੋਟਿੰਗ ਵਾਲੇ ਦਿਨ ਦੇਰ ਸ਼ਾਮ ਜਾਂ ਅਗਲੀ ਸਵੇਰ ਅੰਤਿਮ ਪੋਲਿੰਗ ਅੰਕੜੇ ਭੇਜਦਾ ਹੈ, ਉਨ੍ਹਾਂ ਨੇ ਕੱਲ ਸ਼ਾਮ ਅੰਕੜਿਆਂ ਦਾ ਸੋਧਿਆ ਸੈੱਟ ਭੇਜਿਆ ਹੈ। ਇਸ 'ਚ ਬੰਗਾਲ 'ਚ ਪਹਿਲੇ ਪੜਾਅ ਲਈ ਅੰਤਿਮ ਅੰਕੜਾ 81.91 ਫੀਸਦੀ ਅਤੇ ਦੂਜੇ ਪੜਾਅ ਲਈ 76.58 ਫੀਸਦੀ ਰਿਹਾ ਸੀ। ਇਹ ਵੋਟਾਂ ਵਾਲੇ ਦਿਨ ਦੇ ਅੰਕੜਿਆਂ ਤੋਂ ਵੱਧ ਹੈ। ਪਹਿਲੇ ਪੜਾਅ ਲਈ 19 ਅਪ੍ਰੈਲ ਨੂੰ ਕਵਰੇਜ 77.6 ਫੀਸਦੀ ਸੀ ਅਤੇ ਦੂਜੇ ਪੜਾਅ ਲਈ 26 ਅਪ੍ਰੈਲ ਨੂੰ ਇਹ 71.8 ਫੀਸਦੀ ਸੀ।

ਸਿਆਸੀ ਵਿਸ਼ਲੇਸ਼ਕ ਯੋਗੇਂਦਰ ਯਾਦਵ ਨੇ ਐਕਸ 'ਤੇ ਲਿਖਿਆ ਕਿ ਉਸ ਨੇ 35 ਸਾਲਾਂ ਤੋਂ ਭਾਰਤੀ ਚੋਣਾਂ ਨੂੰ ਦੇਖਿਆ ਅਤੇ ਅਧਿਐਨ ਕੀਤਾ ਹੈ। ਸ਼ੁਰੂਆਤੀ (ਪੋਲਿੰਗ ਦਿਨ ਸ਼ਾਮ) ਅਤੇ ਅੰਤਿਮ ਪੋਲਿੰਗ ਅੰਕੜਿਆਂ 'ਚ 3 ਤੋਂ 5 ਫੀਸਦੀ ਅੰਕਾਂ ਦਾ ਅੰਤਰ ਅਸਧਾਰਨ ਨਹੀਂ ਸੀ, ਸਾਨੂੰ 24 ਘੰਟਿਆਂ ਦੇ ਅੰਦਰ ਅੰਤਿਮ ਅੰਕੜੇ ਮਿਲ ਜਾਂਦੇ ਹਨ। ਇਸ ਵਾਰ ਅਸਾਧਾਰਨ ਅਤੇ ਚਿੰਤਾਜਨਕ ਇਹ ਹੈ ਕਿ ਪਹਿਲੇ ਅਤੇ ਅੰਤਿਮ ਅੰਕੜੇ ਜਾਰੀ ਕਰਨ ਵਿਚ 11 ਦਿਨਾਂ ਦੀ ਦੇਰੀ ਹੋਈ ਹੈ। ਦੂਜਾ, ਹਰੇਕ ਹਲਕੇ ਅਤੇ ਇਸ ਦੇ ਹਿੱਸੇ ਲਈ ਵੋਟਰਾਂ ਦੀ ਅਸਲ ਗਿਣਤੀ ਅਤੇ ਵੋਟਾਂ ਦਾ ਖੁਲਾਸਾ ਨਾ ਹੋਣਾ ਵੀ ਚਿੰਤਾਜਨਕ ਹੈ। ਕਮਿਸ਼ਨ ਨੂੰ ਇਸ ਬੇਲੋੜੀ ਦੇਰੀ ਅਤੇ ਰਿਪੋਰਟਿੰਗ ਫਾਰਮੈਟ ਵਿਚ ਅਚਾਨਕ ਤਬਦੀਲੀ ਦੀ ਵੀ ਵਿਆਖਿਆ ਕਰਨੀ ਚਾਹੀਦੀ ਹੈ।

ਚੋਣ ਕਮਿਸ਼ਨ ਦੇ ਇਨ੍ਹਾਂ ਅੰਕੜਿਆਂ ਨੂੰ ਲੈ ਕੇ ਸੀਤਾਰਾਮ ਯੇਚੁਰੀ ਨੇ 'ਐਕਸ' 'ਤੇ ਲਿਖਿਆ ਕਿ ਆਖ਼ਿਰਕਾਰ ਚੋਣ ਕਮਿਸ਼ਨ ਨੇ ਪਹਿਲੇ ਦੋ ਪੜਾਵਾਂ ਲਈ ਵੋਟਾਂ ਦੇ ਅੰਤਿਮ ਅੰਕੜੇ ਪੇਸ਼ ਕਰ ਦਿੱਤੇ ਹਨ, ਜੋ ਆਮ ਵਾਂਗ ਮਾਮੂਲੀ ਨਹੀਂ ਹਨ ਪਰ ਸ਼ੁਰੂਆਤੀ ਅੰਕੜਿਆਂ ਤੋਂ ਵੱਧ ਹਨ। ਹਰੇਕ ਸੰਸਦੀ ਹਲਕੇ ਵਿਚ ਵੋਟਰਾਂ ਦੀ ਪੂਰੀ ਗਿਣਤੀ ਕਿਉਂ ਨਹੀਂ ਦੱਸੀ ਜਾਂਦੀ? ਇਕ ਹੋਰ ਪੋਸਟ 'ਚ ਯੇਚੁਰੀ ਨੇ ਲਿਖਿਆ, 'ਮੈਂ ਹਰ ਹਲਕੇ 'ਚ ਰਜਿਸਟਰਡ ਵੋਟਰਾਂ ਦੀ ਸੰਪੂਰਨ ਗਿਣਤੀ ਦੀ ਗੱਲ ਕਰ ਰਿਹਾ ਹਾਂ, ਪੋਲ ਹੋਈਆਂ ਵੋਟਾਂ ਦੀ ਗਿਣਤੀ ਦੀ ਨਹੀਂ, ਜੋ ਪੋਸਟਲ ਬੈਲੇਟ ਦੀ ਗਿਣਤੀ ਤੋਂ ਬਾਅਦ ਹੀ ਪਤਾ ਲੱਗੇਗਾ।

ਹਰ ਚੋਣ ਹਲਕੇ 'ਚ ਵੋਟਰਾਂ ਦੀ ਕੁਝ ਗਿਣਤੀ ਕਿਉਂ ਨਹੀਂ ਦੱਸੀ ਜਾ ਰਹੀ ਹੈ? ਚੋਣ ਕਮਿਸ਼ਨ ਨੂੰ ਜਵਾਬ ਦੇਣਾ ਹੋਵੇਗਾ।

# ਰੇਲਵੇ ਟਰੈਕ ਤੋਂ ਧਰਨਾ ਚੁਕਵਾਉਣ ਲਈ ਕਿਸਾਨਾਂ ਨੂੰ ਮਿਲੇ ਵਪਾਰੀ

**ਪਟਿਆਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਤਿੰਨ ਕਿਸਾਨ ਆਗੂਆਂ ਦੀ ਰਿਹਾਈ ਲਈ 17 ਦਿਨਾਂ ਤੋਂ ਸ਼ੰਭੂ ਰੇਲਵੇ ਸਟੇਸ਼ਨ ਕੋਲ ਰੇਲਵੇ ਟਰੈਕ 'ਤੇ ਧਰਨਾ ਦਿੱਤਾ ਜਾ ਰਿਹਾ ਹੈ ਜਿਸ ਕਾਰਨ ਉਨ੍ਹਾਂ ਵਪਾਰੀਆਂ ਦੇ ਕਾਰੋਬਾਰ 'ਤੇ ਅਸਰ ਪੈ ਰਿਹਾ ਹੈ, ਜਿਨ੍ਹਾਂ ਦਾ ਕਾਰੋਬਾਰ ਦਿੱਲੀ ਅਤੇ ਹੋਰ ਸ਼ਹਿਰਾਂ ਨਾਲ ਹੈ। ਇਸ ਸਬੰਧੀ ਅੱਜ ਪੰਜਾਬ ਅਤੇ ਹਰਿਆਣਾ ਦੇ ਵਪਾਰੀਆਂ ਨੇ ਇਸ ਧਰਨੇ ਦੀ ਅਗਵਾਈ ਕਰ ਰਹੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਹੋਰ ਕਿਸਾਨ ਆਗੂਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਵਪਾਰੀਆਂ ਦਾ ਕਹਿਣਾ ਸੀ ਕਿ ਕਿਸਾਨੀ ਮੰਗਾਂ ਨੂੰ ਲੈ ਕੇ ਵਪਾਰੀ ਵਰਗ ਵੀ ਕਿਸਾਨਾਂ ਦਾ ਹਮਾਇਤੀ ਹੈ ਪਰ ਕਿਸਾਨਾਂ ਦੇ ਰੇਲਵੇ ਟਰੈਕ 'ਤੇ ਧਰਨੇ ਕਾਰਨ ਉਨ੍ਹਾਂ ਦਾ ਨੁਕਸਾਨ ਹੋ ਰਿਹਾ ਹੈ। ਦੂਜੇ ਬੰਨ੍ਹੇ ਕਿਸਾਨ ਆਗੂਆਂ ਨੇ ਵਪਾਰੀਆਂ ਨੂੰ ਕਿਹਾ ਕਿ ਉਹ ਤਿੰਨ ਕਿਸਾਨਾਂ ਦੀ ਰਿਹਾਈ ਲਈ ਹਕੂਮਤ 'ਤੇ ਦਬਾਅ ਪਾਉਣ ਤਾਂ ਕਿ ਇਹ ਧਰਨਾ ਚੁੱਕਿਆ ਜਾ ਸਕੇ। ਇਹ ਮੀਟਿੰਗ ਪਟਿਆਲਾ ਜ਼ਿਲ੍ਹੇ ਦੇ ਪਾਤੜਾਂ ਸ਼ਹਿਰ ਵਿਚਲੇ ਇੱਕ ਹੋਟਲ 'ਚ ਹੋਈ। ਇਸ ਮੀਟਿੰਗ 'ਚ ਕਾਕਾ ਸਿੰਘ ਕੋਟੜਾ, ਜਸਵਿੰਦਰ ਲੌਂਗੋਵਾਲ ਵੀ ਸ਼ਾਮਲ ਸਨ ਜਦਕਿ ਵਪਾਰੀ ਲੁਧਿਆਣਾ ਅਤੇ ਅੰਬਾਲਾ ਤੋਂ ਆਏ ਸਨ। ਇਸ ਦੀ ਪੁਸ਼ਟੀ ਜਗਜੀਤ ਸਿੰਘ ਡੱਲੇਵਾਲ ਨੇ ਕੀਤੀ ਹੈ।

# ਸੁਖਮਨੀ ਕਾਲਜ ਦਾ ਵਿਦਿਆਰਥੀ ਨਾਜਾਇਜ਼ ਅਸਲੇ ਸਣੇ ਕਾਬੂ


-ਪੁਲੀਸ ਮੁਲਜ਼ਮ ਨੂੰ ਮੁੜ ਤੋਂ ਤਲਾਸ਼ੀ ਲੈਣ ਲਈ ਉਸਦੇ ਕਮਰੇ ਵਿੱਚ ਲੈ ਕੇ ਜਾਂਦੀ ਹੋਈ।

**ਡੇਰਾ ਬਸੀ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਨੇ ਇਥੋਂ ਦੇ ਸੁਖਮਨੀ ਕਾਲਜ ਦੇ ਵਿਦਿਆਰਥੀ ਨੂੰ ਨਾਜਾਇਜ਼ ਅਸਲੇ ਸਣੇ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਉਦੈ ਰਾਣਾ ਵਾਸੀ ਪਿੰਡ ਟਾਬਰ ਥਾਣਾ ਨੁਕੜ ਜ਼ਿਲ੍ਹਾ ਸਹਾਰਨਪੁਰ ਉੱਤਰ ਪ੍ਰਦੇਸ਼ ਹਾਲ ਵਾਸੀ ਪੀ.ਜੀ. ਨੇੜੇ ਸੁਖਮਨੀ ਕਾਲਜ ਦੇ ਰੂਪ ਵਿੱਚ ਹੋਈ ਹੈ। ਪੁਲੀਸ ਨੇ ਦੱਸਿਆ ਕਿ ਮੁਲਜ਼ਮ ਸੁਖਮਨੀ ਕਾਲਜ ਵਿੱਚ ਫਾਰਮੇਸੀ ਦੀ ਪਹਿਲੇ ਸਾਲ ਦੀ ਪੜ੍ਹਾਈ ਕਰ ਰਿਹਾ ਹੈ।

ਇਸ ਸਬੰਧੀ ਕੀਤੀ ਪ੍ਰੈਸ ਕਾਨਫਰੰਸ ਵਿੱਚ ਏ.ਐਸ.ਪੀ. ਵੈਭਵ ਚੌਧਰੀ ਅਤੇ ਥਾਣਾ ਮੁਖੀ ਸਹਾਇਕ ਇੰਸਪੈਕਟਰ ਅਜੀਤੇਸ਼ ਕੌਸ਼ਲ ਨੇ ਦੱਸਿਆ ਕਿ ਏ.ਐਸ.ਆਈ. ਅਸ਼ੋਕ ਕੁਮਾਰ ਪੁਲੀਸ ਪਾਰਟੀ ਨਾਲ ਸੁਖਮਨੀ ਕਾਲਜ ਦੇ ਨੇੜੇ ਪੇਇੰਗ ਗੈਸਟ ਦੀ ਤਲਾਸ਼ੀ ਲੈ ਰਹੇ ਸਨ। ਇਸ ਦੌਰਾਨ ਇਕ ਕਮਰੇ ਦੀ ਤਲਾਸ਼ੀ ਦੌਰਾਨ ਉਥੇ ਹਾਜ਼ਰ ਨੌਜਵਾਨ ਪੁਲੀਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਉਥੋਂ ਫ਼ਰਾਰ ਹੋਣ ਲੱਗਾ। ਪੁਲੀਸ ਨੇ ਉਸ ਨੂੰ ਰੋਕ ਕੇ ਸਖ਼ਤੀ ਨਾਲ ਪੁੱਛਗਿਛ ਕੀਤੀ ਤਾਂ ਉਸਨੇ ਮੰਨਿਆ ਕਿ ਉਸਨੇ ਆਪਣੇ ਕਪੜਿਆਂ ਦੀ ਅਲਮਾਰੀ ਵਿੱਚ ਦੇਸ਼ੀ ਕੱਟਾ .32 ਬੋਰ ਦਾ ਲੁਕਾ ਕੇ ਰੱਖਿਆ ਹੋਇਆ ਹੈ। ਪੁਲੀਸ ਨੇ ਉਸਦੀ ਦੱਸੀ ਥਾਂ ਦੀ ਤਲਾਸ਼ੀ ਲਈ ਤਾਂ ਉਥੋਂ ਇਕ ਦੇਸ਼ੀ ਕੱਟਾ .32 ਬੋਰ ਦਾ ਬਰਾਮਦ ਕੀਤਾ।

ਪੁਲੀਸ ਨੇ ਮੁਲਜ਼ਮ ਖ਼ਿਲਾਫ਼ ਅਸਲਾ ਐਕਟ ਤਹਿਤ ਕੇਸ ਦਰਜ ਕਰ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਨੇ ਉਸ ਨੂੰ ਇਕ ਦਿਨ ਦੇ ਪੁਲੀਸ ਰਿਮਾਂਡ ’ਤੇ ਭੇਜ ਦਿੱਤਾ। ਏ.ਐਸ.ਪੀ. ਵੈਭਵ ਚੌਧਰੀ ਨੇ ਦੱਸਿਆ ਕਿ ਮੁਲਜ਼ਮ ਤੋਂ ਪੁੱਛਗਿਛ ਵਿੱਚ ਸਾਹਮਣੇ ਆਏਗਾ ਕਿ ਉਸਨੇ ਇਹ ਅਸਲਾ ਕਿਉਂ ਰੱਖਿਆ ਸੀ ਅਤੇ ਕਿਥੋਂ ਲਿਆ ਸੀ। ਉਨ੍ਹਾਂ ਨੇ ਦੱਸਿਆ ਕਿ ਇਹ ਵੀ ਪੁੱਛਗਿਛ ਵਿੱਚ ਸਾਹਮਣੇ ਆਏਗਾ ਕਿ ਉਸ ਵੱਲੋਂ ਇਸ ਕੱਟੇ ਦੀ ਮਦਦ ਨਾਲ ਕੋਈ ਵਾਰਦਾਤ ਨੂੰ ਅੰਜਾਮ ਤਾਂ ਨਹੀਂ ਦਿੱਤਾ। ਪੁਲੀਸ ਅੱਜ ਮੁਲਜ਼ਮ ਨੂੰ ਮੁੜ ਤੋਂ ਉਸਦੇ ਕਮਰੇ ਵਿੱਚ ਲੈ ਗਈ ਅਤੇ ਹੋਰ ਬਰੀਕੀ ਨਾਲ ਤਲਾਸ਼ੀ ਲਈ। ਪੁਲੀਸ ਨੂੰ ਸ਼ੱਕ ਹੈ ਕਿ ਮੁਲਜ਼ਮ ਤੋਂ ਜਿੰਦਾ ਕਾਰਤੂਸ ਵੀ ਬਰਾਮਦ ਹੋ ਸਕਦੇ ਹਨ।

# 10 ਗ੍ਰਾਮ ਸਮੈਕ ਸਮੇਤ ਵਿਅਕਤੀ ਕੀਤਾ ਗਿਆ ਕਾਬੂ



**ਨਾਭਾ, 7 ਮਈ -**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਐਸ.ਪੀ. ਵਰੁਣ ਸ਼ਰਮਾ ਪਟਿਆਲਾ ਦੇ ਦਿਸ਼ਾ ਨਿਰਦੇਸ਼ ’ਤੇ ਕੇ ਤਲਾਸ਼ੀ ਦੌਰਾਨ ਉਸ ਕੋਲੋਂ 10 ਗ੍ਰਾਮ ਸਮੈਕ ਬ੍ਰਾਮਦ ਕੀਤੀ। ਉਸ ਨੇ ਆਪਣਾ ਨਾਮ ਸੁਰਿੰਦਰ ਕੁਮਾਰ ਵਾਸੀ ਪਿੰਡ ਰੋਹਟੀ ਛੰਨਾ ਦੱਸਿਆ।ਜਦੋਂ ਉਸ ਤੋਂ ਪੁੱਛਗਿਛ ਕੀਤੀ ਗਈ ਪਤਾ ਲੱਗਿਆ ਤਾਂ ਉਸ ’ਤੇ ਪਹਿਲਾਂ ਵੀ ਐਨ.ਡੀ.ਪੀ.ਏ.ਐਸ ਤਹਿਤ ਮੁਕੱਦਮਾ ਦਰਜ ਸੀ, 10 ਸਾਲ ਦੀ ਕੈਦ ਕੱਟ ਕੇ ਕੁਝ ਸਮਾਂ ਪਹਿਲਾਂ ਹੀ ਨਾਭਾ ਜੇਲ੍ਹ ’ਚੋਂ ਬਾਹਰ ਆਇਆ ਸੀ। ਇਸ ਡੀ.ਐਸ.ਪੀ.ਦਵਿੰਦਰ ਅਤਰੀ ਨਾਭਾ ਅਤੇ ਥਾਣਾ ਸਦਰ ਨਾਭਾ ਦੇ ਐਸ.ਐਚ.ਓ.ਸੁਖਦੇਵ ਸਿੰਘ ਦੀ ਦੇਖ ਰੇਖ ਹੇਠ ਨਸ਼ਾ ਵਿਰੋਧੀ ਦੇ ਲਈ ਸਰਚ ਆਪ੍ਰੇਸ਼ਨ ਕੀਤਾ ਗਿਆ। ਰੋਹਟੀ ਪੁਲ ਇੰਚਾਰਜ ਜੈਦੀਪ ਕੁਮਾਰ ਵੱਲੋਂ ਆਪਣੀ ਪੁਲਿਸ ਪਾਰਟੀ ਨਾਲ ਸ਼ੱਕ ਦੇ ਆਧਾਰ ’ਤੇ ਇੱਕ ਵਿਅਕਤੀ ਨੂੰ ਰੋਕ ਦੇ ਖਿਲਾਫ ਥਾਣਾ ਸਦਰ ਨਾਭਾ ਅੰਦਰ ਮੁਕਦਮਾ ਨੰਬਰ 77 ਦੇ ਤਹਿਤ ਕੇਸ ਦਰਜ ਕੀਤਾ। ਇਸ ਸਮੇਂ ਪੁਲਿਸ ਪਾਰਟੀ ਵਿੱਚ ਹੌਲਦਾਰ ਅਮਰਿੰਦਰ ਸਿੰਘ ਤੇ ਸੁਖਵਿੰਦਰ ਸਿੰਘ, ਕਾਂਸਟੇਬਲ ਪਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਜ਼ੀਰਕਪੁਰ ’ਚ ਬੇਲਗਾਮ ਆਟੋ ਬਣੇ ਸਿਰਦਰਦੀ ਦਾ ਕਾਰਨ


ਪਟਿਆਲਾ ਸੜਕ ਤੇ ਖੜੇ ਆਟੋ

**ਜ਼ੀਰਕਪੁਰ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੀਰਕਪੁਰ ਸ਼ਹਿਰ ਅੰਦਰ ਟ੍ਰੈਫਿਕ ਵਿਵਸਥਾ ਦਾ ਹਾਲ ਦਿਨ-ਬ-ਦਿਨ ਵਿਗੜਦਾ ਜਾ ਰਿਹਾ ਹੈ। ਸ਼ਹਿਰ ਅੰਦਰ ਹਰੇਕ ਲਾਈਟ ਪੁਆਇੰਟ ’ਤੇ ਲੱਗ ਰਹੇ ਵੱਡੇ-ਵੱਡੇ ਟ੍ਰੈਫਿਕ ਜਾਮਾਂ ਤੋਂ ਰਾਹਗੀਰ ਬਹੁਤ ਜ਼ਿਆਦਾ ਪਰੇਸ਼ਾਨ ਹੋ ਰਹੇ ਹਨ ਜਿਸ ਵੱਲ ਟ੍ਰੈਫਿਕ ਪੁਲਿਸ ਧਿਆਨ ਤਾਂ ਦੇ ਰਹੀ ਹੈ ਪਰ ਸ਼ਹਿਰ ’ਚ ਇਸ ਸਮੱਸਿਆ ਵੱਲ ਉੱਚ ਅਧਿਕਾਰੀ ਕੋਈ ਵੱਡਾ ਉਪਰਾਲਾ ਨਹੀਂ ਕਰ ਰਹੇ। ਇਸ ਨਾਲ ਲੋਕਾਂ ਨੂੰ ਇਸ ਸਮੱਸਿਆ ਤੋਂ ਨਿਜਾਤ ਦਵਾਈ ਜਾ ਸਕੇ। ਰਾਹਗੀਰਾਂ ਦਾ ਕਹਿਣਾ ਹੈ ਕਿ ਆਟੋ ਚਾਲਕਾਂ ਵੱਲੋਂ ਗ਼ਲਤ ਢੰਗ ਨਾਲ ਕੀਤੀ ਜਾ ਰਹੀ ਪਾਰਕਿੰਗ ਕਾਰਨ ਹਰੇਕ ਲਾਈਟ ਪੁਆਇੰਟ ’ਤੇ ਵੱਡੇ-ਵੱਡੇ ਜਾਮ ਲੱਗ ਰਹੇ ਹਨ। ਸੜਕ ਵਿਚਾਲੇ ਆਟੋ ਖੜੇ ਕਰ ਆਵਾਜਾਈ ’ਚ ਅੜਿੱਕਾ ਪੈਦਾ ਕਰ ਰਹੇ ਹਨ ਜਿਸ ਨੂੰ ਰੋਕਣ ’ਚ ਟ੍ਰੈਫਿਕ ਪੁਲਿਸ ਨਾਕਾਮ ਸਾਬਤ ਹੋ ਰਹੀ ਹੈ। ਆਟੋ ਚਾਲਕ ਟ੍ਰੈਫਿਕ ਪੁਲਿਸ ਕਰਮਚਾਰੀਆਂ ਦੇ ਸਾਹਮਣੇ ਹੀ ਆਟੋ ਖੜੇ ਕਰ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉੱਡਾ ਰਹੇ ਹਨ। ਸੜਕ ਵਿਚਾਲੇ ਆਟੋ ਖੜ੍ਹੇ ਕਾਰਨ ਜਿਥੇ ਹਾਦਸੇ ਵਾਪਰਦੇ ਹਨ ਉਥੇ ਆਵਾਜਾਈ ਵੀ ਪ੍ਰਭਾਵਿਤ ਹੁੰਦੀ ਹੈ। ਸਥਾਨਕ ਪਟਿਆਲਾ ਚੌਂਕ ’ਚ ਆਟੋ ਰਿਕਸ਼ਾ ਚਾਲਕਾਂ ਦਾ ਨਾਜਾਇਜ਼ ਕਬਜ਼ਾ ਟ੍ਰੈਫਿਕ ਸਮੱਸਿਆ ਨੂੰ ਵਧਾ ਰਿਹਾ ਹੈ। ਦੱਸਣਯੋਗ ਹੈ ਜਦੋਂ ਇਸ ਸਬੰਧੀ ਆਟੋ ਰਿਕਸ਼ਾ ਚਾਲਕਾਂ ਕੀ ਚੌਂਕਾਂ ’ਚ ਗ਼ਲਤ ਢੰਗ ਨਾਲ ਪਾਰਕਿੰਗ ਕਰਨ ਤੇ ਟ੍ਰੈਫਿਕ ਪੁਲਿਸ ਵੀ ਉਨ੍ਹਾਂ ਦਾ ਕੋਈ ਚਲਾਨ ਨਹੀਂ ਕਰਦੀ। ਰਾਹਗੀਰਾਂ ਨੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਤੋਂ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਜ਼ੀਰਕਪੁਰ ’ਚ ਆਟੋ ਚਾਲਕ ਸਵਾਰੀਆਂ ਨੂੰ ਬਿਠਾਉਣ ਲਈ ਸੜਕ ’ਤੇ ਕਿਸੇ ਵੀ ਥਾਂ ਆਟੋ ਨੂੰ ਰੋਕ ਕੇ ਆਵਾਜਾਈ ’ਚ ਵਿਘਨ ਪਾਉਂਦੇ ਹਨ। ਸ਼ਹਿਰ ’ਚੋਂ ਨਿਕਲ ਰਹੀ ਚੰਡੀਗੜ੍ਹ-ਅੰਬਾਲਾ ਮੁੱਖ ਸੜਕ, ਜ਼ੀਰਕਪੁਰ-ਪਟਿਆਲਾ ਸੜਕ ਤੇ ਜ਼ੀਰਕਪੁਰ-ਪੰਚਕੂਲਾ ਸੜਕ ’ਤੇ ਹਰ ਵੇਲੇ ਸਵਾਰੀਆਂ ਨੂੰ ਬਿਠਾਉਣ ਲਈ ਇਕ ਦੇ ਪਿੱਛੇ ਇੱਕ ਆਟੋ ਖੜ੍ਹੇ ਰਹਿੰਦੇ ਹਨ। ਇਸ ਕਾਰਨ ਇਥੇ ਰੋਜ਼ਾਨਾ ਜਾਮ ਲੱਗਦੇ ਹਨ ਤੇ ਹਾਦਸਿਆਂ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਬਾਰੇ ਸੰਪਰਕ ਕਰਨ ’ਤੇ ਟ੍ਰੈਫਿਕ ਇੰਚਾਰਜ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਸੜਕਾਂ ’ਤੇ ਨਾਜਾਇਜ਼ ਤੌਰ ’ਤੇ ਵਾਹਨ ਖੜ੍ਹੇ ਕਰਨ ਵਾਲਿਆਂ ਖ਼ਿਲਾਫ਼ ਸਮੇਂ-ਸਮੇਂ ’ਤੇ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਏਗੀ ਤੇ ਇਸ ਨੂੰ ਯਕੀਨੀ ਬਣਾਉਣ ਲਈ ਸਖ਼ਤੀ ਵਰਤੀ ਜਾਏਗੀ।

# ਅਕਾਲੀ ਦਲ ਦੀ ਜਿੱਤ ਨਾਲ ਪੰਜਾਬੀਆਂ ਦੀ ਜਿੱਤ ਹੋਵੇਗੀ: ਸੁਖਬੀਰ




**ਲੁਧਿਆਣਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਖੇਤਰੀ ਹੀ ਨਹੀਂ ਬਲਕਿ ਹਰ ਵਰਗ ਦੀ ਸਾਂਝੀ ਪਾਰਟੀ ਹੈ ਤੇ ਇਸ ਨੂੰ ਜਿਤਾਉਣ ਨਾਲ ਪੰਜਾਬੀਆਂ ਦੀ ਆਪਣੀ ਜਿੱਤ ਹੋਵੇਗੀ। ਉਹ ਬੀਤੀ ਦੇਰ ਸ਼ਾਮ ਪਿੰਡ ਸੁਨੇਤ ਵਿੱਚ ਕੁਲਵਿੰਦਰ ਕਿੰਦਾ ਵੱਲੋਂ ਖੋਲ੍ਹੇ ਚੋਣ ਦਫ਼ਤਰ ਦੇ ਉਦਘਾਟਨ ਮੌਕੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਭਗਵੰਤ ਮਾਨ ਸਰਕਾਰ ਤੋਂ ਪੰਜਾਬ ਦੇ ਲੋਕ ਹੁਣ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ ਕਿਉਂਕਿ ਇਹ ਲੋਕ ਸਿਰਫ਼ ਗੱਲਾਂ ਕਰ ਕੇ ਹੀ ਜਨਤਾ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਲੋਕਾਂ ਨੂੰ ਦਲ ਬਦਲੂਆਂ ਅਤੇ ਬਾਹਰਲਿਆਂ ਤੋਂ ਬਚਣ ਦੀ ਅਪੀਲ ਕਰਦਿਆਂ ਕਿਹਾ ਕਿ ਜਿਹੜੇ ਆਪਣੀ ਪਾਰਟੀ ਦੇ ਸਕੇ ਨਹੀਂ ਹੋਏ, ਉਹ ਪੰਜਾਬੀਆਂ ਦੇ ਸਕੇ ਕਿਥੋਂ ਹੋਣਗੇ। ਉਨ੍ਹਾਂ ਕਿਹਾ ਕਿ ਰਣਜੀਤ ਸਿੰਘ ਢਿੱਲੋਂ ਲੋਕਾਂ ਦੇ ਵਫ਼ਾਦਾਰ ਤੇ ਹਲਕੇ ਦੇ ਆਗੂ ਹਨ। ਇਸ ਲਈ ਇਨ੍ਹਾਂ ਨੂੰ ਵੱਡੇ ਫ਼ਰਕ ਨਾਲ ਜਿਤਾ ਕੇ ਸੰਸਦ ਵਿੱਚ ਭੇਜਿਆ ਜਾਵੇ।

ਇਸ ਮੌਕੇ ਬੀਬੀ ਪਰਨੀਤ ਸ਼ਰਮਾ ਨੇ ਭਰੋਸਾ ਦਿੱਤਾ ਕਿ ਇਲਾਕੇ ਦੀ ਇੱਕ-ਇੱਕ ਵੋਟ ਸ੍ਰੀ ਢਿੱਲੋਂ ਦੇ ਹੱਕ ਵਿੱਚ ਭੁਗਤੇਗੀ ਅਤੇ ਉਹ ਜਿੱਤ ਹਾਸਲ ਕਰਨਗੇ। ਇਸ ਮੌਕੇ ਜਗਦੀਸ਼ ਸਿੰਘ ਗਰਚਾ, ਪ੍ਰਧਾਨ ਭੁਪਿੰਦਰ ਸਿੰਘ ਭਿੰਦਾ, ਹਰਜਿੰਦਰ ਸਿੰਘ ਗਰਚਾ, ਹਿਤੇਸ਼ ਇੰਦਰ ਸਿੰਘ ਗਰੇਵਾਲ, ਹਰਪ੍ਰੀਤ ਸਿੰਘ ਸ਼ਿਵਾਲਿਕ, ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਮਨਪ੍ਰੀਤ ਸਿੰਘ ਮੰਨਾ, ਹਰਪ੍ਰੀਤ ਮੈਕਟ, ਗੁਰਦੀਪ ਸਿੰਘ ਲੀਲ, ਇੰਦਰਜੀਤ ਸਿੰਘ ਸਾਹਨੀ ਆਦਿ ਵੀ ਹਾਜ਼ਰ ਸਨ।

# ਕਾਂਗਰਸ ਪੰਜਾਬ ਦੀਆਂ ਸਾਰੀਆਂ ਦੀਆਂ ਸਾਰੀਆਂ13 ਸੀਟਾਂ ਜਿੱਤੇਗੀ - ਬਲਬੀਰ ਸਿੱਧੂ

**ਮੋਹਾਲੀ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਅੱਜ ਮੋਹਾਲੀ ਵਿਖੇ ਇੱਕ ਵਿਸ਼ਾਲ ਚੋਣ ਜਲਸੇ ਦੀ ਅਗਵਾਈ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਲਈ ਕਾਂਗਰਸੀ ਉਮੀਦਵਾਰ ਵਿਜੇ ਇੰਦਰ ਸਿੰਗਲਾ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ।

ਸ੍ਰੀ ਸਿੱਧੂ ਨੇ ਇਸ ਮੌਕੇ ਉੱਤੇ ਆਪਣੇ ਸੰਬੋਧਨ ਵਿਚ ਦਾਅਵਾ ਕੀਤਾ ਕਿ ਅਨੰਦਪੁਰ ਸਾਹਿਬ ਹਲਕੇ ਸਮੇਤ ਕਾਂਗਰਸ ਪਾਰਟੀ ਦੇ ਸਾਰੇ 13 ਹਲਕਿਆਂ ਵਿਚ ਜਿੱਤ ਪ੍ਰਾਪਤ ਕਰੇਗੀ। ਉਹਨਾਂ ਕਿਹਾ ਕਿ ਅਨੰਦਪੁਰ ਸਾਹਿਬ ਹਲਕੇ ਦੇ ਉਮੀਦਵਾਰ ਵਿਜੇ ਇੰਦਰ ਸਿੰਗਲਾ ਦੀ ਚੋਣ ਮੁਹਿੰਮ ਨੂੰ ਪਹਿਲੇ ਦਿਨ ਹੀ ਮਿਲੇ ਭਰਵੇਂ ਹੁੰਗਾਰੇ ਤੋਂ ਸਪਸ਼ਟ ਹੋ ਗਿਆ ਹੈ ਕਿ ਉਹ ਵੀ ਭਾਰੀ ਫ਼ਰਕ ਨਾਲ ਜਿੱਤ ਹਾਸਲ ਕਰਨਗੇ। ਉਹਨਾਂ ਹੋਰ ਕਿਹਾ ਕਿ ਮੋਹਾਲੀ ਹਲਕੇ ਦੇ ਸਾਰੇ ਕਾਂਗਰਸੀ ਵਰਕਰ ਉਹਨਾਂ ਦੀ ਜਿੱਤ ਲਈ ਦਿਨ ਰਾਤ ਮਿਹਨਤ ਕਰਨਗੇ। ਅੱਜ ਦੇ ਚੋਣ ਜਲਸੇ ਵਿਚ ਸ਼ਹਿਰ ਦੇ ਕੌਂਸਲਰਾਂ ਅਤੇ ਇਲਾਕੇ ਦੇ ਸਰਪੰਚਾਂ ਵਿਚ ਭਾਰੀ ਉਤਸ਼ਾਹ ਸੀ।ਕਾਂਗਰਸੀ ਆਗੂ ਨੇ ਕਿਹਾ ਕਿ ਪੂਰੇ ਮੁਲਕ ਤੇ ਪੰਜਾਬ ਨੂੰ ਮੁੜ ਕਾਂਗਰਸ ਪਾਰਟੀ ਦੀ ਅਗਵਾਈ ਦੀ ਲੋੜ ਹੈ। ਉਹਨਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਸ਼ਰੇਆਮ ਸੰਵਿਧਾਨਕ ਸੰਸਥਾਵਾਂ ਨੂੰ ਤਬਾਹ ਕਰ ਕੇ ਲੋਕਤੰਤਰ ਦਾ ਗੱਲਾਂ ਘੋਟ ਰਹੀ ਹੈ।

ਸ੍ਰੀ ਸਿੱਧੂ ਨੇ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਤੋਂ ਮੂੰਹ ਮੋੜ ਲੈਣ ਅਤੇ ਕੇਂਦਰ ਸਰਕਾਰ ਵੱਲੋਂ ਕਿਸਾਨੀ ਨਾਲ ਕੀਤੀ ਜਾ ਰਹੀ ਵਿਤਕਰੇਬਾਜ਼ੀ ਕਾਰਨ ਲੋਕਾਂ ਨੇ ਇਸ ਚੋਣ ਵਿਚ ਕਾਂਗਰਸ ਪਾਰਟੀ ਨੂੰ ਜਿਤਾਉਣ ਦਾ ਮਨ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਕੋਈ ਵਿਚਾਰਧਾਰਾ ਜਾਂ ਨੀਤੀ ਹੀ ਨਹੀਂ ਹੈ, ਇਸ ਲਈ ਉਸ ਤੋਂ ਪੰਜਾਬ ਦੇ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਉਹਨਾਂ ਅੱਗੇ ਕਿਹਾ ਕਿ ਸੂਬੇ ਦਾ ਮੁੱਖ ਮੰਤਰੀ ਆਪਣੀ ਸਿਆਸਤ ਚਮਕਾਉਣ ਵਿਚ ਰੁੱਝਿਆ ਹੋਇਆ ਹੈ ਜਦੋਂ ਕਿ ਪੰਜਾਬ ਕਰਜ਼ੇ ਦੇ ਬੋਝ ਨਾਲ ਤਬਾਹੀ ਦੀ ਕਗਾਰ ਉੱਤੇ ਖੜ੍ਹਾ ਹੈ

ਸ੍ਰੀ ਸਿੱਧੂ ਨੇ ਤਨਜ਼ ਕਸਦਿਆਂ ਕਿਹਾ ਕਿ ਆਗਾਮੀ ਲੋਕ ਸਭ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਦੀ ਕੁਰਸੀ ਖ਼ਤਰੇ ਵਿਚ ਪੈ ਜਾਵੇਗੀ ਅਤੇ ਆਮ ਆਦਮੀ ਪਾਰਟੀ ਨੂੰ ਮੁੱਖ ਮੰਤਰੀ ਦਾ ਜਾਨਸ਼ੀਨ ਹੁਣੇ ਹੀ ਚੁਣ ਲੈਣਾਚਾਹੀਦਾ ਹੈ।

# ਖ਼ੂਨਦਾਨ ਸਬ ਦਾਨਾ ਤੋਂ ਉੱਤਮ ਦਾਨ, ਡਿਪਟੀ ਡਾਇਰੈਕਟਰ ਰੇਨੂੰ ਹੰਸਪਾਲ



**ਪਟਿਆਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਫਾਊਂਡੇਸ਼ਨ ਦੇ ਡਾਇਰੈਕਟਰ ਪ੍ਰਤਾਪ ਸਿੰਘ ਜੀ ਦੀ ਸਰਪ੍ਰਸਤੀ ਅਤੇ ਡਿਪਟੀ ਡਾਇਰੈਕਟਰ ਰੇਨੂੰ ਹੰਸਪਾਲ ਦੀ ਅਗਵਾਈ ਅਤੇ ਲਾਈਨਜ ਕਲੱਬ ਪ੍ਰੀਮੇਰ ਪਟਿਆਲਾ, ਇੰਡੀਅਨ ਰੈਡ ਕਰਾਸ ਸੁਸਾਇਟੀ ਸਟੇਟ ਬ੍ਰਾਚ ਚੰਡੀਗੜ੍ਹ, ਪੰਜਾਬ ਰੈਡ ਕਰਾਸ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਸਾਕੇਤ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ ਵਿਸਾਲ ਖ਼ੂਨਦਾਨ ਕੈਂਪ ਲਗਾਇਆ ਗਿਆ,,ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਜਸਜੀਤ ਸੋਹੀ ਨੇ ਸਾਰੇ ਆਏ ਹੋਏ ਮਹਿਮਾਨਾਂ ਅਤੇ ਖ਼ੂਨਦਾਨੀਆਂ ਨੂੰ ਜੀ ਆਇਆਂ ਕਿਹਾ ਗਿਆ,ਵਿਸ਼ੇਸ਼ ਤੌਰ ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਕੇਂਦਰ ਸਾਕੇਤ ਹਸਪਤਾਲ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ, ਕਾਕਾ ਰਾਮ ਵਰਮਾ ਫਸਟ ਏਡ ਟ੍ਰੇਨਰ , ਲਾਈਨਜ ਕਲੱਬ ਪ੍ਰੀਮੇਰ ਪਟਿਆਲਾ ਦੇ ਪ੍ਰਧਾਨ ਡਾ ਐਸ ਕੇ ਵਰਮਾ,ਪਵਨ ਗੁਪਤਾ ਖਜਾਨਚੀ, ਜਰਨਲ ਸਕੱਤਰ ਡਾ ਵਿਜੇ ਸਿੰਗਲਾ, ਪ੍ਰਦੀਪ ਸ਼ਰਮਾ ਸਪੋਰਟਸ ਡਿਪਾਰਟਮੈਂਟ, ਸਕੂਲ ਕੋਆਰਡੀਨੇਟਰ ਭੁਪਿੰਦਰ ਕੌਰ ਅਤੇ ਅਮਰਜੀਤ ਕੌਰ,ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ , ਰੁਦਰਪ੍ਰਤਾਪ ਸਿੰਘ , ਪੰਕਜ ਕੁਮਾਰ ਸਟੇਟ ਬ੍ਰਾਂਚ ਚੰਡੀਗੜ੍ਹ ,ਕੋਸਲਰ ਰਣਜੀਤ ਕੌਰ, ਗੁਰਮੀਤ ਸਿੰਘ ਸਾਕੇਤ ਹਸਪਤਾਲ ਪਟਿਆਲਾ ਨੇ ਸ਼ਿਰਕਤ ਕੀਤੀ,ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਡਾਇਰੈਕਟਰ ਰੇਨੂੰ ਹੰਸਪਾਲ ਨੇ ਕਿਹਾ ਕਿ ਨੌਜਵਾਨਾਂ ਵਲੋਂ ਖ਼ੂਨਦਾਨ ਅਤੇ ਪਲੇਟਲੈਟ ਦਾਨ ਕਰਕੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ, ਉਹਨਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਜਿਸ ਦੀ ਉਮਰ 18 ਸਾਲ 65 ਸਾਲ ਹੋਵੇ ਸਰੀਰਕ ਭਾਰ 45 ਕਿਲੋ ਅਤੇ ਖ਼ੂਨ ਦੀ ਮਾਤਰਾ 12.5 ਤੋਂ ਉੱਪਰ ਹੋਵੇ ਉਹੋ ਵਿਅਕਤੀ ਸਾਲ ਵਿੱਚ ਚਾਰ ਵਾਰ ਖ਼ੂਨਦਾਨ ਕਰ ਸਕਦਾ ਹੈ, ਉਹਨਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਕੋਈ ਸਰੀਰਕ ਕਮਜ਼ੋਰੀ ਨਹੀਂ ਆਉਂਦੀ ਸਗੋਂ ਸਰੀਰ ਤੰਦਰੁਸਤ ਰਹਿੰਦਾ ਹੈ ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹੋ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਬੇਸ਼ਕੀਮਤੀ ਜਾਨਾਂ ਬਚਾਉਣ ਲਈ ਅੱਗੇ ਆਉਣ। ਇਸ ਖ਼ੂਨਦਾਨ ਕੈਂਪ ਦੀ ਵਿਸ਼ੇਸ਼ਤਾ ਰਹੀ ਕਿ ਸਕੂਲ ਦੇ ਸਟਾਫ ਵਲੋਂ ਵੀ ਖ਼ੂਨਦਾਨ ਕੀਤਾ ਗਿਆ ਅਤੇ ਭਰਪੂਰ ਸਹਿਯੋਗ ਦਿੱਤਾ ਗਿਆ।

# ਪੰਜਾਬ ਨੂੰ ਸਬਕ ਸਿਖਾਉਣਾ ਚਾਹੁੰਦੀ ਹੈ ਭਾਜਪਾ: ਚੰਨੀ



**ਜਲੰਧਰ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ ਅੱਜ ਵਿਧਾਨ ਸਭਾ ਹਲਕਾ ਸ਼ਾਹਕੋਟ ਅਧੀਨ ਆਉਂਦੇ ਕਸਬਾ ਮਹਿਤਪੁਰ, ਲੋਹੀਆਂ ਖਾਸ ਅਤੇ ਸ਼ਾਹਕੋਟ ਵਿਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵਾਨ ਸ੍ਰੀ ਰਾਮ ਦੇ ਨਾਮ ’ਤੇ ਵੋਟਾਂ ਮੰਗਣ ਵਾਲੀ ਭਾਜਪਾ ਜੰਮੂ-ਕਸ਼ਮੀਰ ਦੇ ਲੋਕਾਂ ?’ਤੇ ਕਹਿਰ ਢਾਹੁਣ ਤੋਂ ਬਾਅਦ ਪੰਜਾਬ ਨੂੰ ਵੀ ਖ਼ਤਮ ਕਰਨਾ ਚਾਹੁੰਦੀ ਹੈ। ਇਸ ਕਰਕੇ ਉਹ ਕਿਸਾਨੀ ਸੰਘਰਸ਼ ਨੂੰ ਖਤਮ ਕਰਨ ਲਈ ਜ਼ੋਰ ਲਗਾ ਰਹੀ ਹੈ।

ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ’ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਅੱਜ ਵੀ ਸੂਬੇ ਨੂੰ ਇੱਕ ਸਟੇਜ ਦੀ ਤਰ੍ਹਾਂ ਹੀ ਚਲਾ ਰਹੇ ਹਨ। ਸਿਆਸੀ ਤਜਰਬੇ ਦੀ ਘਾਟ ਕਾਰਨ ਪੰਜਾਬ ਦੀ ਆਰਥਿਕ ਹਾਲਤ ਕਮਜ਼ੋਰ ਹੁੰਦੀ ਜਾ ਰਹੀ ਹੈ ਇਸੇ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅੱਜ ਨਿਰਮਲ ਕੁਟੀਆ ਸੀਚੇਵਾਲ ਨਤਮਸਤਕ ਹੋਏ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਅਸ਼ੀਰਵਾਦ ਲਿਆ। ਇਸ ਮੌਕੇ ਸੰਤ ਸੀਚੇਵਾਲ ਨੇ ਪੰਜਾਬ ਦੀ ਵਿਗੜ ਰਹੀ ਵਾਤਾਵਰਨ ਦੀ ਸਥਿਤੀ ਤੋਂ ਜਾਣੂ ਕਰਵਾਇਆ ਕਿ ਕਿਵੇਂ ਧਰਤੀ ਹੇਠਲਾਂ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ ਤੇ ਦਰਿਆਵਾਂ ਦੇ ਪਾਣੀ ਪਲੀਤ ਹੋ ਗਏ ਹਨ। ਪੰਜਾਬ ਵਿੱਚ ਜੰਗਲਾਤ ਹੇਠਲਾ ਰਕਬਾ ਤੇਜ਼ੀ ਨਾਲ ਘੱਟ ਰਿਹਾ ਹੈ। ਉਨ੍ਹਾਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਲੋਕ ਸਭਾ ਚੋਣਾਂ ਦੌਰਾਨ ਵਾਤਾਵਰਨ ਦਾ ਏਜੰਡਾ ਸੌਂਪਿਆ। ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਉਹ ਲੋਕਾਂ ਦੇ ਇਸ ਏਜੰਡੇ ਨੂੰ ਆਪਣੀ ਚੋਣ ਮੁਹਿੰਮ ਦਾ ਹਿੱਸਾ ਬਣਾਉਣ।

# ਕਾਂਗਰਸੀ ਉਮੀਦਵਾਰ ਦੇ ਚੋਣ ਦਫ਼ਤਰ ਤੋਂ ਸਿਆਸਤ ਭਖੀ




**ਖੰਨਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਡਾ. ਅਮਰ ਸਿੰਘ ਦਾ ਖੰਨਾ ਵਿੱਚ ਚੋਣ ਦਫ਼ਤਰ ਖੁੱਲ੍ਹਣ ਤੋਂ ਪਹਿਲਾਂ ਸ਼ਹਿਰ ਦੀ ਸਿਆਸਤ ਗਰਮਾ ਗਈ ਹੈ। ਸਾਬਕਾ ਕੈਬਨਿਟ ਮੰਤਰੀ ਗੁਰਕੀਰਤ ਕੋਟਲੀ ਨੇ ਵਿਧਾਇਕ ਤਰੁਣਪ੍ਰੀਤ ਸਿੰਘ ਸੌਂਦ ’ਤੇ ਦੋਸ਼ ਲਾਏ ਕਿ ਸ੍ਰੀ ਸੌਂਦ ਨੇ ਦਫ਼ਤਰ ਖੁੱਲ੍ਹਣ ਤੋਂ ਇਕ ਦਿਨ ਪਹਿਲਾਂ ਇਮਾਰਤ ਮਾਲਕ ਨੂੰ ਬੁਲਾ ਕੇ ਕਾਂਗਰਸ ਪਾਰਟੀ ਨੂੰ ਇਮਾਰਤ ਕਿਰਾਏ ’ਤੇ ਦੇਣ ਤੋਂ ਮੁਕਰਾ ਦਿੱਤਾ ਹੈ। ਇਸ ਕਾਰਨ ਮਾਲਕ ਨੇ ਅੱਜ ਕਾਂਗਰਸ ਨੂੰ ਇਮਾਰਤ ਦੇਣ ਤੋਂ ਨਾਂਹ ਕਰ ਦਿੱਤੀ। ਇਸ ਦੇ ਰੋਸ ਵਜੋਂ ਕਾਂਗਰਸੀ ਵਰਕਰਾਂ ਨੇ ਨਵੇਂ ਦਫ਼ਤਰ ਅੱਗੇ ਵਿਧਾਇਕ ਖ਼ਿਲਾਫ਼ ਭੜਾਸ ਕੱਢੀ।

ਬਲਾਕ ਪ੍ਰਧਾਨ ਸ਼ਹਿਰੀ ਐਡਵੋਕੇਟ ਰਾਜੀਵ ਰਾਏ ਮਹਿਤਾ ਨੇ ਕਿਹਾ ਕਿ ਜਿਸ ਇਮਾਰਤ ਵਿੱਚ ਕਾਂਗਰਸ ਨੇ ਆਪਣਾ ਦਫ਼ਤਰ ਖੋਲ੍ਹਣਾ ਸੀ, ਉਸ ਦੇ ਮਾਲਕ ਨੇ ਅੱਜ ਅਚਾਨਕ ਨਾਂਹ ਕਰ ਦਿੱਤੀ।

ਸ੍ਰੀ ਕੋਟਲੀ ਨੇ ‘ਆਪ’ ਵਿਧਾਇਕ ’ਤੇ ਦੋਸ਼ ਲਾਉਂਦਿਆਂ ਕਿਹਾ ਕਿ ਅਜਿਹੀ ਸਿਆਸਤ ਸ਼ਹਿਰ ਵਿੱਚ ਕਦੇ ਕਿਸੇ ਸਿਆਸੀ ਪਾਰਟੀ ਨੇ ਨਹੀਂ ਕੀਤੀ। ‘ਆਪ’ ਨੇ ਭਾਈਚਾਰਕ ਸਾਂਝ ਤੋੜਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਵਿਧਾਇਕ ਸੌਂਦ ਨੂੰ ਚਿਤਾਵਨੀ ਦਿੱਤੀ ਕਿ ਉਹ ਆਪਣੀਆਂ ਇਹ ਆਦਤਾਂ ਛੱਡ ਦੇਣ ਕਿਉਂਕਿ ਰਾਜਨੀਤੀ ਵਿਚ ਮੱਤਭੇਦ ਹੋ ਸਕਦੇ ਹਨ ਪਰ ਇਸ ਨੂੰ ਨਿੱਜੀ ਲੜਾਈ ਨਹੀਂ ਬਣਾਉਣਾ ਚਾਹੀਦਾ।

ਉਨ੍ਹਾਂ ਕਿਹਾ ਕਿ ਸਰਕਾਰ ਆਉਣ ’ਤੇ ਸਾਜਿਸ਼ਾਂ ਰਚਣ ਵਾਲਿਆਂ ਨੂੰ ਦੇਖਿਆ ਜਾਵੇਗਾ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਕਮਲਜੀਤ ਸਿੰਘ ਲੱਧੜ, ਵਿਕਾਸ ਮਹਿਤਾ, ਅਮਿਤ ਤਿਵਾੜੀ, ਅਨਿਲ ਸ਼ੁਕਲਾ, ਬਲਬੀਰ ਭਾਟੀਆ, ਰਾਸ਼ਿਦ ਖਾਨ, ਨਰਿੰਦਰ ਵਰਮਾ, ਵੇਦ ਪ੍ਰਕਾਸ਼, ਕਰਮਜੀਤ ਸਿਫ਼ਤੀ, ਰਾਜੇਸ਼ ਮੇਸ਼ੀ, ਅਸ਼ੋਕ ਕੁਮਾਰ, ਸਿਆਸਤ ਸ਼ਹਿਰ ਵਿੱਚ ਕਦੇ ਕਿਸੇ ਸਿਆਸੀ ਪਾਰਟੀ ਨੇ ਨਹੀਂ ਕੀਤੀ।

‘ਆਪ’ ਨੇ ਭਾਈਚਾਰਕ ਸਾਂਝ ਤੋੜਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਵਿਧਾਇਕ ਸੌਂਦ ਨੂੰ ਚਿਤਾਵਨੀ ਦਿੱਤੀ ਕਿ ਉਹਸੰਜੇ ਸਹਿਗਲ, ਰਤਨ ਆਨੰਦ, ਕ੍ਰਿਸ਼ਨ ਸਿੰਘ, ਨਿਤਿਨ ਕੌਸ਼ਲ, ਸਵਪਨ ਅਗਰਵਾਲ, ਪ੍ਰਵੀਨ ਪਿੰਨਾ ਆਦਿ ਹਾਜ਼ਰ ਸਨ।

ਵਿਧਾਇਕ ਤਰੁਣਪ੍ਰੀਤ ਸੌਂਦ ਨੇ ਕਿਹਾ ਕਿ ਲੋਕ ਸਭਾ ਸ੍ਰੀ ਫਤਹਿਗੜ੍ਹ ਸਾਹਿਬ ਸੀਟ ’ਤੇ ਕਾਂਗਰਸ ਬੁਰੀ ਤਰ੍ਹਾਂ ਹਾਰ ਰਹੀ ਹੈ। ਸ੍ਰੀ ਕੋਟਲੀ ਬੌਖ਼ਲਾਹਟ ਵਿਚ ਆ ਕੇ ਦੂਸ਼ਣਬਾਜ਼ੀ ਕਰ ਰਹੇ ਹਨ। ਉਨ੍ਹਾਂ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਜੋ ਬੀਜਿਆ ਹੈ, ਅੱਜ ਉਹੀ ਵੱਢ ਰਹੇ ਹਨ। ਕਾਂਗਰਸ ਕੋਲ ਹੁਣ ਕੋਈ ਮੁੱਦਾ ਨਹੀਂ ਜਿਸ ਕਾਰਨ ਲੋਕਾਂ ਦਾ ਧਿਆਨ ਭਟਕਾਉਣ ਲਈ ਬੇਬੁਨਿਆਦ ਦੋਸ਼ ਲਾ ਰਹੇ ਹਨ। ਵਿਧਾਇਕ ਨੇ ਕਿਹਾ ਕਿ ਚੋਣ ਰੁਝੇਵਿਆਂ ਕਾਰਨ ਉਨ੍ਹਾਂ ਨੂੰ ਕੁਝ ਨਹੀਂ ਪਤਾ ਕਿ ਕਾਂਗਰਸ ਕਦੋਂ ਤੇ ਕਿੱਥੇ ਦਫ਼ਤਰ ਖੋਲ੍ਹ ਰਹੀ ਹੈ।

# 8ਵੀਂ, 10ਵੀਂ ਅਤੇ 12ਵੀਂ ਜਮਾਤਾਂ ਦਾ ਨਤੀਜਾ ਰਿਹਾ ਸ਼ਾਨਦਾਰ



**ਫਾਜ਼ਿਲਕਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਨਤੀਜਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਰਨੀ ਖੇੜਾ ਦਾ ਨਤੀਜਾ ਸ਼ਾਨਦਾਰ ਰਿਹਾ।

ਸਕੂਲ ਪ੍ਰਿੰਸੀਪਲ ਸ੍ਰੀਮਤੀ ਮੰਜੂ ਠਕਰਾਲ ਨੇ ਦੱਸਿਆ ਕਿ ਅੱਠਵੀਂ,ਦਸਵੀਂ ਅਤੇ ਬਾਰਵੀਂ ਜਮਾਤ ਵਿੱਚ ਪਹਿਲੇ ਤਿਨ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਨੂੰ ਸਕੂਲ ਬੁਲਾ ਕੇ ਇਨਾਮ ਵੰਡ ਸਮਾਰੋਹ ਕੀਤਾ ਗਿਆ।

ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿੱਚ ਅੱਠਵੀਂ ਜਮਾਤ ਦੀ ਵਿਦਿਆਰਥਣ ਆਸ਼ਾ ਰਾਣੀ ਨੇ 600 ਵਿੱਚੋਂ 571 ਅੰਕ, ਸੁਮਿਤ ਅਤੇ ਕਮਲੇਸ਼ ਨੇ 568 ਅੰਕ ਅਤੇ ਜਸਪ੍ਰੀਤ ਕੌਰ ਨੇ 567 ਅੰਕ ਪ੍ਰਾਪਤ ਕਰਕੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਿਲ ਕੀਤੀਆਂ।

ਦਸਵੀਂ ਜਮਾਤ ਵਿੱਚ ਦੇ ਵਿਦਿਆਰਥੀ ਨਰੇਸ਼ ਕੁਮਾਰ ਨੇ 650 ਵਿੱਚੋਂ 564, ਭੀਮ ਸੈਨ ਨੇ 544 ਅਤੇ ਨਵਦੀਪ ਨੇ 542 ਅੰਕ ਪ੍ਰਾਪਤ ਕਰਕੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਿਲ ਕੀਤੀਆਂ। ਇਸੇ ਤਰਾਂ ਬਾਰ੍ਹਵੀਂ ਜਮਾਤ ਵਿੱਚ ਆਰਟਸ ਗਰੁੱਪ ਦੇ ਵਿਦਿਆਰਥੀ ਗੁਰਪਾਲ ਸਿੰਘ ਨੇ 500 ਵਿੱਚੋਂ 450 ਸਪਨਾ ਰਾਣੀ ਨੇ 449 ਅਤੇ ਹਰਪ੍ਰੀਤ ਸਿੰਘ ਨੇ 439 ਅੰਕ ਪ੍ਰਾਪਤ ਕਰਕੇ ਤਿੰਨ ਪੁਜੀਸ਼ਨਾਂ ਹਾਸਿਲ ਕੀਤੀਆਂ।

ਬਾਰ੍ਹਵੀਂ ਜਮਾਤ ਦੇ ਸਾਇੰਸ ਸਟਰੀਮ ਦੀ ਵਿਦਿਆਰਥਣ ਸੰਜਨਾ ਨੇ 500 ਵਿੱਚੋਂ 468, ਲਵਲੀਨ ਨੇ 460 ਅਤੇ ਸੁਧਾ ਨੇ 457 ਅੰਕ ਪ੍ਰਾਪਤ ਕਰਕੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਿਲ ਕੀਤੀਆਂ।

ਪ੍ਰਿੰਸੀਪਲ ਸ਼੍ਰੀਮਤੀ ਮੰਜੂ ਠਕਰਾਲ ਜੀ ਵੱਲੋਂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਅਤੇ ਉਹਨਾਂ ਵੱਲੋਂ ਬੱਚਿਆਂ ਨੂੰ ਭਵਿੱਖ ਵਿੱਚ ਹੋਰ ਅੱਗੇ ਵਧਣ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

ਇਸ ਮੌਕੇ ਪ੍ਰਿੰਸੀਪਲ ਮੈਡਮ ਮੰਜੂ ਠਕਰਾਲ ਅਤੇ ਸਮੂਹ ਸਟਾਫ ਹਾਜ਼ਰ ਰਹੇ।

# 9 ਸੀਟਾਂ ’ਤੇ ਕਾਂਗਰਸ ਦੀ ਹਮਾਇਤ ਕਰੇਗੀ ਆਰਐੱਮਪੀਆਈ: ਜਾਮਾਰਾਏ

**ਜਲੰਧਰ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਪੁੱਜੇ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਹੈ ਕਿ ਵਰਤਮਾਨ ਚੋਣਾਂ ਦੇਸ਼ ਅਤੇ ਦੇਸ਼ ਵਾਸੀਆਂ ਦੇ ਭਵਿੱਖ ਲਈ ਬਹੁਤ ਅਹਿਮ ਸਾਬਤ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਦੀ ਜਿੱਤ-ਹਾਰ ਨੇ ਇਹ ਫੈਸਲਾ ਕਰਨਾ ਹੈ, ਕਿ ਕੀ ਲੱਖਾਂ ਕੁਰਬਾਨੀਆਂ ਅਤੇ ਅਦੁੱਤੀ ਸ਼ਹਾਦਤਾਂ ਸਦਕਾ ਸੁਤੰਤਰ ਹੋਏ ਦੇਸ਼ ਦਾ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚਾ ਬਰਕਰਾਰ ਰਹੇਗਾ ਜਾਂ ਫਿਰ ਇਹ ਮਹਾਨ ਦੇਸ਼ ਮੰਨੂ ਸਿਮਰਤੀ ਦੇ ਚੌਖਟੇ ਵਾਲੇ ਧਰਮ ਅਧਾਰਤ ਕੱਟੜ ਹਿੰਦੂਤਵੀ ਰਾਸ਼ਟਰ ’ਚ ਤਬਦੀਲ ਹੋ ਜਾਵੇਗਾ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਹੈ ਕਿ ਸਕੱਤਰੇਤ ਵਲੋਂ ਆਜ਼ਾਦਾਨਾ ਚੋਣ ਮੁਹਿੰਮ ਚਲਾ ਕੇ ਚੰਡੀਗੜ੍ਹ ਸਮੇਤ ਪੰਜਾਬ ਦੀਆਂ ਪ੍ਰਮੁੱਖ ਭਾਈਵਾਲ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ ਹੈ।

# ਵਿਧਾਇਕ ਰੰਧਾਵਾ ਸਮੇਤ ਸੈਂਕੜੇ ਪਾਰਟੀ ਵਰਕਰ ਕਾਫਲੇ ’ਚ ਪਟਿਆਲਾ ਲਈ ਰਵਾਨਾ



**ਜ਼ੀਰਕਪੁਰ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਵਿੱਚ ਪਾਰਟੀ ਦੇ ਉਮੀਦਵਾਰ ਡਾ: ਬਲਬੀਰ ਸਿੰਘ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਸ਼ੁੱਕਰਵਾਰ ਨੂੰ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਸੈਂਕੜੇ ਪਾਰਟੀ ਵਰਕਰਾਂ ਸਮੇਤ ਇੱਕ ਕਾਫ਼ਲੇ ਵਿੱਚ ਪਟਿਆਲਾ ਲਈ ਰਵਾਨਾ ਹੋਏ।

ਇਹ ਕਾਫਲਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਾਰਟੀ ਉਮੀਦਵਾਰ ਡਾ: ਬਲਬੀਰ ਸਿੰਘ ਦੇ ਅਗਾਂਹਵਧੂ ਅਤੇ ਕ੍ਰਾਂਤੀਕਾਰੀ ਪੰਜਾਬ ਦੇ ਪਾਰਟੀ ਵਿਜ਼ਨ ਨੂੰ ਸਮਰਥਨ ਦੇਣ ਲਈ ਆਯੋਜਿਤ ਰੋਡ ਸ਼ੋਅ ਵਿੱਚ ਸ਼ਾਮਲ ਹੋਵੇਗਾ।

ਰਵਾਨਾ ਹੋਣ ਤੋਂ ਪਹਿਲਾਂ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਰੰਧਾਵਾ ਨੇ ਪਾਰਟੀ ਦੇ ਰੰਗਲਾ ਪੰਜਾਬ ਭਾਵ ਇਨਕਲਾਬੀ ਸੋਚ ਵਾਲੇ ਪੰਜਾਬ ਦੇ ਸੁਪਨੇ ਦਾ ਸਮਰਥਨ ਕਰਨ ਵਾਲੇ ਲੋਕਾਂ ਦਾ ਧੰਨਵਾਦ ਕੀਤਾ।

ਉਨ੍ਹਾਂ ਲੋਕਾਂ ਦੇ ਅਥਾਹ ਪਿਆਰ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਦੀ ਕੋਈ ਕੀਮਤ ਨਹੀਂ ਹੈ। ਉਨ੍ਹਾਂ ਲੋਕਾਂ ਨੂੰ ਇਸ ਰੋਡ ਸ਼ੋਅ ਵਿੱਚ ਸ਼ਾਮਲ ਹੋਣ ਲਈ ਡਾ ਬਲਬੀਰ ਸਿੰਘ ਅਤੇ ਪਾਰਟੀ ਦੇ ਪੰਜਾਬ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਦੇ ਮਿਸ਼ਨ ਨੂੰ ਸਮਰਥਨ ਦੇਣ ਦੀ ਅਪੀਲ ਵੀ ਕੀਤੀ।

ਰੰਧਾਵਾ ਨੇ ਕਿਹਾ ਕਿ ਸੀਐਮ ਭਗਵੰਤ ਮਾਨ ਦੀ ਅਗਵਾਈ ਵਿੱਚ ਇਹ ਰੋਡ ਸ਼ੋਅ ਪਟਿਆਲਾ ਦੇ ਵੱਖ-ਵੱਖ ਖੇਤਰਾਂ ਵਿੱਚੋਂ ਗੁਜ਼ਰੇਗਾ ਅਤੇ ਇਸ ਦਾ ਉਦੇਸ਼ ਲੋਕਾਂ ਨਾਲ ਜੁੜਨਾ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਅਤੇ ਮੁੱਦਿਆਂ ਨੂੰ ਸਮਝਣਾ ਹੈ। ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਪਾਰਟੀ ਵਰਕਰ ਸਥਾਨਕ ਲੋਕਾਂ ਨਾਲ ਗੱਲਬਾਤ ਕਰਨਗੇ ਅਤੇ ਪਾਰਟੀ ਦੇ ਚੋਣ ਮਨੋਰਥ ਪੱਤਰ ਅਤੇ ਪੰਜਾਬ ਦੇ ਵਿਕਾਸ ਲਈ ਬਣਾਈਆਂ ਯੋਜਨਾਵਾਂ ਬਾਰੇ ਜਾਗਰੂਕ ਕਰਨਗੇ। ਰੋਡ ਸ਼ੋਅ ਇੱਕ ਸ਼ਾਨਦਾਰ ਸਮਾਗਮ ਹੋਣ ਦੀ ਉਮੀਦ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਣਗੇ।

ਰੰਧਾਵਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਤੇਜ਼ੀ ਫੜ ਰਹੀ ਹੈ ਅਤੇ ਵੱਧ ਤੋਂ ਵੱਧ ਲੋਕ ਪਾਰਟੀ ਨਾਲ ਜੁੜ ਕੇ ਪਾਰਟੀ ਦਾ ਸਮਰਥਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰੋਡ ਸ਼ੋਅ ਵਿੱਚ ਪਾਰਟੀ ਦੇ ਸੈਂਕੜੇ ਵਰਕਰਾਂ ਦੀ ਸ਼ਮੂਲੀਅਤ ਪਾਰਟੀ ਅਤੇ ਉਮੀਦਵਾਰ ਡਾ: ਬਲਬੀਰ ਸਿੰਘ ਪ੍ਰਤੀ ਵੱਧ ਰਹੇ ਸਮਰਥਨ ਦਾ ਸਬੂਤ ਹੈ । ਪਾਰਟੀ ਨੂੰ ਭਰੋਸਾ ਹੈ ਕਿ ਉਹ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਵਿੱਚ ਲੋੜੀਂਦੀਆਂ ਤਬਦੀਲੀਆਂ ਲਿਆ ਕੇ ਸਾਰਿਆਂ ਦਾ ਬਿਹਤਰ ਭਵਿੱਖ ਸਿਰਜਣ ਵਿੱਚ ਕਾਮਯਾਬ ਹੋਣਗੇ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਿੱਥੇ ਗਏ 13-0 ਦੇ ਟੀਚੇ ਨੂੰ ਹਾਸਲ ਕਰਕੇ ਸਿਆਸੀ ਵਿਰੋਧੀਆਂ ਨੂੰ ਚੁੱਪ ਕਰਵਾ ਦੇਣਗੇ।

ਰੰਧਾਵਾ ਨੇ ਕਿਹਾ ਕਿ ਭਾਜਪਾ ਨੇ ਹੁਣ ਆਮ ਆਦਮੀ ਪਾਰਟੀ ਖ਼ਿਲਾਫ਼ ਆਪਣਾ ਇੱਕ ਹੋਰ ਹਥਿਆਰ ਭਾਰਤ ਦੇ ਚੋਣ ਕਮਿਸ਼ਨ ਨੂੰ ਵਰਤਿਆ ਹੈ। ਸਭ ਤੋਂ ਪਹਿਲਾਂ, ਇਹ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਲੋਕ ਸਭਾ ਚੋਣਾਂ ਲਈ ਪ੍ਰਚਾਰ ਕਰਨ ਤੋਂ ਰੋਕਣ ਦੇ ਉਦੇਸ਼ ਨਾਲ ਇੱਕ ਝੂਠੇ ਕੇਸ ਵਿੱਚ ਗ੍ਰਿਫਤਾਰ ਕਰਦੇ ਹਨ।

ਹੁਣ ਤਾਨਾਸ਼ਾਹੀ ਵਰਤਦਿਆਂ ਸਾਡੇ ਪ੍ਰਚਾਰ ਗੀਤਾਂ ਨੂੰ ਵੀ ਬੰਦ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।

# ਲੋਕ ਪ੍ਰਤੀਨਿਧੀ ਐਕਟ, 1951 ਦੀ ਧਾਰਾ 123 ਦੀ ਪਾਲਣਾ ਜ਼ਰੂਰੀ

**ਫਾਜ਼ਿਲਕਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਆਈਏਐਸ ਨੇ ਜਿਲ੍ਹੇ ਦੇ ਸਮੂਹ ਸਹਾਇਕ ਰਿਟਰਨਿੰਗ ਅਫ਼ਸਰਾਂ ਨੂੰ ਜਾਤ, ਧਰਮ ਜਾਂ ਭਾਸ਼ਾ ਦੇ ਆਧਾਰ ’ਤੇ ਹੋਣ ਵਾਲੀਆਂ ਮੀਟਿੰਗਾਂ ’ਤੇ ਪੂਰੀ ਤਰ੍ਹਾਂ ਨਜ਼ਰ ਰੱਖਣ ਲਈ ਕਿਹਾ ਹੈ।

ਇਸ ਵਿਸ਼ੇ ’ਤੇ ਜਾਰੀ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦਾ ਹਵਾਲਾ ਦਿੰਦੇ ਹੋਏ ਜ਼ਿਲ੍ਹਾ ਚੋਣ ਅਫ਼ਸਰ ਨੇ ਜ਼ਿਲ੍ਹੇ ਦੇ ਚਾਰੋਂ ਏ.ਆਰ.ਓਜ਼ ਨੂੰ ਅਜਿਹੀਆਂ ਮੀਟਿੰਗਾਂ ਦੀ ਵੀਡੀਓਗ੍ਰਾਫੀ ਕਰਵਾਉਣ ਲਈ ਕਿਹਾ ਹੈ ਅਤੇ ਜੇਕਰ ਕੋਈ ਸਬੂਤ ਮਿਲਦਾ ਹੈ ਕਿ ’ਜਾਤ’ ਦੀ ਵਰਤੋਂ ਸਿਆਸੀ/ਚੋਣ ਦੇ ਉਦੇਸ਼ਾਂ ਲਈ ਕੀਤੀ ਜਾ ਰਹੀ ਹੈ ਤਾਂ ਫਿਰ ਕਮਿਸ਼ਨ ਨੂੰ ਸੂਚਿਤ ਕਰਕੇ ਕਾਨੂੰਨ/ਆਚਾਰ ਸੰਹਿਤਾ ਦੇ ਢੁਕਵੇਂ ਉਪਬੰਧਾਂ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਇਕੱਠਾਂ ਦੀ ਇਜਾਜ਼ਤ ਤਾਂ ਹੀ ਦਿੱਤੀ ਜਾਣੀ ਚਾਹੀਦੀ ਹੈ ਜਦੋਂ ਸਬੰਧਤ ਏ.ਆਰ.ਓ. ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 123 ਨਾਲ ਪੂਰੀ ਤਰ੍ਹਾਂ ਸੰਤੁਸ਼ਟ ਹੋਵੇ। ਜ਼ਿਲ੍ਹਾ ਚੋਣ ਅਫ਼ਸਰ ਨੇ ਸਿਆਸੀ ਪਾਰਟੀਆਂ ਨੂੰ ਜਾਤੀ, ਧਰਮ ਜਾਂ ਭਾਸ਼ਾ ਦੀ ਵਰਤੋਂ ਸਬੰਧੀ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਵੀ ਅਪੀਲ ਕੀਤੀ ਹੈ।

ਲੋਕ ਪ੍ਰਤੀਨਿਧੀ ਐਕਟ, 1951 ਦੀ ਧਾਰਾ 123 ਕਿਸੇ ਉਮੀਦਵਾਰ ਜਾਂ ਉਸਦੇ ਏਜੰਟ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਕਿਸੇ ਉਮੀਦਵਾਰ ਜਾਂ ਉਸਦੇ ਚੋਣ ਏਜੰਟ ਦੀ ਸਹਿਮਤੀ ਨਾਲ ਕਿਸੇ ਵਿਅਕਤੀ ਨੂੰ ਉਸਦੇ ਧਰਮ, ਨਸਲ, ਜਾਤ ਦੇ ਆਧਾਰ ’ਤੇ ਵੋਟ ਪਾਉਣ ਜਾਂ ਵੋਟ ਦੇਣ ਦੀ ਅਪੀਲ ’ਤੇ ਮਨਾਹੀ ਕਰਦੀ ਹੈ।

ਇਸੇ ਤਰਾਂ ਉਸ ਉਮੀਦਵਾਰ ਦੀ ਚੋਣ ਦੀਆਂ ਸੰਭਾਵਨਾਵਾਂ ਨੂੰ ਅੱਗੇ ਵਧਾਉਣ ਲਈ ਧਾਰਮਿਕ ਚਿੰਨ੍ਹਾਂ ਜਾਂ ਰਾਸ਼ਟਰੀ ਚਿੰਨ੍ਹਾਂ, ਜਿਵੇਂ ਕਿ ਰਾਸ਼ਟਰੀ ਝੰਡੇ ਜਾਂ ਰਾਸ਼ਟਰੀ ਚਿੰਨ੍ਹ ਦੀ ਵਰਤੋਂ, ਜਾਂ ਉਹਨਾਂ ਲਈ ਅਪੀਲ ਜੋ ਕਿਸੇ ਵੀ ਉਮੀਦਵਾਰ ਦੀ ਚੋਣ ਨੂੰ ਪੱਖਪਾਤੀ ਤੌਰ ’ਤੇ ਪ੍ਰਭਾਵਿਤ ਕਰੇ, ਵੀ ਨਹੀਂ ਕੀਤੀ ਜਾ ਸਕਦੀ।

# ਮੰਤਰੀ ਦੇ ਸੱਕਤਰ ਦੇ ਨੌਕਰ ਘਰੋਂ 'ਨੋਟਾਂ ਦਾ ਪਹਾੜ' ਮਿਲਿਆ, 20-30 ਕਰੋੜ ਰੁਪਏ ਹੋਣ ਦੀ ਸੰਭਾਵਨਾ, ਗਿਣਤੀ ਜਾਰੀ



ਰਾਂਚੀ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅੱਜ ਝਾਰਖੰਡ ਦੇ ਮੰਤਰੀ ਦੇ ਸਕੱਤਰ ਦੇ ਕਥਿਤ ਘਰੇਲੂ ਨੌਕਰ ਦੇ ਘਰ ਦੀ ਤਲਾਸ਼ੀ ਦੌਰਾਨ ਵੱਡੀ ਮਾਤਰਾ ਵਿਚ ਨਕਦੀ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਸੂਤਰਾਂ ਵੱਲੋਂ ਸਾਂਝੀ ਕੀਤੀ ਵੀਡੀਓ ਵਿੱਚ ਈਡੀ ਦੇ ਅਧਿਕਾਰੀ ਇੱਕ ਕਮਰੇ ਵਿੱਚੋਂ ਕਰੰਸੀ ਨੋਟ ਚੁੱਕਦੇ ਹੋਏ ਦੇਖੇ ਜਾ ਸਕਦੇ ਹਨ, ਜਿਸ ਥਾਂ 'ਤੇ ਛਾਪੇਮਾਰੀ ਕੀਤੀ ਗਈ, ਉਹ ਕਥਿਤ ਤੌਰ 'ਤੇ ਸੂਬੇ ਦੇ ਪੇਂਡੂ ਵਿਕਾਸ ਮੰਤਰੀ ਆਲਮਗੀਰ ਆਲਮ ਦੇ ਨਿੱਜੀ ਸਕੱਤਰ ਸੰਜੀਵ ਲਾਲ ਦੇ ਘਰੇਲੂ ਨੌਕਰ ਦੀ ਹੈ। ਸੂਤਰਾਂ ਨੇ ਦੱਸਿਆ ਕਿ ਬਰਾਮਦ ਕੀਤੀ ਰਕਮ ਦਾ ਪਤਾ ਲਗਾਉਣ ਲਈ ਨੋਟਾਂ ਦੀ ਗਿਣਤੀ ਕੀਤੀ ਜਾ ਰਹੀ ਹੈ ਅਤੇ ਇਹ ਰਕਮ 20-30 ਕਰੋੜ ਰੁਪਏ ਦੇ ਵਿਚਕਾਰ ਹੋ ਸਕਦੀ ਹੈ। ਸੂਤਰਾਂ ਨੇ ਦੱਸਿਆ ਕਿ ਬਰਾਮਦ ਕੀਤੀ ਨਕਦੀ ਵਿੱਚ ਮੁੱਖ ਤੌਰ 'ਤੇ 500 ਰੁਪਏ ਦੇ ਨੋਟ ਅਤੇ ਕੁਝ ਗਹਿਣੇ ਵੀ ਸ਼ਾਮਲ ਸਨ। ਆਲਮ (70) ਕਾਂਗਰਸੀ ਆਗੂ ਹੈ ਅਤੇ ਝਾਰਖੰਡ ਵਿਧਾਨ ਸਭਾ ਵਿੱਚ ਪਾਕੁਰ ਸੀਟ ਦੀ ਨੁਮਾਇੰਦਗੀ ਕਰਦਾ ਹੈ।

# ਲੋਕ ਸਭਾ ਚੋਣਾਂ ਦੇ ਤੀਜੇ ਗੇੜ ਵਿੱਚ 92 ਸੀਟਾਂ 'ਤੇ ਵੋਟਿੰਗ ਅੱਜ; ਅਮਿਤ ਸ਼ਾਹ ਸਮੇਤ ਕਈ ਦਿੱਗਜ਼ਾਂ ਦੀ ਕਿਸਮਤ ਦਾਅ 'ਤੇ



ਅਹਿਮਦਾਬਾਦ/ਬੈਂਗਲੁਰੂ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਲੋਕ ਸਭਾ ਚੋਣਾਂ ਦੇ ਤੀਜੇ ਗੇੜ ਦੌਰਾਨ 11 ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 92 ਸੀਟਾਂ 'ਤੇ ਪੈਣ ਵਾਲੀਆਂ ਵੋਟਾਂ ਲਈ ਚੋਣ ਪ੍ਰਚਾਰ ਅੱਜ ਬੰਦ ਹੋ ਗਿਆ ਹੈ। ਇਨ੍ਹਾਂ ਸੀਟਾਂ 'ਤੇ 7 ਮਈ ਨੂੰ ਵੋਟਾਂ ਪੈਣੀਆਂ ਹਨ ਜਦਕਿ ਅਨੰਤਨਾਗ-ਰਾਜੌਰੀ ਸੀਟ ਲਈ ਵੋਟਾਂ ਹੁਣ ਛੇਵੇਂ ਗੇੜ ਦੌਰਾਨ ਪੈਣਗੀਆਂ। ਚੋਣਾਂ ਦੇ ਤੀਜੇ ਗੇੜ ਦੌਰਾਨ ਭਾਜਪਾ ਦੀ ਅਗਵਾਈ ਹੇਠਲੇ ਐੱਨਡੀਏ ਅਤੇ ਵਿਰੋਧੀ ਪਾਰਟੀਆਂ ਦੇ 'ਇੰਡੀਆ' ਗੱਠਜੋੜ ਨੇ ਇੱਕ-ਦੂਜੇ ਨੂੰ ਰਾਖਵਾਂਕਰਨ ਤੇ ਜਨਤਾ ਦਲ (ਐੱਸ) ਦੇ ਆਗੂ ਪ੍ਰਜਵਲ ਰੇਵੰਨਾ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਜਿਹੇ ਮੁੱਦਿਆਂ 'ਤੇ ਘੇਰਿਆ। ਚੋਣਾਂ ਦਾ ਇਹ ਗੇੜ ਭਾਜਪਾ ਲਈ ਕਾਫੀ ਅਹਿਮ ਹੈ ਕਿਉਂਕਿ ਪਾਰਟੀ ਨੇ 2019 ਵਿੱਚ ਗੁਜਰਾਤ, ਛੱਤੀਸਗੜ੍ਹ, ਬਿਹਾਰ ਤੇ ਮੱਧ ਪ੍ਰਦੇਸ਼ ਸਮੇਤ ਇਨ੍ਹਾਂ ਸੀਟਾਂ 'ਤੇ ਭਾਰੀ ਬਹੁਮਤ ਨਾਲ ਜਿੱਤ ਹਾਸਲ ਕੀਤੀ ਸੀ। ਇਸ ਗੇੜ ਵਿੱਚ 120 ਮਹਿਲਾਵਾਂ ਸਮੇਤ ਕੁੱਲ 1300 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਤੀਜੇ ਗੇੜ ਦੀਆਂ ਵੋਟਾਂ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ (ਗਾਂਧੀਨਗਰ), ਜਯੋਤਿਰਾਦਿੱਤਿਆ ਸਿੰਧੀਆ (ਗੁਨਾ), ਮਨਸੁਖ ਮਾਂਡਵੀਆ (ਪੋਰਬੰਦਰ), ਪ੍ਰਸ਼ੋਤਮ ਰੁਪਾਲਾ (ਰਾਜਕੋਟ), ਪ੍ਰਹਿਲਾਦ ਜੋਸ਼ੀ (ਧਾਰਵਾੜ), ਐੱਸਪੀ ਸਿੰਘ ਬਘੇਲ (ਆਗਰਾ), ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀਆਂ ਸ਼ਿਵਰਾਜ ਸਿੰਘ ਚੌਹਾਨ (ਵਿਦਿਸ਼ਾ) ਤੇ ਦਿਗਵਿਜੈ ਸਿੰਘ (ਰਾਜਗੜ੍ਹ), ਕਰਨਾਟਕ ਦੇ ਮੁੱਖ ਮੰਤਰੀ ਬਸਵਰਾਜ ਬੋਮਈ (ਹਾਵੇਰੀ) ਅਤੇ ਬਦਰੂਦੀਨ ਅਜਮਲ (ਧੁਬੜੀ) ਜਿਹੇ ਵੱਡੇ ਆਗੂਆਂ ਦੀ ਕਿਸਮਤ ਦਾ ਵੀ ਫ਼ੈਸਲਾ ਹੋਵੇਗਾ। ਇਸ ਦੌਰਾਨ ਗੁਜਰਾਤ ਦੀਆਂ 25, ਮਹਾਰਾਸ਼ਟਰ ਦੀਆਂ 11, ਉੱਤਰ ਪ੍ਰਦੇਸ਼ ਦੀਆਂ 10, ਕਰਨਾਟਕ ਦੀਆਂ ਬਾਕੀ ਰਹਿੰਦੀਆਂ 14, ਛੱਤੀਸਗੜ੍ਹ ਦੀਆਂ 7, ਮੱਧ ਪ੍ਰਦੇਸ਼ ਦੀਆਂ 8, ਬਿਹਾਰ ਦੀਆਂ ਪੰਜ, ਆਸਾਮ ਤੇ ਪੱਛਮੀ ਬੰਗਾਲ ਦੀਆਂ 4-4 ਅਤੇ ਗੋਆ ਦੀਆਂ ਦੋ ਸੀਟਾਂ ਲਈ ਵੋਟਾਂ ਪੈਣਗੀਆਂ। ਕੇਂਦਰ ਸ਼ਾਸਿਤ ਪ੍ਰਦੇਸ਼ ਦਾਦਰਾ ਤੇ ਨਗਰ ਹਵੇਲੀ ਅਤੇ ਦਮਨ ਤੇ ਦੀਊ (ਦੋ ਸੀਟਾਂ) ਲਈ ਵੀ ਵੋਟਾਂ ਤੀਜੇ ਗੇੜ ਦੌਰਾਨ 7 ਮਈ ਨੂੰ ਹੀ ਪੈਣਗੀਆਂ। ਕੁਝ ਕਾਰਨਾਂ ਕਰਕੇ ਅਨੰਤਨਾਗ-ਰਾਜੌਰੀ ਸੀਟ ਲਈ ਵੋਟਾਂ ਹੁਣ ਛੇਵੇਂ ਗੇੜ ਦੌਰਾਨ 25 ਮਈ ਨੂੰ ਪੈਣਗੀਆਂ। ਚੋਣ ਪ੍ਰਚਾਰ ਦੇ ਆਖ਼ਰੀ ਦਿਨ ਅੱਜ ਪ੍ਰਧਾਨ ਮੰਤਰੀ ਨੇ ਉੱਤਰ ਪ੍ਰਦੇਸ਼ 'ਚ ਰੈਲੀਆਂ ਕੀਤੀਆਂ ਤੇ ਅਯੁੱਧਿਆ ਵਿੱਚ ਰਾਮ ਮੰਦਰ 'ਚ ਮੱਥਾ ਟੇਕਣ ਮਗਰੋਂ ਰੋਡ ਸ਼ੋਅ ਵੀ ਕੀਤਾ। ਆਪਣੀਆਂ ਰੈਲੀਆਂ ਦੌਰਾਨ ਪ੍ਰਧਾਨ ਮੰਤਰੀ ਨੇ ਕਾਂਗਰਸ ਤੇ ਸਪਾ ਨੂੰ ਪਰਿਵਾਰਵਾਦ ਦੇ ਮੁੱਦੇ 'ਤੇ ਨਿਸ਼ਾਨੇ 'ਤੇ ਰੱਖਿਆ।

ਦੂਜੇ ਪਾਸੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਸਮੇਤ ਪ੍ਰਿਯੰਕਾ ਗਾਂਧੀ ਤੇ ਰਾਹੁਲ ਗਾਂਧੀ ਨੇ ਸਮਾਜਿਕ ਨਿਆਂ, ਬੇਰੁਜ਼ਗਾਰੀ, ਕਿਸਾਨਾਂ ਨਾਲ ਬੇਇਨਸਾਫ਼ੀ ਸਮੇਤ ਹੋਰ ਮੁੱਦਿਆਂ 'ਤੇ ਹਾਕਮ ਧਿਰ ਨੂੰ ਘੇਰਿਆ।

# ਵੱਡੀ ਮਾਤਰਾ ਵਿਚ ਜਾਅਲੀ ਕਰੰਸੀ ਸਮੇਤ ਦੋਸ਼ੀ ਪੁਲਿਸ ਵਲੋਂ ਗ੍ਰਿਫਤਾਰ




ਮਲੇਰਕੋਟਲਾ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਡਾ. ਸਿਮਰਤ ਕੌਰ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ, ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ੍ਰੀ ਵੈਭਵ ਸਹਿਗਲ, ਪੀ.ਪੀ.ਐਸ, ਕਪਤਾਨ ਪੁਲਿਸ (ਇੰਵੈਸਟੀਗੇਸ਼ਨ) ਮਾਲੇਰਕੋਟਲਾ, ਸੀ ਸਤੀਸ ਕੁਮਾਰ, ਪੀ.ਪੀ.ਐਸ, ਉਪ ਕਪਤਾਨ ਪੁਲਿਸ (ਇੰਨਵੈਸਟੀਗੇਸਨ) ਮਾਲੇਰਕੋਟਲਾ, ਅਤੇ ਸ੍ਰੀ ਦਲਵੀਰ ਸਿੰਘ, ਉਪ ਕਪਤਾਨ ਪੁਲਿਸ, ਕਾਂਊਟਰ ਇੰਟੈਲੀਜੈਂਸ ਪਟਿਆਲਾ ਦੀ ਨਿਗਰਾਨੀ ਤਹਿਤ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਦੌਰਾਨ ਮੁਖਬਰ ਖਾਸ ਦੀ ਇਤਲਾਹ ਪਰ ਇੰਸਪੈਕਟਰ ਹਰਜਿੰਦਰ ਸਿੰਘ, ਇੰਚਾਰਜ, ਸੀ.ਆਈ.ਏ. ਸਟਾਫ, ਮਾਹੋਰਾਣਾ ਦੀ ਟੀਮ ਅਤੇ ਕਾਂਊਟਰ ਇੰਟੈਲੀਜੈਂਸ, ਮਾਲੇਰਕੋਟਲਾ ਦੀ ਟੀਮ ਵੱਲੋਂ ਸਾਂਝੇ ਉਪਰੇਸ਼ਨ ਦੌਰਾਨ ਰਿਸੂ ਕੁਮਾਰ ਪੁੱਤਰ ਨਰੇਸ ਕੁਮਾਰ ਵਾਸੀ ਨੇੜੇ ਵਿਸਕਰਮਾ ਮੰਦਿਰ 786 ਚੌਂਕ ਮਾਲੇਰਕੋਟਲਾ ਅਤੇ ਲਖਵਿੰਦਰ ਕੁਮਾਰ ਉਰਫ ਲੱਕੀ ਪੁੱਤਰ ਫਕੀਰ ਚੰਦ ਵਾਸੀ ਮਕਾਨ ਨੰਬਰ 17 ਗਲੀ ਨੰਬਰ 10 ਮੁਹੱਲਾ ਤਜਫਲਪੁਰਾ, ਪਟਿਆਲਾ ਪਾਸੋਂ ਜਾਅਲੀ ਕਰੰਸੀ 2,85,000/-ਰੁਪੈ ਬ੍ਰਾਮਦ ਕਰਕੇ ਥਾਣਾ ਸਿਟੀ-1 ਮਾਲੇਰਕੋਟਲਾ ਵਿਖੇ ਦਰਜ ਰਜਿਸਟਰ ਕਰਵਾਇਆ ਗਿਆ। ਡਾ. ਸਿਮਰਤ ਕੌਰ ਵੱਲੋਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੌਰਾਨੇ ਤਫਤੀਸ ਦੇਸੀਆਨ ਰਿਸੂ ਕੁਮਾਰ ਅਤੇ ਲਖਵਿੰਦਰ ਕੁਮਾਰ ਉਕਤਾਨ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਇਹ ਜਾਅਲੀ ਕਰੰਸੀ ਅਮਿਤ ਗਿੱਲ ਪੁੱਤਰ ਬਲਦੇਵ ਰਾਜ ਵਾਸੀ ਮੋਨਵਾਨ ਮਨਸੂਰਵਾਲ ਦੋਨਾ, ਜਿਲ੍ਹਾ ਕਪੂਰਥਲਾ ਹਾਲ ਕਿਰਾਏਦਾਰ ਰਾਕੇਸ ਕੁਮਾਰ ਐਸ.ਬੀ.ਆਈ. ਕਲੋਨੀ ਨੇੜੇ ਬੁਆਏ ਹੋਸਟਲ ਸਹਾਰਨਪੁਰ, ਯੂ.ਪੀ ਪਾਸੋਂ ਲੈ ਕਰ ਆਏ ਸੀ। ਜਿਸਦੇ ਅਧਾਰ ਪਰ ਦੋਸੀ ਅਮਿਤ ਗਿੱਲ ਨੂੰ ਨਾਮਜਦ ਕਰਕੇ ਸੀ.ਆਈ. ਸਟਾਫ ਮਾਹੋਰਾਣਾ ਦੀ ਟੀਮ ਵੱਲੋਂ ਉਸਦੇ ਪਤੇ ਪਰ ਕਰਕੇ ਦੋਸੀ ਅਮਿਤ ਗਿੱਲ ਗ੍ਰਿਫਤਾਰ ਕਰਕੇ ਉਸ ਦੇ ਕਬਜਾ ਵਿੱਚੋਂ ਜਾਅਲੀ ਕਰੰਸੀ 81,35,000/-ਰੁਪੈ ਸਮੇਤ ਇੱਕ ਕਲਰ ਪ੍ਰਿੰਟਰ ਮਾਰਕਾ ਐਚ.ਪੀ ਸਮਾਰਟ ਟੈਕ, ਇੱਕ ਮੋਨੀਟਰ ਮਾਰਕਾ Compag BAIA, ਇੱਕ ਕੀ ਬੋਰਡ, ਇੱਕ ਮਾਊਸ ਮਾਰਕਾ HP, ਛੋਟਾ ਸੀ.ਪੀ.ਯੂ ਮਾਰਕਾ GIGABYTE, ਸਮਾਰਟ ਸਕੈਨਰ ਕੱਲਰ ਪ੍ਰਿੰਟਰ ਮਾਰਕਾ ਐਪਸੋਨ ਐਲ 8180, ਇੱਕ ਲੈਮੀਨੇਸਨ ਮਸੀਨ ਮਾਰਕਾ RESTON, ਇੱਕ ਪੇਪਰ ਕਟਰ, ਇੱਕ ਸਕਰੀਨ ਬੋਰਡ ਜੋ ਲੱਕੜ ਦੀ ਫਰੇਮ ਵਿੱਚ

# ਅਕਾਲੀ ਆਗੂ ਬੀਬੀ ਹਰਜਿੰਦਰ ਕੌਰ ਦਾ ਭਾਜਪਾ ਨਾਲ ਲਗਾਅ ਹਰਦੀਪ ਬੁਟਰੇਲਾ ਦੇ ਅਸਤੀਫੇ ਦਾ ਕਾਰਨ ਬਣਿਆ



ਚੰਡੀਗੜ੍ਹ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਸ਼ਹਿਰ ਦੀ ਸਿਆਸਤ ਵਿਚ ਵੱਡਾ ਸਿਆਸੀ ਧਮਾਕਾ ਹੋਇਆ ਹੈ। ਇੱਥੋਂ ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਉਮੀਦਵਾਰ ਹਰਦੀਪ ਸਿੰਘ ਬੁਟੇਰਲਾ ਨੇ ਟਿਕਟ ਵਾਪਸ ਕਰਨ ਦੇ ਨਾਲ ਹੀ ਅਕਾਲੀ ਦਲ ਤੋਂ ਅਸਤੀਫਾ ਦੇ ਦਿੱਤਾ ਹੈ। ਹਾਲਾਂਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਹਰਦੀਪ ਬੁਟੇਰਲਾ ਨੇ ਅਚਾਨਕ ਇਹ ਕਦਮ ਕਿਉਂ ਚੁੱਕਿਆ? ਕਿਹੜੇ ਕਾਰਨ ਸਨ ਕਿ ਬੁਟਰਲਾ ਦਾ ਅਕਾਲੀ ਦਲ ਤੋਂ ਮੋਹ ਭੰਗ ਹੋ ਗਿਆ?

ਵਰਨਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਚੰਡੀਗੜ੍ਹ ਵਿੱਚ ਭਾਜਪਾ ਨਾਲੋਂ ਨਾਤਾ ਤੋੜਦਿਆਂ ਪਹਿਲੀ ਵਾਰ ਆਪਣੇ ਲੋਕ ਸਭਾ ਉਮੀਦਵਾਰ ਦਾ ਐਲਾਨ ਕੀਤਾ ਸੀ। ਹਰਦੀਪ ਸਿੰਘ ਬੁਟੇਰਲਾ ਦਾ ਮੁਕਾਬਲਾ ਭਾਜਪਾ ਦੇ ਸੰਜੇ ਟੰਡਨ ਅਤੇ ਕਾਂਗਰਸ ਦੇ ਮਨੀਸ਼ ਤਿਵਾੜੀ ਨਾਲ ਸੀ। ਇਸ ਤਰ੍ਹਾਂ ਚੰਡੀਗੜ੍ਹ ਲੋਕ ਸਭਾ ਚੋਣਾਂ ਵਿੱਚ ਮੁਕਾਬਲਾ ਤਿਕੋਣਾ ਹੋ ਗਿਆ ਸੀ।

**ਹਰਦੀਪ ਬੁਟੇਰਲਾ ਤਿੰਨ ਵਾਰ ਕੌਂਸਲਰ ਰਹੇ**

ਬੁਟੇਰਲਾ ਦੇ ਵਸਨੀਕ ਅਤੇ ਤਿੰਨ ਵਾਰ ਕੌਂਸਲਰ ਰਹਿ ਚੁੱਕੇ 41 ਸਾਲਾ ਹਰਦੀਪ ਦਾ ਚੰਡੀਗੜ੍ਹ ਦੇ ਪਿੰਡਾਂ ਵਿੱਚ ਚੰਗਾ ਪ੍ਰਭਾਵ ਮੰਨਿਆ ਜਾਂਦਾ ਹੈ। 2006 ਅਤੇ 2011 ਵਿੱਚ ਹਰਦੀਪ ਸਿੰਘ ਦੇ ਪਿਤਾ ਗੁਰਨਾਮ ਸਿੰਘ ਅਤੇ ਭਰਾ ਮਲਕੀਅਤ ਸਿੰਘ ਚੰਡੀਗੜ੍ਹ ਨਗਰ ਨਿਗਮ ਦੇ ਕੌਂਸਲਰ ਚੁਣੇ ਗਏ ਸਨ।

ਇਸ ਤੋਂ ਬਾਅਦ ਹਰਦੀਪ 2015 (ਆਪਣੇ ਭਰਾ ਦੀ ਮੌਤ ਤੋਂ ਬਾਅਦ), 2016 ਅਤੇ 2021 ਵਿੱਚ ਕੌਂਸਲਰ ਬਣਿਆ। ਉਹ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਵੀ ਬਣੇ। 2018 ਵਿੱਚ, ਹਰਦੀਪ ਨੂੰ ਚੰਡੀਗੜ੍ਹ ਦਾ ਅਕਾਲੀ ਦਲ ਪ੍ਰਧਾਨ ਚੁਣਿਆ ਗਿਆ ਸੀ। ਚੰਡੀਗੜ੍ਹ ਨਗਰ ਨਿਗਮ 'ਚ ਹਰਦੀਪ ਹਮੇਸ਼ਾ ਭਾਜਪਾ ਨਾਲ ਨਜ਼ਰ ਆਉਂਦਾ ਸੀ।

ਇਸ ਸਬੰਧੀ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਹਰਦੀਪ ਬੁਟੇਰਲਾ ਦੇ ਦਿਲ ਦੀ ਗੱਲ ਸਾਹਮਣੇ ਆਈ ਤਾਂ ਉਹਨਾਂ ਦੱਸਿਆ ਕਿ ਮੇਰੀ ਟਿਕਟ ਤਾਂ ਬਾਅਦ ਵਿੱਚ ਤੈਅ ਹੋ ਗਈ ਸੀ ਪਰ ਜਿਵੇਂ ਹੀ ਭਾਜਪਾ ਉਮੀਦਵਾਰ ਨੂੰ ਟਿਕਟ ਦੇਣ ਦਾ ਐਲਾਨ ਹੋਇਆ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਬੀਬੀ ਹਰਜਿੰਦਰ ਕੌਰ ਨੇ ਭਾਜਪਾ ਉਮੀਦਵਾਰ ਲਈ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ। ਉਸੇ ਦਿਨ ਉਨ੍ਹਾਂ ਨੂੰ ਵੱਖ-ਵੱਖ ਸਰੋਤਾਂ ਤੋਂ ਹਰ ਵੀਡੀਓ ਮਿਲੀ ਜਿਸ ਵਿਚ ਬੀਬੀ ਹਰਜਿੰਦਰ ਕੌਰ ਬੀਤੀ 25 ਅਪ੍ਰੈਲ ਤੋਂ ਪਾਰਟੀ ਹਾਈਕਮਾਂਡ ਨੂੰ ਇਸ ਬਾਰੇ ਸ਼ਿਕਾਇਤ ਕਰ ਰਹੀ ਹੈ ਬੁਟਰੇਲਾ ਨੇ ਦੱਸਿਆ ਕਿ ਜਦੋਂ ਤੋਂ ਉਨ੍ਹਾਂ ਨੂੰ ਟਿਕਟ ਮਿਲੀ ਹੈ, ਉਦੋਂ ਤੋਂ ਹੀ ਹਰਦੀਪ ਸਿੰਘ ਬੁਟਰੇਲਾ ਨੂੰ ਲੱਗਦਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਨਹੀਂ, ਸਗੋਂ ਅਕਾਲੀ ਦਲ ਦੀ ਟਿਕਟ 'ਤੇ ਜਿੱਤ ਕੇ ਭਾਜਪਾ ਗਠਜੋੜ 'ਚ ਸ਼ਾਮਲ ਹੋਏ ਹਨ ਉਹ ਇੱਕ ਵਾਰ ਚੰਡੀਗੜ੍ਹ ਨਗਰ ਨਿਗਮ ਦੀ ਮੇਅਰ ਰਹਿ ਚੁੱਕੀ ਹੈ।

# ਸੀਆਈਐੱਸਸੀਈ ਨੇ 10ਵੀਂ ਤੇ 12ਵੀਂ ਦੇ ਨਤੀਜੇ ਐਲਾਨੇ



ਪਟਿਆਲਾ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਸੀਆਈਐੱਸਸੀਈ ਨੇ ਅੱਜ 10ਵੀਂ, 12ਵੀਂ ਦੀਆਂ ਬੋਰਡ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਦਿੱਤੇ ਹਨ। ਬੋਰਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਜੋਸਫ ਇਮੈਨੁਅਲ ਨੇ ਕਿਹਾ ਕਿ 10ਵੀਂ ਤੇ 12ਵੀਂ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਲੜਕੀਆਂ ਦਾ ਪ੍ਰਦਰਸ਼ਨ ਲੜਕਿਆਂ ਨਾਲੋਂ ਬਿਹਤਰ ਰਿਹਾ ਹੈ। 99.47 ਫ਼ੀਸਦੀ ਵਿਦਿਆਰਥੀ 10ਵੀਂ ਤੇ 98.19 ਨੇ 12ਵੀਂ ਜਮਾਤ ਪਾਸ ਕੀਤੀ।

# ਪੰਜਾਬ 'ਚ ਅਕਾਲੀ ਦਲ ਦਾ ਹਾਲ ਚੌਟਾਲਿਆਂ ਵਰਗਾ ਹੋਇਆ : ਢਿੱਲੋਂ

## ਕਿਸਾਨਾਂ ਦੀ ਕਾਤਲ ਭਾਜਪਾ ਨੂੰ ਕੋਈ ਵੀ ਜਮੀਰ ਵਾਲਾ ਵਿਅਕਤੀ ਵੋਟ ਪਾਉਣ ਬਾਰੇ ਸੋਚ ਵੀ ਨਹੀਂ ਸਕਦਾ



ਲਾਲੜੂ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚੋਂ ਪੂਰੀ ਤਰ੍ਹਾਂ ਖਤਮ ਹੋ ਚੁੱਕਾ ਹੈ। ਅਕਾਲੀ ਦਲ ਦਾ ਪੰਜਾਬ ਵਿੱਚ ਹਾਲ ਚੌਟਾਲਿਆਂ ਦੇ ਪਰਿਵਾਰ ਵਰਗਾ ਹੋ ਚੁੱਕਾ ਹੈ। ਇਹ ਗੱਲ ਹਲਕਾ ਕਾਂਗਰਸ ਇੰਚਾਰਜ ਦੀਪਇੰਦਰ ਸਿੰਘ ਢਿੱਲੋ ਨੇ ਲਾਲੜੂ ਦੇ ਪਿੰਡ ਬਸੌਲੀ ਵਿਖੇ ਕਈ ਪਰਿਵਾਰਾਂ ਵੱਲੋ ਅੱਜ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕਿ ਕਾਂਗਰਸ ਚ ਆਏ ਪਰਿਵਾਰਾਂ ਦਾ ਸਵਾਗਤ ਕਰਦਿਆਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤੀ।

ਕਾਂਗਰਸ ਵਿੱਚ ਸ਼ਾਮਿਲ ਹੋਣ ਵਾਲਿਆਂ ਵਿੱਚ ਰਾਮ ਚੰਦਰ, ਜਸਵਿੰਦਰ ਸਿੰਘ, ਪਵਨ ਕੁਮਾਰ, ਸਤੀਸ ਕੁਮਾਰ, ਰਾਜੇਸ ਕੁਮਾਰ, ਬਿੰਦਰ ਸਿੰਘ, ਸੀਲਾ, ਰੌਸ਼ਨ ਲਾਲ, ਰਾਮ ਪਾਲ, ਮਲਕੀਤ ਸਿੰਘ, ਬਲਕਾਰ ਸਿੰਘ, ਸ਼ੇਰਾ ਸਿੰਘ, ਸੋਨਾ ਦੇਵੀ, ਸੀਮਾ ਦੇਵੀ, ਅੰਜੂ ਦੇਵੀ, ਕਰਨੈਲ ਕੌਰ, ਪ੍ਰੀਤੋ ਦੇਵੀ ਅਤੇ ਸੀਮਾ ਦੇਵੀ ਦੇ ਨਾਂ ਸਾਮਿਲ ਹਨ। ਇਸ ਮੌਕੇ ਦੀਪਇੰਦਰ ਢਿੱਲੋ ਨੇ ਉਹਨਾਂ ਦਾ ਪਾਰਟੀ ਵਿੱਚ ਆਉਣ ਤੇ ਸਵਾਗਤ ਕੀਤਾ।

ਢਿਲੋ ਨੇ ਕਿਹਾ ਕਿ ਐਨ ਕੇ ਸ਼ਰਮਾ ਨੇ 25 ਸਾਲ ਆਪਣੀ ਚੜ੍ਹਾਈ ਹੀ ਦੇਖੀ ਹੈ ਪਰ ਜਦੋਂ ਉਨਾਂ 2022 ਦੀ ਇਲੈਕਸ਼ਨ ਹਾਰੀ ਤਾਂ ਦੋ ਸਾਲ ਤੋਂ ਘਰੋਂ ਬਾਹਰ ਹੀ ਨਹੀਂ ਨਿਕਲੇ ਆਪਣਾ ਬਿਜਨਸ ਵੇਖਦੇ ਰਹੇ। ਇਸ ਦੇ ਨਾਲ ਹੀ ਸ਼ਰਮਾ ਬਾਰੇ ਬੋਲਦੇ ਹੋਏ ਉਹਨਾਂ ਕਿਹਾ ਕਿ ਸ਼ਰਮਾ ਇਸ ਇਲੈਕਸ਼ਨ ਵਿੱਚ ਚੌਥੇ ਨੰਬਰ ਦੀ ਲੜਾਈ ਲੜ ਰਿਹਾ ਹੈ। ਆਮ ਆਦਮੀ ਪਾਰਟੀ ਬਾਰੇ ਉਨ੍ਹਾਂ ਕਿਹਾ ਕਿ ਇਸ ਦਾਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਆਪਣੇ ਘਰੋਂ ਬਾਹਰ ਨਹੀਂ ਨਿਕਲਦਾ।

ਵਿਧਾਇਕ ਨੇ ਕਿਹਾ ਸੀ ਕਿ ਮੈਂ ਹਲਕੇ ਦੇ ਕਿਸੇ ਵੀ ਭੋਗ ਜਾਂ ਵਿਆਹ ਸਮਾਗਮ ਵਿੱਚ ਸ਼ਾਮਿਲ ਨਹੀਂ ਹੋ ਸਕਦਾ ਇਸ ਗੱਲ ਨੂੰ ਉਸ ਨੇ ਪੂਰਾ ਵੀ ਕਰ ਦਿਖਾਇਆ। ਭਾਜਪਾ ਬਾਰੇ ਉਹਨਾਂ ਕਿਹਾ ਕਿ ਪੰਜਾਬ ਦਾ ਕੋਈ ਵੀ ਜਮੀਰ ਵਾਲਾ ਵਿਅਕਤੀ ਬੀਜੇਪੀ ਨੂੰ ਵੋਟ ਪਾਉਣ ਬਾਰੇ ਸੋਚ ਵੀ ਨਹੀਂ ਸਕਦਾ ਕਿਉਂਕਿ ਬੀਜੇਪੀ ਨੇ ਪੰਜਾਬ ਦੇ 750 ਕਿਸਾਨਾਂ ਦਾ ਕਤਲ ਕੀਤਾ ਹੈ ਇਸ ਦੇ ਨਾਲ ਹੀ ਦੇਸ਼ ਦੇ ਵਿੱਚ ਵੰਡ ਪਊ ਅਤੇ ਆਪਸੀ ਭਾਈਚਾਰਾ ਤੋੜਨ ਦੀ ਰਾਜਨੀਤੀ ਕੀਤੀ ਹੈ ਇਸੇ ਲਈ ਬੀਜੇਪੀ ਨੂੰ ਹਰਾਉਣਾ ਲਾਜ਼ਮੀ ਹੈ। ਦੀਪਇੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਉਹਨਾਂ ਨੇ ਕਾਂਗਰਸ ਸਰਕਾਰ ਸਮੇਂ ਹਲਕੇ ਵਿੱਚ ਕੰਮਾਂ ਦੀ ਕੋਈ ਕਸਰ ਨਹੀਂ ਛੱਡੀ ਉਹਨਾਂ ਕਿਹਾ ਕਿ ਹਲਕੇ ਵਿੱਚ ਉਹਨਾਂ ਨੇ ਸੜਕਾਂ ਦਾ ਜਾਲ ਵਿਛਾਇਆ ਇਸ ਦੇ ਨਾਲ ਹੀ ਪਿੰਡਾਂ ਨੂੰ ਲੱਖਾਂ ਰੁਪਏ ਗਰਾਂਟ ਦਿੱਤੀ ਅਤੇ ਪੂਰੇ ਹਲਕੇ ਵਿੱਚ ਕਰੋੜਾਂ ਰੁਪਏ ਦੇ ਕੰਮ ਮੁਕੰਮਲ ਕਰਵਾਏ ਨਾਲ ਹੀ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਚਾਇਤਾਂ ਨੂੰ ਦੋ ਸਾਲਾਂ ਦੇ ਵਿੱਚ ਇਕ ਰੁਪਏ ਦੀ ਗਰਾਂਟ ਨਹੀਂ ਦਿੱਤੀ। ਕਾਂਗਰਸ ਦੇ ਲੋਕ ਸਭਾ ਉਮੀਦਵਾਰ ਡਾ. ਧਰਮਵੀਰ ਗਾਂਧੀ ਬਾਰੇ ਉਹਨਾਂ ਕਿਹਾ ਕਿ ਕਾਂਗਰਸ ਨੇ ਬਹੁਤ ਨੇਕ ਸੂਝਵਾਨ ਅਤੇ ਸਿਆਣਾ ਉਮੀਦਵਾਰ ਸਾਡੇ ਹਲਕੇ ਨੂੰ ਲੱਭ ਕੇ ਦਿੱਤਾ ਹੈ। ਜੋ ਸਭ ਦਾ ਦੁਖ ਦਰਦ ਜਾਣਦਾ ਹੈ ਇਸ ਲਈ ਉਹ ਹਲਕਾ ਵਾਸੀਆਂ ਨੂੰ ਬੇਨਤੀ ਕਰਦੇ ਹਨ ਕਿ ਪੰਜਾਬ ਦੇ ਲੋਕਾਂ ਕੋਲ ਸਿਰਫ ਕਾਂਗਰਸ ਹੀ ਵਿਕਲਪ ਵਿੱਚ ਹੈ। ਇਸ ਲਈ ਹਲਕਾ ਡੇਰਾ ਬੱਸੀ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਨੂੰ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਜਿਤਾਉਣ।

# ਕਾਂਗਰਸ ਦਾ ਏਜੰਡਾ ਦਲਿਤਾਂ, ਆਦਿਵਾਸੀਆਂ ਦਾ ਰਾਖਵਾਂਕਰਨ ਖੋਹ ਕੇ ਮੁਸਲਮਾਨਾਂ ਨੂੰ ਦੇਣਾ ਹੈ : ਨੱਢਾ



ਸੂਰਜਪੁਰ (ਛੱਤੀਸਗੜ੍ਹ), 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਧਾਨ ਜੇ. ਪੀ. ਨੱਢਾ ਨੇ ਕਾਂਗਰਸ 'ਤੇ ਦੋਸ਼ ਲਾਇਆ ਕਿ ਉਸ ਦਾ ਏਜੰਡਾ ਦਲਿਤਾਂ, ਆਦਿਵਾਸੀਆਂ ਅਤੇ ਪੱਛੜੇ ਵਰਗਾਂ ਦਾ ਰਾਖਵਾਂਕਰਨ ਖੋਹ ਕੇ ਮੁਸਲਮਾਨਾਂ ਨੂੰ ਦੇਣਾ ਹੈ।

ਉਨ੍ਹਾਂ ਕਾਂਗਰਸ 'ਤੇ ਵੋਟ ਬੈਂਕ, ਧਰਮ ਅਤੇ ਜਾਤੀ ਦੀ ਰਾਜਨੀਤੀ ਕਰਨ ਦਾ ਵੀ ਦੋਸ਼ ਲਾਇਆ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਰਿਆਂ ਦੇ ਵਿਕਾਸ 'ਤੇ ਧਿਆਨ ਕੇਂਦ੍ਰਿਤ ਕਰਦੇ ਹੋਏ ਦੇਸ਼ 'ਚ ਰਾਜਨੀਤੀ ਦੀ ਪਰਿਭਾਸ਼ਾ ਅਤੇ ਸੱਭਿਆਚਾਰ ਨੂੰ ਬਦਲ ਦਿੱਤਾ ਹੈ। ਨੱਢਾ ਛੱਤੀਸਗੜ੍ਹ ਦੇ ਸੂਰਜਪੁਰ ਜ਼ਿਲ੍ਹੇ 'ਚ ਸਰਗੁਜਾ ਲੋਕ ਸਭਾ ਸੀਟ ਤੋਂ ਭਾਜਪਾ ਉਮੀਦਵਾਰ ਚਿੰਤਾਮਣੀ ਮਹਾਰਾਜ ਦੇ ਸਮਰਥਨ 'ਚ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉੱਥੇ 7 ਮਈ ਨੂੰ ਵੋਟਿੰਗ ਹੋਣੀ ਹੈ। ਨੱਢਾ ਨੇ ਕਾਂਗਰਸ ਪਾਰਟੀ 'ਤੇ ਭਗਵਾਨ ਰਾਮ ਵਿਰੋਧੀ, ਸਨਾਤਨ ਧਰਮ ਵਿਰੋਧੀ ਹੋਣ ਅਤੇ ਰਾਸ਼ਟਰ ਵਿਰੋਧੀਆਂ ਦਾ ਸਾਥ ਦੇਣ ਦਾ ਵੀ ਦੋਸ਼ ਲਾਇਆ।

ਕਰਨਾਟਕ ਪ੍ਰਦੇਸ਼ ਕਾਂਗਰਸ ਕਮੇਟੀ (ਕੇ. ਪੀ. ਸੀ. ਸੀ.) ਨੇ ਆਦਰਸ਼ ਚੋਣ ਜ਼ਾਬਤੇ ਦੀ ਕਥਿਤ ਉਲੰਘਣਾ ਨੂੰ ਲੈ ਕੇ ਐਤਵਾਰ ਨੂੰ ਭਾਜਪਾ ਦੇ ਕੌਮੀ ਪ੍ਰਧਾਨ ਜੇ. ਪੀ. ਨੱਢਾ ਅਤੇ ਪਾਰਟੀ ਦੇ ਹੋਰ ਸੀਨੀਅਰ ਨੇਤਾਵਾਂ ਦੇ ਖਿਲਾਫ ਚੋਣ ਕਮਿਸ਼ਨ ਤੋਂ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਸੂਬਾ ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਸੋਸ਼ਲ ਮੀਡੀਆ 'ਤੇ ਭਾਜਪਾ ਵੱਲੋਂ ਪੋਸਟ ਕੀਤੀ ਗਈ ਇਕ ਵੀਡੀਓ 'ਚ ਅਨੁਸੂਚਿਤ ਜਾਤੀ (ਐੱਸ. ਸੀ.) ਅਤੇ ਅਨੁਸੂਚਿਤ ਜਨਜਾਤੀ (ਐੱਸ. ਟੀ.) ਭਾਈਚਾਰੇ ਦੇ ਮੈਂਬਰਾਂ ਨੂੰ ਇਕ ਖਾਸ ਉਮੀਦਵਾਰ ਨੂੰ ਵੋਟ ਨਾ ਪਾਉਣ ਲਈ ਡਰਾਇਆ-ਧਮਕਾਇਆ ਗਿਆ ਹੈ।

# ਕਾਂਗਰਸ ਨੇ ਰਾਏਬਰੇਲੀ ਅਤੇ ਅਮੇਠੀ ਲਈ ਆਬਜ਼ਰਵਰ ਕੀਤੇ ਨਿਯੁਕਤ



ਨਵੀਂ ਦਿੱਲੀ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਕਾਂਗਰਸ ਨੇ ਰਾਏਬਰੇਲੀ ਅਤੇ ਅਮੇਠੀ ਸੰਸਦੀ ਸੀਟ ਲਈ ਪਾਰਟੀ ਦੇ 2 ਸੀਨੀਅਰ ਨੇਤਾਵਾਂ ਨੂੰ ਆਬਜ਼ਰਵਰ ਨਿਯੁਕਤ ਕੀਤਾ ਹੈ। ਕਾਂਗਰਸ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਆਬਜ਼ਰਵਰਾਂ ਦੇ ਨਾਵਾਂ ਨੂੰ ਮਨਜ਼ੂਰੀ ਦਿੱਤੀ ਹੈ ਅਤੇ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਤੋਂ ਆਪਣਾ ਕੰਮ ਸ਼ੁਰੂ ਕਰਨ ਲਈ ਕਿਹਾ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਨੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਅਤੇ ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਨੂੰ ਇਨ੍ਹਾਂ ਸੰਸਦੀ ਸੀਟਾਂ ਲਈ ਆਬਜ਼ਰਵਰ ਨਿਯੁਕਤ ਕੀਤਾ ਹੈ।

# ਜਲੰਧਰ 'ਚ ਵੱਡਾ ਹਾਦਸਾ, ਚਾਰ ਲੋਕਾਂ ਦੀ ਮੌਤ



ਜਲੰਧਰ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਜਲੰਧਰ ਦਿਹਾਤ ਦੇ ਥਾਣਾ ਮਕਸੂਦਾਂ ਅਧੀਨ ਆਉਂਦੇ ਜਲੰਧਰ-ਪਠਾਨਕੋਟ ਰਾਸ਼ਟਰੀ ਰਾਜਮਾਰਗ 'ਤੇ ਸਥਿਤ ਪਿੰਡ ਰਾਓਵਾਲੀ ਨੇੜੇ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਕਰਕੇ ਵਾਪਸ ਪਰਤ ਰਹੇ ਵਾਹਨ ਦੀ ਟੱਕਰ ਹੋ ਗਈ। ਇਸ ਹਾਦਸੇ ਵਿਚ ਛੋਟੇ ਬੱਚੇ ਸਮੇਤ ਚਾਰ ਜਣਿਆਂ ਦੀ ਮੌਤ ਹੋ ਗਈ। ਇਸ ਹਾਦਸੇ ਦੀ ਸੂਚਨਾ ਰਾਹਗੀਰਾਂ ਵੱਲੋਂ ਥਾਣਾ ਮਕਸੂਦਾਂ ਦੀ ਪੁਲਸ ਨੂੰ ਦਿੱਤੀ ਗਈ।

ਸੂਚਨਾ ਮਿਲਦੇ ਹੀ ਥਾਣਾ ਮਕਸੂਦਾ ਦੇ ਏਐੱਸਆਈ ਕੇਵਲ ਸਿੰਘ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ।

ਜਾਣਕਾਰੀ ਦਿੰਦੇ ਹੋਏ ਏਐੱਸਆਈ ਕੇਵਲ ਸਿੰਘ ਨੇ ਦੱਸਿਆ ਕਿ ਇਹ ਪਰਿਵਾਰ ਕਿਸੇ ਧਾਰਮਿਕ ਸਥਾਨ ਤੋਂ ਮੱਥਾ ਟੇਕ ਕੇ ਵਾਪਸ ਪਰਤ ਰਿਹਾ ਸੀ ਜਦੋਂ ਪਿੰਡ ਰਾਓਵਾਲੀ ਨਜ਼ਦੀਕ ਪਹੁੰਚੇ ਤਾਂ ਇਨ੍ਹਾਂ ਦੀ ਦੂਸਰੀ ਕਾਰ ਨਾਲ ਟੱਕਰ ਹੋ ਗਈ ਜਿਸ ਨਾਲ ਇਹ ਹਾਦਸਾ ਵਾਪਰ ਗਿਆ। ਇਹ ਘਟਨਾ ਸਵੇਰੇ 5.30 ਵਜੇ ਦੀ ਹੈ। ਉਨ੍ਹਾਂ ਕਿਹਾ ਕਿ ਮਰਨ ਵਾਲਿਆਂ ਵਿਚ ਇੱਕ ਛੋਟਾ ਬੱਚਾ ਵੀ ਸ਼ਾਮਲ ਹੈ। ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ 'ਚ ਰਖਵਾਇਆ ਗਿਆ ਹੈ। ਇਸ ਦੌਰਾਨ ਦੋਵੇਂ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ।

# ਕਿਸਾਨਾਂ ਨੂੰ ਲੋੜ ਮੁਤਾਬਿਕ ਪਾਣੀ ਵਰਤਣ ਦੀ ਕੀਤੀ ਅਪੀਲ: ਬਿਜਲੀ ਮੰਤਰੀ



ਚੰਡੀਗੜ੍ਹ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਦੇ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਪਾਣੀ ਦੀ ਹਰ ਇਕ ਬੂੰਦ ਕੀਮਤੀ ਹੈ,ਪਾਣੀ ਦੀ ਸੁਰੱਖਿਆ ਹੀ ਜੀਵਨ ਦੀ ਸੁਰੱਖਿਆ ਹੈ। ਪੀ.ਐਸ.ਪੀ.ਸੀ.ਐਲ. ਵੱਲੋਂ ਕਣਕ ਦੀ ਵਾਢੀ ਲਗਭਗ ਪੂਰੀ ਹੋਣ ਉਪਰੰਤ ਇਹਨਾਂ ਟਿਊਬਵੈਲਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਦੀ ਸਪਲਾਈ ਨੂੰ ਦਿਨ ਵੇਲੇ ਦੇਣਾ ਸ਼ੁਰੂ ਕਰ ਦਿੱਤਾ ਗਿਆ ਹੈ। ਬਿਜਲੀ ਮੰਤਰੀ ਨੇ ਜ਼ੋਰ ਦਿੰਦੇ ਕਿਹਾ ਕਿ ਪੰਜਾਬ ਦੀ ਧਰਤੀ ਹੇਠਲਾ ਜਲ ਸਰੋਤ ਸੀਮਤ ਹੈ,ਚਾਹੇ ਬਿਜਲੀ ਦੀ ਕੋਈ ਥੁੜ ਨਹੀ ਹੈ ਫਿਰ ਵੀ ਪਾਣੀ ਦੀ ਵਰਤੋਂ ਸੰਜਮ ਨਾਲ ਕਰਨਾ ਸਮੇਂ ਦੀ ਮੰਗ ਹੈ।ਕਿਸਾਨਾਂ ਨੂੰ ਪਾਣੀ ਦੀ ਵਰਤੋਂ ਜਰੂਰਤ ਅਨੁਸਾਰ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਉਹਨਾਂ ਨੇ ਕਿਹਾ ਕਿ ਪਾਣੀ ਦੀ ਹਰ ਬੂੰਦ ਕੀਮਤੀ ਹੈ ਅਤੇ ਗੁਰਬਾਣੀ ਵਿੱਚ ਵੀ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ, ਰਾਹੀਂ ਪਾਣੀ ਦੀ ਮਹੱਤਤਾ ਦਾ ਸੰਦੇਸ਼ ਦਿੱਤਾ ਗਿਆ ਹੈ।

ਹਾਲਾਂਕਿ ਉਹਨਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਪੀਐਸਪੀਸੀਐਲ ਕੋਲ ਬਿਜਲੀ ਦੀ ਕਮੀ ਨਹੀਂ ਹੈ, ਲੇਕਿਨ ਸੂਬੇ ਅੰਦਰ ਜਮੀਨ ਹੇਠਲੇ ਪਾਣੀ ਦੀ ਸਥਿਤੀ ਵੀ ਕਿਸੇ ਤੋਂ ਛਿਪੀ ਨਹੀਂ ਹੈ। ਇਸ ਲਈ ਕਿਸਾਨ ਭਰਾਵਾਂ ਨੂੰ ਜਰੂਰਤ ਮੁਤਾਬਿਕ ਟਿਊਬਵੈਲ ਚਲਾਉਣੇ ਚਾਹੀਦੇ ਹਨ। ਉਹਨਾਂ ਨੇ ਜੋਰ ਦਿੰਦਿਆਂ ਕਿਹਾ ਕਿ ਕਿਸਾਨ ਭਰਾਵਾਂ ਨੂੰ ਵੀ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਪਾਣੀ ਬਚਾਉਣਾ ਪਵੇਗਾ,ਜਲ ਸੰਭਾਲ ਜ਼ਰੂਰਤ ਤੇ ਸਾਡਾ ਫਰਜ਼ ਹੈ ਅਤੇ ਸਰਕਾਰ ਦੀ ਇਸ ਮੁਹਿੰਮ ਦਾ ਸਾਥ ਦੇਣਾ ਚਾਹੀਦਾ ਹੈ।

# ਪੁਲਿਸ ਨੇ IIED, ਵਿਸਫ਼ੋਟਕ ਸਮੱਗਰੀਆਂ ਕੀਤੀਆਂ ਨਸ਼ਟ, ਲੋਕ ਸਭਾ ਚੋਣਾਂ ਦੌਰਾਨ ਧਮਾਕਾ ਕਰਨ ਦੀ ਸੀ ਸਾਜਿਸ਼



ਗੜ੍ਹਚਿਰੌਲੀ (ਭਾਸ਼ਾ)- 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਮਹਾਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ ਦੇ ਇਕ ਪਹਾੜੀ ਇਲਾਕੇ 'ਚ ਪੁਲਿਸ ਨੇ ਸੋਮਵਾਰ ਨੂੰ ਨਕਸਲੀਆਂ ਵਲੋਂ ਲਗਾਏ ਗਏ। 'ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ' (ਆਈਈਡੀ) ਅਤੇ ਹੋਰ ਵਿਸਫ਼ੋਟਕ ਸਮੱਗਰੀਆਂ ਨੂੰ ਨਸ਼ਟ ਕਰ ਦਿੱਤਾ। ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਗੜ੍ਹਚਿਰੌਲੀ ਦੇ ਪੁਲਸ ਸੁਪਰਡੈਂਟ ਨੀਲੋਤਪਲ ਨੇ ਦੱਸਿਆ ਕਿ ਪੁਲਸ ਨੂੰ ਟੀਪਾਗੜ੍ਹ ਖੇਤਰ 'ਚ ਵਿਸਫ਼ੋਟਕਾਂ ਬਾਰੇ ਸੂਚਨਾ ਮਿਲੀ, ਜਿਸ ਤੋਂ ਬਾਅਦ ਬੰਬ ਨਿਰੋਧਕ ਅਤੇ ਬੰਬ ਦਾ ਪਤਾ ਲਗਾਉਣ ਵਾਲੇ 2 ਦਸਤੇ, ਇਕ ਤੁਰੰਤ ਕਾਰਵਾਈ ਦਲ ਅਤੇ ਕੇਂਦਰੀ ਰਿਜ਼ਰਵ ਪੁਲਸ ਫ਼ੋਰਸ (ਸੀ.ਆਰ.ਪੀ.ਐੱਫ.) ਕੇ.ਸੀ.-60 ਨੂੰ ਵਿਸਫ਼ੋਟਕਾਂ ਦੀ ਤਲਾਸ਼ ਕਰਨ ਅਤੇ ਲੋੜ ਪੈਣ 'ਤੇ ਮੌਕੇ 'ਤੇ ਹੀ ਨਸ਼ਟ ਕਰਨ ਲਈ ਰਵਾਨਾ ਕੀਤਾ ਗਿਆ। ਜਾਣਕਾਰੀ ਮਿਲੀ ਸੀ ਕਿ ਮਾਓਵਾਦੀਆਂ ਨੇ ਲੋਕ ਸਭਾ ਚੋਣਾਂ ਦੌਰਾਨ ਆਈ.ਈ.ਡੀ. ਵਿਸਫ਼ੋਟਕ ਕਰਨ ਦੀ ਸਾਜਿਸ਼ ਰਚੀ ਹੈ। ਉਨ੍ਹਾਂ ਦੱਸਿਆ ਕਿ ਸੂਚਨਾ 'ਚ ਸਥਾਨ ਬਾਰੇ ਜਾਣਕਾਰੀ ਨਹੀਂ ਮਿਲ ਸੀ, ਇਸ ਲਈ ਪੂਰੇ ਖੇਤਰ 'ਚ ਵਿਆਪਕ ਮੁਹਿੰਮ ਚਲਾਈ ਗਈ ਅਤੇ ਹਮਲਿਆਂ ਨੂੰ ਰੋਕਣ ਲਈ ਸੁਰੱਖਿਆ ਫ਼ੋਰਸਾਂ ਦੀ ਭਾਰੀ ਤਾਇਨਾਤੀ ਕੀਤੀ ਗਈ।

ਅਧਿਕਾਰੀ ਨੇ ਦੱਸਿਆ ਕਿ ਐਤਵਾਰ ਨੂੰ ਪੁਲਸ ਨੂੰ ਸੂਚਨਾ ਮਿਲੀ ਕਿ ਟੀਪਾਗੜ੍ਹ 'ਚ ਵਿਸਫ਼ੋਟਕ ਲਗਾਏ ਗਏ ਹਨ ਅਤੇ ਇਲਾਕੇ ਦੀ ਤਲਾਸ਼ੀ ਲਈ ਬੰਬ ਨਿਰੋਧਕ ਦਸਤੇ ਅਤੇ ਸੀ.ਆਰ.ਪੀ.ਐੱਫ. ਜਵਾਨਾਂ ਦੀ ਇਕ ਟੀਮ ਨੂੰ ਰਵਾਨਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਟੀਮ ਨੇ 9 ਆਈ.ਆਈ.ਡੀ., ਤਿੰਨ 'ਕਲੇਮੋਰ' ਪਾਈਪ, ਵਿਸਫ਼ੋਟਕਾਂ ਅਤੇ ਡੇਟੋਨੇਟਰ ਨਾਲ ਭਰੇ 6 ਪ੍ਰੈਸ਼ਰ ਕੁੱਕਰ ਅਤੇ ਵਿਸਫ਼ੋਟਕਾਂ ਅਤੇ ਛਰਰਿਆਂ ਨਾਲ ਭਰੇ ਤਿੰਨ ਅਤੇ ਕਲੇਮੋਰ ਪਾਈਪ ਬਰਾਮਦ ਕੀਤੇ। ਅਧਿਕਾਰੀ ਨੇ ਦੱਸਿਆ ਕਿ ਹਾਦਸੇ ਵਾਲੀ ਜਗ੍ਹਾ ਤੋਂ ਬਾਰੂਦ ਨਾਲ ਭਰਿਆ ਇਕ ਪਲਾਸਟਿਕ ਬੈਗ, ਕੁਝ ਦਵਾਈਆਂ ਅਤੇ ਕੰਬਲ ਵੀ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਬੰਬ ਨਿਰੋਧਕ ਦਸਤੇ ਨੇ 9 ਆਈ.ਆਈ.ਡੀ. ਅਤੇ ਤਿੰਨ ਕਲੇਮੋਰ ਪਾਈਪ ਨੂੰ ਉੱਥੇ ਹੀ ਨਸ਼ਟ ਕਰ ਦਿੱਤਾ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਬੀਜੇਪੀ ਵੱਲੋਂ ਕੀਤੀ ਸ਼ਿਕਾਇਤ ਉਪਰੰਤ ਡੀ.ਜੀ.ਪੀ. ਤੋਂ ਰਿਪੋਰਟ ਮੰਗੀ

ਚੰਡੀਗੜ੍ਹ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਭਾਜਪਾ ਦੇ ਵਫ਼ਦ ਵੱਲੋਂ ਸੂਬੇ ਵਿੱਚ ਪਾਰਟੀ ਦੇ ਉਮੀਦਵਾਰਾਂ ਨੂੰ ਪ੍ਰਚਾਰ ਕਰਨ ਤੋਂ ਰੋਕੇ ਜਾਣ ਅਤੇ ਅਮਨ-ਕਾਨੂੰਨ ਦੀ ਸਥਿਤੀ 'ਤੇ ਚਿੰਤਾ ਜ਼ਾਹਰ ਕੀਤੇ ਜਾਣ ਤੋਂ ਬਾਅਦ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਤੋਂ ਇਸ ਸਬੰਧੀ ਕਾਰਵਾਈ ਰਿਪੋਰਟ ਮੰਗੀ ਹੈ।

ਦੱਸਣਯੋਗ ਹੈ ਕਿ ਪੰਜਾਬ ਭਾਜਪਾ ਦੇ ਵਫ਼ਦ ਨੇ ਅੱਜ ਇੱਥੇ ਮੁੱਖ ਚੋਣ ਅਧਿਕਾਰੀ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਮੁਲਾਕਾਤ ਕਰਕੇ ਆਜ਼ਾਦ ਅਤੇ ਨਿਰਪੱਖ ਚੋਣ ਅਮਲ ਨੂੰ ਯਕੀਨੀ ਬਣਾਉਣ ਅਤੇ ਚੋਣ ਪ੍ਰਚਾਰ ਦੇ ਅਧਿਕਾਰ ਨੂੰ ਲੈ ਕੇ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਸੂਬੇ ਵਿੱਚ ਚੋਣਾਂ ਦੇ ਸਮੇਂ ਦੌਰਾਨ ਆਪਣੇ ਉਮੀਦਵਾਰਾਂ ਦੀ ਸੁਰੱਖਿਆ ਨੂੰ ਲੈ ਕੇ ਵੀ ਖਦਸ਼ਾ ਪ੍ਰਗਟਾਇਆ। ਬੀ.ਜੇ.ਪੀ. ਦੇ ਵਫ਼ਦ ਵੱਲੋਂ ਆਪਣਾ ਤਫਸੀਲ ਸ਼ਿਕਾਇਤ ਪੱਤਰ ਸੌਂਪੇ ਜਾਣ ਤੋਂ ਬਾਅਦ ਮੁੱਖ ਚੋਣ ਅਧਿਕਾਰੀ ਨੇ ਇਸ ਸਬੰਧੀ ਪੰਜਾਬ ਦੇ ਡੀ.ਜੀ.ਪੀ. ਨੂੰ ਤੱਥ ਖੋਜ ਅਤੇ ਕਾਰਵਾਈ ਰਿਪੋਰਟ ਸੌਂਪਣ ਲਈ ਕਿਹਾ ਹੈ।

# ਭਾਜਪਾ ਦੇ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਕਰਨ ਦਾ ਮੌਲਿਕ ਹੱਕ ਨਾ ਮਿਲਣਾ ਚੋਣ ਅਮਲ ਉੱਤੇ ਸਵਾਲੀਆ ਨਿਸ਼ਾਨ : ਸੁਨੀਲ ਜਾਖੜ

ਚੰਡੀਗੜ੍ਹ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਆਮ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦੇ ਚੋਣ ਪ੍ਰਚਾਰ ਦੌਰਾਨ ਪਾਏ ਜਾ ਰਹੇ ਅੜਿੱਕਿਆਂ ਨੂੰ ਲੈ ਕੇ ਕਿਸੇ ਵੀ ਕਿਸਮ ਦੀ ਚਾਰਾਜੋਈ ਨਾ ਹੋਣਾ ਸੂਬੇ ਚ ਸੁਤੰਤਰ ਤੇ ਪਾਰਦਰਸ਼ੀ ਢੰਗ ਨਾਲ ਚੋਣ ਪ੍ਰਕਿਰਿਆ ਦੇ ਅਮਲ ਉੱਤੇ ਸਵਾਲੀਆ ਨਿਸ਼ਾਨ ਲਾ ਰਹੀ ਹੈ। ਏਨਾ ਹੀ ਨਹੀਂ ਵਿਰੋਧ ਪ੍ਰਦਰਸ਼ਨਾਂ ਨੂੰ ਕਾਬੂ ਚ ਰੱਖਣ ਚ ਅਸਫਲ ਭਗਵੰਤ ਮਾਨ ਸਰਕਾਰ ਉਲਟਾ ਪੀੜਤ ਭਾਜਪਾ ਆਗੂਆਂ ਉੱਤੇ ਪਰਚੇ ਦਰਜ ਕਰਕੇ ਸੂਬੇ ਚ @ਕਾਨੂੰਨ ਦਾ ਰਾਜ@ ਨਾ ਹੋਣ ਦਾ ਸਬੂਤ ਦੇ ਰਹੀ ਹੈ।@ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਸ਼੍ਰੀ ?ਸਿਬਨ ਸੀ ਨੂੰ ਮਿਲਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਬੀਤੇ ਦਿਨੀਂ ਪਟਿਆਲਾ ਦੇ ਪਿੰਡ ਸੇਹਰਾ ਚ ਪਾਰਟੀ ਉਮੀਦਵਾਰ ਪ੍ਰਨੀਤ ਕੌਰ ਦਾ ਕਾਫਲਾ ਰੋਕਣ ਸਮੇਂ ਇੱਕ ਕਿਸਾਨ ਸੁਰਿੰਦਰਪਾਲ ਸਿੰਘ ਪਿੰਡ ਆਕੜੀ, ਜੋ ਕਿ ਗਰਮੀ ਤੇ ਧੁੱਪ ਕਾਰਨ ਆਪਣੇ ਆਪ ਸੜਕ ਉੱਤੇ ਡਿੱਗਿਆ ਤੇ ਉਸ ਦੀ ਇਲਾਜ ਦੌਰਾਨ ਅਫਸੋਸਨਾਕ ਮੌਤ ਹੋਈ, ਪਰ ਸਿੱਤਮ ਦੀ ਗੱਲ ਇਹ ਹੈ ਕਿ ਉਕਤ ਘਟਨਾਚੱਕਰ ਸਬੰਧੀ ਵੀਡੀਓ ਸਾਹਮਣੇ ਆਉਣ ਦੇ ਬਾਵਜੂਦ ਮੌਕੇ ਉੱਤੇ ਮੌਜੂਦ ਭਾਜਪਾ ਆਗੂ ਹਰਵਿੰਦਰ ਸਿੰਘ ਹਰਪਾਲਪੁਰ ਤੇ ਹੋਰਨਾਂ ਅਣਪਛਾਤਿਆਂ ਖਿਲਾਫ਼ ਧਾਰਾ 304 ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੌਕੇ ਜਾਖੜ ਦੇ ਨਾਲ ਪੰਜਾਬ ਭਾਜਪਾ ਦੇ ਸੂਬਾ ਜਨਰਲ ਸਕੱਤਰ ਪਰਮਿੰਦਰ ਬਰਾੜ ਤੇ ਜਗਮੋਹਨ ਰਾਜੂ, ਲੀਗਲ ਕੀਲ ਦੇ ਸੂਬਾ ਮੁਖੀ ਐਨ.ਕੇ. ਵਰਮਾ ਅਤੇ ਮੀਡੀਆ ਸੈੱਲ ਦੇ ਸੂਬਾ ਮੁਖੀ ਵਿਨਿਤ ਜੋਸ਼ੀ ਹਾਜ਼ਰ ਸਨ। ਪ੍ਰਧਾਨ ਜਾਖੜ ਨੇ ਕਿਹਾ ਕਿ ਇੱਕ ਪਾਸੇ ਸੂਬੇ ਦੇ ਵੱਖ-ਵੱਖ ਪਾਰਲੀਮਾਨੀ ਹਲਕਿਆਂ ਚ ਭਾਜਪਾ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਿਆ ਜਾ ਰਿਹਾ ਹੈ ਤੇ ਦੂਜੇ ਪਾਸੇ ਸੂਬੇ ਦੀ ਭਗਵੰਤ ਮਾਨ ਸਰਕਾਰ ਹੱਥ ਉੱਤੇ ਹੱਥ ਧਰੀ ਤਮਾਸ਼ਮੀਨ ਬਣੀ ਬੈਠੀ ਹੈ। ਜਾਖੜ ਨੇ ਪੁੱਛਿਆ ਕਿ ਕੀ ਇਸ ਸਥਿਤੀ ਨੂੰ ਸੂਬੇ ਚ ਇੱਕ ਆਦਰਸ਼ ਲੋਕਤਾਂਤਰਿਕ ਪ੍ਰਣਾਲੀ ਤਹਿਤ ਚੱਲ ਰਿਹਾ ਸੁਤੰਤਰ ਤੇ ਪਾਰਦਰਸ਼ੀ ਚੋਣ ਅਮਲ ਕਿਹਾ ਜਾ ਸਕਦਾ ਹੈ ? ਪ੍ਰਧਾਨ ਜਾਖੜ ਨੇ ਕਿਹਾ ਕਿ ਸੂਬੇ ਚ ਭਾਜਪਾ ਉਮੀਦਵਾਰਾਂ ਨੂੰ ਵੀ ਬਾਕੀ ਪਾਰਟੀਆਂ ਦੇ ਮੁਕਾਬਲੇ ਚੋਣ ਪ੍ਰਚਾਰ ਕਰਨ ਦੇ ਸੰਵਿਧਾਨਕ ਹੱਕ ਹਨ ਤੇ ਇਹਨਾਂ ਹੱਕਾਂ ਨੂੰ ਮੁਹਈਆ ਕਰਾਉਣਾ ਪੰਜਾਬ ਰਾਜ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ। ਜਾਖੜ ਨੇ ਕਿਹਾ ਕਿ ਅੱਜ ਇਸ ਸਬੰਧੀ ਚੀਫ ਇਲੈਕਟ੍ਰੋਰਲ ਆਫਿਸਰ (ਸੀਈਓ) ਸ਼੍ਰੀ ਸਿਬਨ ਸੀ. ਨੂੰ ਇੱਕ ਮੰਗ ਪੱਤਰ ਦਿੱਤਾ, ਜਿਸ ਤਹਿਤ ਇਹ ਮੰਗ ਗਈ ਕਿ ਪੰਜਾਬ ਰਾਜ ਚੋਣ ਕਮਿਸ਼ਨ ਆਪਣੇ ਹੱਕਾਂ ਨੂੰ ਵਰਤ ਕੇ ਸੂਬੇ ਚ ਸੁਤੰਤਰ ਤੇ ਪਾਰਦਰਸ਼ੀ ਢੰਗ ਨਾਲ ਚੋਣ ਅਮਲ ਚਲਾਉਣ ਲਈ ਬਣਦੀ ਜ਼ਿੰਮੇਵਾਰੀ ਨਿਭਾਵੇ।

ਜਾਖੜ ਨੇ ਸੂਬੇ ਚ ਬਦਅਮਨੀ ਵਾਲੀ ਸਥਿਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਜ ਦੇ ਮੁੱਖ ਮੰਤਰੀ ਭਗਵੰਤ ਮਾਨ ਆਏ ਦਿਨ ਆਪਣੀ ਸਟੇਟ ਹੈੱਡ ਦੀ ਭੂਮਿਕਾ ਨੂੰ ਪਾਸੇ ਰੱਖ ਜਿੱਥੇ ਆਪ ਅਰਵਿੰਦ ਕੇਜਰੀਵਾਲ ਨਾਲ ਮਿਲਣ ਲਈ ਤਿਹਾੜ ਜੇਲ੍ਹ ਚ ਮੁਲਾਕਾਤਾਂ ਨੂੰ ਤਰਜੀਹ ਦੇ ਰਹੇ ਹਨ, ਉੱਥੇ ਸੂਬੇ ਦੇ ਲੋਕਾਂ ਨੂੰ ਲਾਵਾਰਸਾਂ ਵਾਂਗ ਛੱਡ ਵੱਖ-ਵੱਖ ਸੂਬਿਆਂ ਆਮ ਆਦਮੀ ਪਾਰਟੀ ਦੇ ਪ੍ਰਚਾਰ ਚ ਮਘਨ ਹਨ। ਜਾਖੜ ਨੇ ਦੱਸਿਆ ਕਿ ਸੂਬੇ ਚ ਆਏ ਦਿਨ ਹੋ ਰਹੀ ਕਤਲੋਗਾਰਤ ਤੇ ਲੁੱਟ-ਖੋਹ ਦੇ ਮਾਹੌਲ ਦੌਰਾਨ ਚੋਣ ਅਮਲ ਜਿਵੇਂ ਰੱਬ ਆਸਰੇ ਚੱਲ ਰਿਹਾ ਹੈ।

# ਪੰਜਾਬ ਭਰ ਦੇ 13 ਲੋਕ ਸਭਾ ਹਲਕਿਆਂ ਅੰਦਰ ਜਨਮ ਦਿਹਾੜਾ ਸ਼ਾਨੋ ਸ਼ੌਕਤ ਨਾਲ ਮਨਾਵਾਂਗੇ : ਸੱਗੂ, ਕਲਸੀ

**ਪਟਿਆਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿੱਖ ਕੌਮ ਦੇ ਮਹਾਨ ਜਰਨੈਲ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 301 ਵਾਂ ਜਨਮ ਦਿਹਾੜਾ ਰਾਮਗੜ੍ਹੀਆ ਅਕਾਲ ਜੱਥੇਬੰਦੀ ਰਜਿ. ਪੰਜਾਬ ਦੀ ਅਗਵਾਈ ਹੇਠ ਪੰਜਾਬ ਭਰ ਦੀਆਂ ਟੀਮਾਂ ਆਪੋ ਆਪਣੇ ਜ਼ਿਲ੍ਹਿਆਂ ਅੰਦਰ ਮਿਤੀ 7 ਮਈ ਤੋਂ 19 ਮਈ ਤੱਕ ਮਨਾਉਣਗੀਆਂ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਪੰਜਾਬ ਚੇਅਰਮੈਨ ਜਗਜੀਤ ਸਿੰਘ ਸੱਗੂ, ਪੰਜਾਬ ਪ੍ਰਧਾਨ ਬਲਵਿੰਦਰ ਸਿੰਘ ਕਲਸੀ ਨੇ ਸਾਂਝੇ ਬਿਆਨ ਦੌਰਾਨ ਕੀਤਾ। ਉਹਨਾਂ ਕਿਹਾ ਸਾਡੀਆਂ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਸਾਨੂੰ ਵਰਤਿਆ ਹੀ ਹੈ, ਸਾਡੇ ਸਮਾਜ ਦੀ ਬੇਹਤਰੀ ਲਈ ਕਿਸੇ ਵੀ ਸਰਕਾਰ ਨੇ ਤਿਲਮਾਤਰ ਵੀ ਕਦੇ ਸੋਚਿਆ ਤੱਕ ਨਹੀਂ। ਹੁਣ ਇੱਕਮੁੱਠ ਹੋ ਕੇ ਅਵਾਜ ਬੁਲੰਦ ਕਰਨ ਦਾ ਸਹੀ ਸਮਾਂ ਹੈ, ਆਪਾ ਇਹਨਾਂ ਸਰਕਾਰਾ ਨੂੰ ਦੱਸ ਸਕੀਏ ਰਾਮਗੜ੍ਹੀਆ ਭਾਈਚਾਰੇ ਦੀ ਤਾਕਤ ਬਾਰੇ। ਉਨ੍ਹਾਂ ਕਿਹਾ ਰਾਮਗੜ੍ਹੀਆ ਅਕਾਲ ਜੱਥੇਬੰਦੀ ਪੰਜਾਬ ਦੇ ਤਕਰੀਬਨ 90 ਵਿਧਾਨ ਸਭਾ ਹਲਕਿਆਂ ਅੰਦਰ ਟੀਮਾਂ ਦਾ ਗਠਨ ਕਰਨ ਵਿੱਚ ਕਾਮਯਾਬ ਹੋਈ ਹੈ ਅਤੇ ਜ਼ਿਲ੍ਹਿਆਂ ਦੇ ਆਗੂ ਸਹਿਬਾਨ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਦੀ ਸੋਚ ਤੇ ਲਗਾਤਾਰ ਪਹਿਰਾ ਦੇ ਰਹੇ ਹਨ। ਹਰ ਨਵੇਂ ਦਿਨ ਕਾਫ਼ਲਾ ਵੱਧਦਾ ਜਾ ਰਿਹਾ ਹੈ। ਸਮੂਹ ਮੈਂਬਰ ਸਾਹਿਬਾਨਾਂ ਦੀ ਮਿਹਨਤ ਸਦਕਾ ਹੀ ਅੱਜ ਰਾਮਗੜ੍ਹੀਆ ਅਕਾਲ ਜਥੇਬੰਦੀ ਸਾਡੇ ਭਾਈਚਾਰੇ ਦਾ ਸਭ ਤੋਂ ਵੱਡਾ ਪਰਿਵਾਰ ਬਣਨ ਵਿੱਚ ਕਾਮਯਾਬ ਹੋਈ ਹੈ। ਸੱਗੂ ਕਲਸੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਮਿਤੀ 29 ਮਈ ਦਿਨ ਬੁੱਧਵਾਰ (ਰਾਮਗੜ੍ਹੀਆ ਡੇ) ਨੂੰ ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਵੱਲੋਂ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਦੀ ਅਗਵਾਈ ਹੇਠ ਇਤਿਹਾਸਿਕ ਧਰਤੀ ਲੋਕ ਸਭਾ ਹਲਕਾ ਖਡੂਰ ਸਾਹਿਬ ਵਿਖੇ ਅਠਾਰਵੀਂ ਸਦੀਂ ਦੇ ਮਹਾਨ ਜਰਨੈਲ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ਸੂਬਾ ਪੱਧਰੀ ਜਨਮ ਦਿਹਾੜਾ ਸ਼ਾਨੋਸ਼ੌਕਤ ਨਾਲ ਮਨਾਇਆ ਜਾਵੇਗਾ। ਇਸ ਮੌਕੇ ਰਾਮਗੜ੍ਹੀਆ ਕੌਮ ਦੀਆਂ ਨਾਮਵਰ ਸ਼ਖ਼ਸੀਅਤਾਂ ਨੂੰ ਵੀ ਸਨਮਾਨ ਕੀਤਾ ਜਾਵੇਗਾ।

# ਜ਼ਿਲ੍ਹਾ ਚੋਣ ਅਫ਼ਸਰ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਨਾਮਜਦਗੀ ਪੱਤਰ ਦਾਖਲ ਕਰਨ ਦੀ ਦਿੱਤੀ ਸਿਖਲਾਈ

## ਚੋਣ ਲੜਨ ਵਾਲੇ ਉਮੀਦਵਾਰ 7 ਮਈ ਤੋਂ 17 ਮਈ ਤੱਕ ਭਰ ਸਕਣਗੇ ਨਾਮਜ਼ਦਗੀ ਪੱਤਰ

**ਪਟਿਆਲਾ, 7 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਭਰਨ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਜ਼ਿਲ੍ਹਾ ਚੋਣ ਅਫ਼ਸਰ ਤੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਦੇ ਹੋਏ।

ਜ਼ਿਲ੍ਹਾ ਚੋਣ ਅਫ਼ਸਰ-ਕਮ-ਰਿਟਰਨਿੰਗ ਅਫ਼ਸਰ ਲੋਕ ਸਭਾ ਹਲਕਾ 13-ਪਟਿਆਲਾ-ਕਮ-ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਆਗਾਮੀ ਲੋਕ ਸਭਾ ਚੋਣਾਂ ਸਬੰਧੀ ਮਿਤੀ 7 ਮਈ ਤੋਂ 17 ਮਈ ਤੱਕ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਸਿਖਲਾਈ ਦਿੰਦਿਆਂ ਰਾਜਨੀਤਿਕ ਪਾਰਟੀਆਂ ਤੇ ਚੋਣ ਲੜਨ ਵਾਲੇ ਸੰਭਾਵੀਂ ਉਮੀਦਵਾਰਾਂ ਨੂੰ ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਇਸ ਮੌਕੇ ਦੱਸਿਆ ਕਿ ਨਾਮਜ਼ਦਗੀਆਂ ਦਾਖਲ ਕਰਨ ਲਈ ਫਾਰਮ ਦੋ-ਏ ਦਾ ਕੋਈ ਵੀ ਖਾਨਾ ਖਾਲੀ ਨਾ ਛੱਡਿਆ ਜਾਵੇ ਤੇ ਸਾਰੀ ਜਾਣਕਾਰੀ ਪੂਰੀ ਭਰੀ ਜਾਵੇ, ਅਧੂਰਾ ਫਾਰਮ ਰੱਦ ਕੀਤਾ ਜਾਵੇਗਾ। ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬੈਠਕ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਲੋਕ ਸਭਾ ਚੋਣਾਂ ਲਈ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਸ਼ੈਡਿਊਲ ਅਨੁਸਾਰ ਮਿਤੀ 1 ਜੂਨ ਨੂੰ ਵੋਟਾਂ ਪੈਣਗੀਆਂ। ਮਿਤੀ 7 ਮਈ ਨੂੰ ਅਧਿਸੂਚਨਾ ਜਾਰੀ ਹੋਵੇਗੀ ਤੇ ਇਸੇ ਦਿਨ ਨਾਮਜ਼ਦਗੀ ਪੱਤਰ ਸਵੇਰੇ 11 ਵਜੇ ਲਏ ਜਾਣੇ ਸ਼ੁਰੂ ਹੋਣਗੇ। ਮਿਤੀ 11 ਮਈ ਦੂਜਾ ਸ਼ਨੀਵਾਰ ਤੇ 12 ਮਈ ਐਤਵਾਰ ਨੂੰ ਛੁੱਟੀ ਹੋਵੇਗੀ ਤੇ 17 ਮਈ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਣਗੇ। 17 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਛਾਣਬੀਨ ਕੀਤੀ ਜਾਵੇਗੀ ਅਤੇ 17 ਮਈ ਤੱਕ ਉਮੀਦਵਾਰਾਂ ਵੱਲੋਂ ਆਪਣੇ ਨਾਮ ਵਾਪਸ ਲਏ ਜਾਣੇ ਹਨ।

ਉਨ੍ਹਾਂ ਦੱਸਿਆ ਕਿ ਇਹ ਨਾਮਜ਼ਦਗੀਆਂ ਰਿਟਰਨਿੰਗ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਪਟਿਆਲਾ ਜਾਂ ਸਹਾਇਕ ਰਿਟਰਨਿੰਗ ਅਫ਼ਸਰ ਅਸੈਂਬਲੀ ਸੈਗਮੈਂਟ-110 ਪਟਿਆਲਾ ਦਿਹਾਤੀ-ਕਮ-ਏ.ਡੀ.ਸੀ (ਸ਼ਹਿਰੀ ਵਿਕਾਸ) ਵੱਲੋਂ ਡਿਪਟੀ ਕਮਿਸ਼ਨਰ ਦੇ ਕੋਰਟ ਰੂਮ ਕਮਰਾ ਨੰਬਰ 108 ਗਰਾਊਂਡ ਫਲੋਰ ਮਿੰਨੀ ਸਕੱਤਰੇਤ ਪਟਿਆਲਾ ਵਿਖੇ ਲਈਆਂ ਜਾਣਗੀਆ। ਇਸ ਤੋਂ ਬਿਨ੍ਹਾਂ ਚੋਣ ਲੜਨ ਵਾਲੇ ਉਮੀਦਵਾਰਾਂ ਲਈ ਏ.ਡੀ.ਸੀ. (ਜ) ਦੇ ਕੋਰਟ ਰੂਮ ਨੰਬਰ 109 ਨੂੰ ਨੋਮੀਨੇਸ਼ਨ ਫੈਸਿਲੀਟੇਸ਼ਨ ਸੈਂਟਰ ਤੇ ਉਡੀਕ ਘਰ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਮੀਦਵਾਰਾ ਆਪਣੀ ਸਹੂਲਤ ਲਈ ਪਹਿਲਾਂ ਆ ਕੇ ਇਥੇ ਆਪਣੇ ਫਾਰਮ ਚੈਕ ਵੀ ਕਰਵਾ ਸਕਦੇ ਹਨ।

ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਜੇਕਰ ਮਾਨਤਾ ਪ੍ਰਾਪਤ ਜਾਂ ਰਜਿਸਟਰਡ-ਗੈਰ ਮਾਨਤਾ ਪ੍ਰਾਪਤ ਰਾਜਨੀਤਿਕ ਦਲ ਵੱਲੋਂ ਚੋਣ ਲੜ ਰਿਹਾ ਹੈ ਤਾਂ ਫਾਰਮ ਏ ਤੇ ਬੀ ਅਤੇ ਟਿਕਟ ਅਸਲ ਰੂਪ ਵਿੱਚ ਨਾਲ ਲੱਗੇਗੀ ਤੇ ਇੱਕ ਵੋਟਰ ਉਸਦੇ ਨਾਮ ਦੀ ਤਜਵੀਜ਼ ਕਰੇਗਾ। ਜਦਕਿ ਉਮੀਦਵਾਰ ਆਜ਼ਾਦ ਚੋਣ ਲੜ ਰਿਹਾ ਹੈ ਤਾਂ ਉਸਦਾ ਨਾਮ ਹਲਕੇ ਦੇ 10 ਹੋਰ ਵੋਟਰਾਂ ਵੱਲੋਂ ਤਜਵੀਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਨਰਲ ਉਮੀਦਵਾਰ ਲਈ 25000 ਰੁਪਏ ਸੀਕਿਉਰਿਟੀ ਫੀਸ ਅਤੇ ਐਸ.ਸੀ. ਤੇ ਐਸ.ਟੀ. ਉਮੀਦਵਾਰ ਲਈ 12500 ਰੁਪਏ ਸੀਕਿਉਰਿਟੀ ਫੀਸ ਤੈਅ ਹੈ।

ਜ਼ਿਲ੍ਹਾ ਚੋਣ ਅਫ਼ਸਰ ਨੇ ਅੱਗੇ ਦੱਸਿਆ ਕਿ ਨੌਮੀਨੇਸ਼ਨ ਸੈੱਟ ਚੋਣ ਦਫ਼ਤਰ ਵੱਲੋਂ ਮੁਹੱਈਆ ਕਰਵਾਏ ਜਾ ਰਹੇ ਹਨ, ਇਸ ਲਈ ਉਮੀਦਵਾਰ ਲੋੜੀਂਦੀ ਜਾਣਕਾਰੀ ਐਫੀਡੇਵਿਟ 26 ਵਿੱਚ ਲਾਜਮੀ ਭਰਨ ਅਤੇ ਆਪਣੇ ਵਿਰੁੱਧ ਦਰਜ ਕੇਸ ਬਾਰੇ ਜਾਣਕਾਰੀ ਦਾ ਇਸ਼ਤਿਹਾਰ ਚੋਣ ਪ੍ਰਚਾਰ ਦੌਰਾਨ 3 ਵਾਰ ਅਖ਼ਬਾਰ ਤੇ ਟੀ ਵੀ ਚੈਨਲ 'ਤੇ ਪ੍ਰਕਾਸ਼ਤ ਕਰਵਾਉਣਾ ਲਾਜਮੀ ਹੋਵੇਗਾ। ਜੇਕਰ ਕਿਸੇ ਉਮੀਦਵਾਰ ਵਿਰੁੱਧ ਲੋਕ ਪ੍ਰਤੀਨਿਧਤਾ ਐਕਟ ਤਹਿਤ ਕੋਈ ਜੁਰਮਾਨਾ ਵੀ ਹੋਇਆ ਹੈ ਜਾਂ ਕੋਈ ਮਾਮਲਾ ਦਰਜ ਹੈ ਤਾਂ ਉਸਦੀ ਉਮੀਦਵਾਰ ਰੱਦ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਉਮੀਦਵਾਰ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੀ ਜਾਣਕਾਰੀ ਵੀ ਫਾਰਮ ਵਿੱਚ ਦੇਵੇਗਾ ਅਤੇ ਆਪਣੇ ਚੋਣ ਖ਼ਰਚੇ ਲਈ ਆਪਣਾ ਵੱਖਰਾ ਬੈਂਕ ਖਾਤਾ ਖੁਲ੍ਹਵਾਏਗਾ। ਉਸਨੂੰ ਆਪਣੇ ਬੈਂਕ ਖਾਤਿਆਂ, ਚੱਲ ਤੇ ਅੱਚਲ ਸੰਪਤੀ ਦਾ ਵੇਰਵਾ ਦੇਣਾ ਵੀ ਲਾਜਮੀ ਹੈ।

ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਨੇ ਉਮੀਦਵਾਰਾਂ ਦੀ ਸਹੂਲਤ ਲਈ ਸੁਵਿਧਾ ਡਾਟ ਈਸੀਆਈ ਡਾਟ ਜੀਓਵੀ ਡਾਟ ਇਨ ਪੋਰਟਲ ਉਪਰ ਵੀ ਨਾਮਜ਼ਦਗੀ ਆਨਲਾਈਨ ਭਰਨ ਦੀ ਸੁਵਿਧਾ ਦਿੱਤੀ ਹੈ ਅਜਿਹਾ ਕਰਨ ਨਾਲ ਗ਼ਲਤੀ ਦੀ ਗੁੰਜਾਇਸ਼ ਘੱਟ ਜਾਵੇਗੀ ਅਤੇ ਉਮੀਦਵਾਰ ਇਸਨੂੰ ਭਰਕੇ ਇਸਦਾ ਪ੍ਰਿੰਟ ਕੱਢਕੇ ਵੀ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਉਮੀਦਵਾਰ ਕੇਵਲ 5 ਵਿਅਕਤੀ ਤੇ 3 ਗੱਡੀਆਂ ਲੈਕੇ ਹੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ 100 ਮੀਟਰ ਘੇਰੇ ਤੱਕ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਆ ਸਕਦਾ ਹੈ, ਇਸ ਲਈ ਸਮੂਹ ਉਮੀਦਵਾਰ ਚੋਣ ਜਾਬਤੇ ਅਤੇ ਸਬੰਧਤ ਨਿਯਮਾਂ ਦੀ ਪਾਲਣਾ ਕਰਨ। ਮੀਟਿੰਗ ਮੌਕੇ ਏ.ਡੀ.ਸੀ. ਸ਼ਹਿਰੀ ਵਿਕਾਸ-ਕਮ-ਏ.ਆਰ.ਓ. ਨਵਰੀਤ ਕੌਰ ਸੇਖੋਂ, ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ।

# ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਾਜਿਲਕਾ ਦੀ ਅਗਵਾਈ ਹੇਠ ਫਾਜਿਲਕਾ ਪੁਲਿਸ ਵੱਲੋਂ ਚਲਾਇਆ ਗਿਆ ਸਰਚ ਅਭਿਆਨ



**ਫਾਜ਼ਿਲਕਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਮੱਦੇਨਜਰ ਰੱਖਦੇ ਹੋਏ ਫਾਜਿਲਕਾ ਪੁਲਿਸ ਵੱਲੋਂ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਾਜਿਲਕਾ ਜੀ ਦੀ ਅਗਵਾਈ ਹੇਠ ਅਤੇ ਸ੍ਰੀ ਕਰਨਵੀਰ ਸਿੰਘ, ਐਸ.ਪੀ( ਓਪਰੇਸ਼ਨ) ਜੀ ਦੀ ਨਿਗਰਾਨੀ ਹੇਠ ਸਮੂਹ ਹਲਕਾ ਅਫਸਰਾਂ ਅਤੇ ਮੁੱਖ ਅਫਸਰਾਂ ਵਲੋਂ ਜਿਲ੍ਹਾ ਫਾਜਿਲਕਾ ਦੀਆਂ ਚਾਰੋ ਸਬ ਡਵੀਜਨਾਂ ਵਿੱਚ ਕਾਰਡਨ ਐਂਡ ਸਰਚ ਅਪ੍ਰੇਸ਼ਨ (CASO) ਚਲਾਇਆ ਗਿਆ। ਜਿਸ ਦੌਰਾਨ ਫਾਜ਼ਿਲਕਾ, ਜਲਾਲਾਬਾਦ ਅਤੇ ਅਬੋਹਰ ਸ਼ਹਿਰਾਂ ਦੇ ਭੀੜ ਭੜੱਕੇ ਵਾਲੇ ਕਰੀਬ 15 ਬਜ਼ਾਰਾਂ ਦੀ ਚੈਕਿੰਗ ਕੀਤੀ ਗਈ। ਸਬ ਡਵੀਜਨ ਜਲਾਲਾਬਾਦ ਵਿੱਚ ਇਸ ਸਰਚ ਅਪ੍ਰੇਸ਼ਨ ਦੀ ਅਗਵਾਈ ਸ੍ਰੀ ਅੱਛਰੂ ਰਾਮ ਡੀ.ਐਸ.ਪੀ ਸਬ ਡਵੀਜਨ ਜਲਾਲਾਬਾਦ ਵੱਲੋਂ ਕੀਤੀ ਗਈ। ਜਿਸ ਦੌਰਾਨ ਮੁੱਖ ਅਫਸਰ ਥਾਣਾ ਅਮੀਰ ਖਾਸ, ਸਿਟੀ ਜਲਾਲਾਬਾਦ, ਸਦਰ ਜਲਾਲਾਬਾਦ, ਅਰਨੀਵਾਲਾ ਅਤੇ ਵੈਰੋਕਾ ਦੀ ਨਿਗਰਾਨੀ ਹੇਠ ਵੱਖ ਵੱਖ ਪੁਲਿਸ ਪਾਰਟੀਆਂ ਗਠਿਤ ਕਰਕੇ ਸਬ ਜਲਾਲਾਬਾਦ ਸ਼ਹਿਰ ਦੇ ਬਜ਼ਾਰਾਂ ਦੀ ਚੈਕਿੰਗ ਕੀਤੀ ਗਈ। ਸਬ ਡਵੀਜਨ ਫਾਜਿਲਕਾ ਵਿੱਚ ਸ੍ਰੀ ਸ਼ੁਬੇਗ ਸਿੰਘ ਡੀ.ਐਸ.ਪੀ ਫਾਜਿਲਕਾ ਦੀ ਅਗਵਾਈ ਹੇਠ ਮੁੱਖ ਅਫਸਰ ਥਾਣਾ ਸਿਟੀ ਫਾਜਿਲਕਾ, ਸਦਰ ਫਾਜਿਲਕਾ ਅਤੇ ਖੂਈ ਖੇੜਾ ਵੱਲੋਂ ਵੱਖ ਵੱਖ ਪੁਲਿਸ ਕਰਮਚਾਰੀਆਂ ਦੀਆਂ ਟੀਮਾਂ ਬਣਾ ਕੇ ਫਾਜ਼ਿਲਕਾ ਸ਼ਹਿਰ ਦੇ ਬਜ਼ਾਰਾਂ ਵਿੱਚ ਸਰਚ ਅਭਿਆਨ ਚਲਾਇਆ ਗਿਆ। ਇਸੇ ਤਰਾਂ ਸਬ ਡਵੀਜਨ ਅਬੋਹਰ ਵਿਖੇ ਸ੍ਰੀ ਅਰੁਣ ਮੁੰਡਨ ਡੀ.ਐਸ.ਪੀ ਅਬੋਹਰ ਸ਼ਹਿਰੀ ਅਤੇ ਸ੍ਰੀ ਸੁਖਵਿੰਦਰ ਸਿੰਘ ਡੀ.ਐਸ.ਪੀ. ਅਬੋਹਰ ਦਿਹਾਤੀ ਦੀ ਅਗਵਾਈ ਹੇਠ ਮੁੱਖ ਅਫਸਰ ਥਾਣਾ ਸਿਟੀ-1 ਅਬੋਹਰ, ਸਿਟੀ-2 ਅਬੋਹਰ ਅਤੇ ਖੂਈਆਂ ਸਰਵਰ, ਸਦਰ ਅਬੋਹਰ ਅਤੇ ਬਹਾਵ ਵਾਲਾ ਵੱਲੋਂ ਅਬੋਹਰ ਸ਼ਹਿਰ ਦੇ ਭੀੜ ਭੜੱਕੇ ਵਾਲੇ ਬਜ਼ਾਰਾਂ ਵਿੱਚ ਸਰਚ ਅਭਿਆਨ ਚਲਾਇਆ ਗਿਆ।

ਇਸ ਅਪ੍ਰੇਸ਼ਨ ਦੌਰਾਨ ਫਾਜ਼ਿਲਕਾ ਦੀਆਂ ਚਾਰੋ ਸਬ ਡਵੀਜ਼ਨਾਂ ਵਿੱਚ ਕਰੀਬ 140 ਪੁਲਿਸ ਜਵਾਨਾਂ ਦੀਆਂ ਪੁਲਿਸ ਪਾਰਟੀਆਂ ਬਣਾ ਕੇ ਸ਼ੱਕੀ ਵਿਅਕਤੀਆਂ ਨੂੰ ਚੈਕ ਕੀਤਾ ਗਿਆ, ਜਿਹਨਾਂ ਵਿੱਚੋਂ 15 ਵਿਅਕਤੀਆਂ ਨੂੰ ਰਾਊਂਡਅੱਪ ਕਰਕੇ ਬਾਅਦ ਪੁੱਛਗਿੱਛ ਛੱਡਿਆ ਗਿਆ। ਇਸੇ ਤਰਾਂ 187 ਵਹੀਕਲ ਚੈਕ ਕੀਤੇ ਜਿਹਨਾਂ ਵਿੱਚੋਂ 20 ਵਹੀਕਲਾਂ ਦੇ ਚਲਾਨ ਕੀਤੇ ਗਏ।

# ਸਿਆਸੀ ਰੰਜਿਸ਼ ਕਾਰਨ ਮੁੱਖ ਮੰਤਰੀ ਸ਼ਿਵ ਸੈਨਾ ਆਗੂਆਂ ਦੀ ਸੁਰੱਖਿਆ ਵਾਪਸ ਲੈ ਰਹੇ ਹਨ, ਅਤਿ ਨਿੰਦਣਯੋਗ : ਹਰੀਸ਼ ਸਿੰਗਲਾ

**ਪਟਿਆਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਿਵ ਸੈਨਾ ਪੰਜਾਬ ਦੇ ਪ੍ਰਧਾਨ ਬਾਲ ਠਾਕਰੇ ਨੇ ਅੱਜ ਪਾਰਟੀ ਦਫ਼ਤਰ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ਼ਿਵ ਸੈਨਾ ਬਾਲ ਠਾਕਰੇ ਸ਼ਿੰਦੇ ਗਰੁੱਪ ਦੇ ਆਗੂਆਂ ਦੀ ਸੁਰੱਖਿਆ ਵਾਪਸ ਲੈ ਕੇ ਉਨ੍ਹਾਂ ਦੀ ਹੱਤਿਆ ਕਰਨਾ ਚਾਹੁੰਦੇ ਹਨ। ਸਿਆਸੀ ਰੰਜਿਸ਼ ਕਾਰਨ ਮੁੱਖ ਮੰਤਰੀ ਭਗਵੰਤ ਮਾਨ ਦੀ ਘਟੀਆ ਸੋਚ ਕਾਰਨ ਪਹਿਲਾਂ ਵੀ ਪੰਜਾਬ ਵਿੱਚ ਦਿਨ-ਦਿਹਾੜੇ ਹਿੰਦੂ-ਸਿੱਖ ਕਤਲੇਆਮ ਹੋ ਚੁੱਕੇ ਹਨ, ਪਰ ਅਸੀਂ ਭਵਿੱਖ ਵਿੱਚ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ।

ਸਿੰਗਲਾ ਨੇ ਕਿਹਾ ਕਿ ਸਾਡੇ ਪਠਾਨਕੋਟ ਸ਼ਿਵ ਸੈਨਾ ਪੰਜਾਬ ਦੇ ਜਨਰਲ ਸਕੱਤਰ ਜੋਗਿੰਦਰ ਪਾਲ ਜੱਗੀ ਅਤੇ ਆਈ.ਟੀ.ਸੈੱਲ ਪੰਜਾਬ ਦੇ ਪ੍ਰਧਾਨ ਅਜੇ ਬੱਬਰ ਨੂੰ ਪਿਛਲੇ ਕਾਫੀ ਸਮੇਂ ਤੋਂ ਸੁਰੱਖਿਆ ਦਿੱਤੀ ਗਈ ਸੀ, ਜੋ ਅੱਜ ਸਿਆਸੀ ਰੰਜਿਸ਼ ਕਾਰਨ ਵਾਪਸ ਲੈ ਲਈ ਗਈ ਹੈ, ਜੋ ਕਿ ਕਿਸੇ ਵੀ ਕੀਮਤ 'ਤੇ ਬਰਦਾਸ਼ਤਯੋਗ ਨਹੀਂ ਹੈ ਅਜੈ ਬਾਬਰ ਦੇ ਪਰਿਵਾਰਕ ਮੈਂਬਰ ਪਹਿਲਾਂ ਹੀ ਅੱਤਵਾਦੀਆਂ ਵੱਲੋਂ ਮਾਰੇ ਜਾ ਚੁੱਕੇ ਹਨ ਅਤੇ ਇਸ ਸਮੇਂ ਪੰਜਾਬ ਦਾ ਮਾਹੌਲ ਪੂਰੀ ਤਰ੍ਹਾਂ ਖਰਾਬ ਹੈ।

ਸਿੰਗਲਾ ਨੇ ਕਿਹਾ ਕਿ ਨੰਗਲ 'ਚ ਵਿਕਾਸ ਬੱਗਾ ਨੂੰ ਸੁਰੱਖਿਆ ਦੇਣ ਦੀ ਬਜਾਏ 13 'ਚੋਂ 13 ਲੋਕ ਸਭਾ ਉਮੀਦਵਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਦੀ ਸਾਡੇ ਨਾਲ ਸਿਆਸੀ ਦੁਸ਼ਮਣੀ ਚੱਲ ਰਹੀ ਹੈ ਅਤੇ ਉਹ ਸ਼ਿਵ ਸੈਨਾ ਦੇ ਆਗੂਆਂ ਨੂੰ ਮਾਰਨਾ ਚਾਹੁੰਦੇ ਹਨ।

ਸਿੰਗਲਾ ਨੇ ਡੀਜੀਪੀ ਪੰਜਾਬ ਅਤੇ ਮੁੱਖ ਮੰਤਰੀ ਪੰਜਾਬ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਆਪਣੀ ਸੁਰੱਖਿਆ ਵਾਪਸ ਲੈ ਸਕਦੇ ਹਨ ਕਿਉਂਕਿ ਕਾਗਜ਼ਾਂ 'ਤੇ ਸੁਰੱਖਿਆ ਦੇਣ ਨਾਲ ਆਗੂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦਾ।

ਸਿੰਗਲਾ ਦੀ ਸੁਰੱਖਿਆ 'ਚ 3 ਘੱਟ ਮੁਲਾਜ਼ਮ ਹਨ ਅਤੇ ਡਿਊਟੀ 'ਤੇ 5 'ਚੋਂ 4 50 ਸਾਲ ਤੋਂ ਵੱਧ ਉਮਰ ਦੇ ਹਨ ਜੋ ਗੰਨਮੈਨ ਦੀ ਡਿਊਟੀ ਨਿਭਾਉਣ ਤੋਂ ਅਸਮਰੱਥ ਹਨ।

ਭਗਵੰਤ ਮਾਨ ਨੂੰ ਚੁਣੌਤੀ ਦਿੰਦਿਆਂ ਸਿੰਗਲਾ ਨੇ ਕਿਹਾ ਕਿ ਸਿਆਸੀ ਲੜਾਈ ਲੜੋ, ਸੁਰੱਖਿਆ ਘਟਾ ਕੇ ਸਿਆਸੀ ਰੰਜਿਸ਼ ਦਾ ਨਿਪਟਾਰਾ ਨਾ ਕਰੋ। ਆਖਰੀ ਚੇਤਾਵਨੀ ਦਿੰਦਿਆਂ ਸਿੰਗਲਾ ਨੇ ਕਿਹਾ ਕਿ ਜੇਕਰ ਮੇਰੇ ਕਿਸੇ ਵੀ ਵਰਕਰ/ਸ਼ਿਵ ਸੈਨਿਕ ਨੇ ਮੈਨੂੰ, ਮੇਰੇ ਪਰਿਵਾਰ ਨੂੰ ਛੂਹਿਆ ਤਾਂ ਉਸ ਲਈ ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਡੀਜੀਪੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ ਅਤੇ ਸ਼ਿਵ ਸੈਨਾ ਮੁੜ ਪੰਜਾਬ ਦੇ ਡੀ.ਜੀ.ਪੀ. ਪਿਛਲੇ ਸਾਲ ਵਾਂਗ ਮੁੱਖ ਮੰਤਰੀ ਪੰਜਾਬ ਦੇ ਪੁਤਲੇ ਫੂਕਣ ਲਈ ਮਜਬੂਰ ਹੋਣਗੇ।

ਇਸ ਮੌਕੇ ਭਰਤਦੀਪ ਠਾਕੁਰ, ਮਹਿੰਦਰ ਸਿੰਘ ਤਿਵਾੜੀ ਆਦਿ ਆਗੂ ਹਾਜ਼ਰ ਸਨ।

# ਦੇਵੀ ਗੋਰਾ ਮਨੀ ਯੂਐਸਏ ਦਾ ਪੰਜਾਬ ਪਹੁੰਚਣ ਤੇ ਜਸਵੀਰ ਸਿੰਘ ਛਿੰਦਾਂ ਨੇ ਕੀਤਾ ਵਿਸ਼ੇਸ਼ ਸਨਮਾਨ

**ਨਾਭਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਗ੍ਰੈਮੀ ਨਾਮਜ਼ਦ ਦੇਵੀ ਗੌਰਾ ਮਨੀ ਪ੍ਰਸਿੱਧ ਭਜਨ ਗਾਇਕਾ ਦਾ ਪੰਜਾਬ ਦੇ ਜਿਲਾ ਪਟਿਆਲਾ ਵਿਖੇ ਪੁੰਹਚਣ ਤੇ ਜਸਵੀਰ ਸਿੰਘ ਛਿੰਦਾਂ ਪੰਜਾਬ ਵਾਇਸ ਪ੍ਰਧਾਨ ਵਰਲਡ ਬੁੱਕ ਆਫ ਰਿਕਾਰਡ ਲੰਡਨ ਵੱਲੋਂ ਸਵਾਗਤ ਕੀਤਾ ਗਿਆ ਅਤੇ ਉਨਾਂ ਨੂੰ ਗੋਲਡ ਐਡੀਸ਼ਨ ਬੁੱਕ ਨਾਲ ਸਨਮਾਨਿਤ ਕੀਤਾ। ਸਨਮਾਨਿਤ ਕਰਨ ਉਪਰੰਤ ਜਸਵੀਰ ਸਿੰਘ ਛਿੰਦਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਵੀ ਗੋਰਾ ਮਨੀ ਨੇ ਆਪਣੇ ਭਜਨਾਂ ਰਾਹੀਂ ਸ਼ਰਧਾਲੂਆਂ ਨੂੰ ਨਿਹਾਲ ਕੀਤਾ ਹੈ ਉੱਥੇ ਹੀ ਸ਼ਰਧਾਲੂ ਭਗਵਾਨ ਕ੍ਰਿਸ਼ਨ ਜੀ ਅਤੇ ਰਾਧਾ ਰਾਣੀ ਸਰਕਾਰ ਦੇ ਭਜਨ ਬੜੀ ਲਗਨ ਨਾਲ ਸੁਣਦੇ ਹਨ। ਉਨ੍ਹਾਂ ਕਿਹਾ ਕਿ ਗੋਰਾ ਮਨੀ ਨੇ ਇੰਡੀਆ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਨਾਮ ਰੋਸ਼ਨ ਕੀਤਾ ਹੈ। ਜਸਵੀਰ ਸਿੰਘ ਛਿੰਦਾ ਨੇ ਕਿਹਾ ਕਿ ਆਪਣੇ ਪ੍ਰੋਗਰਾਮ ਰਾਹੀਂ ਲੜਕੀਆਂ ਨੂੰ ਉਹਨਾਂ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਸ਼ਕਤੀ ਪ੍ਰਦਾਨ ਕਰਨ ਦਾ ਕੰਮ ਕਰਦੇ ਹਨ, ਉਹ ਜੀਵਨ ਅਧਿਆਤਮਿਕ ਜੀਵਨ ਕੋਚਿੰਗ ਦੁਆਰਾ ਸਕਾਰਾਤਮਕਤਾ ਅਤੇ ਆਪਣੇ ਆਪ ਵਿੱਚ ਵਿਸ਼ਵਾਸ ਉਹ ਸਿਧਾਂਤ ਸਿਖਾਉਂਦੀ ਹੈ। ਆਰਟ ਆਫ਼ ਲਿਵਿੰਗ ਦੇ ਨਾਲ ਦੇਵੀ ਗੌਰਾ ਮਨੀ ਸੰਸਾਰ ਦੀ ਯਾਤਰਾ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਇੱਕ ਪ੍ਰੇਰਨਾ ਦੇ ਰੂਪ ਵਿੱਚ ਆਪਣੇ ਸੰਗੀਤ ਰਾਹੀਂ ਹਜ਼ਾਰਾਂ ਜ਼ਿੰਦਗੀਆਂ ਨੂੰ ਸਿੱਖਿਆ ਦਿੰਦੇ ਹਨ। ਉਹ 58ਵੇਂ ਗ੍ਰੈਮੀ ਅਵਾਰਡ ਪ੍ਰਾਪਤ ਕਰ ਚੁੱਕੇ ਹਨ ਉਹ ਭਾਰਤ ਤੋਂ ਪਹਿਲੀ ਮਹਿਲਾ ਹਨ ਜੋਂ ਅਧਿਆਤਮਿਕ ਸੰਗੀਤ ਨੂੰ ਦਰਸਾਉਂਦਾ ਹੈ। ਹਾਲ ਹੀ ਵਿੱਚ ਉਹਨਾਂ ਨੇ ਦੱਖਣੀ ਅਮਰੀਕਾ, ਕੈਨੇਡਾ, ਸੰਯੁਕਤ ਰਾਜ ਅਮਰੀਕਾ, ਫਿਲੀਪੀਨਜ਼, ਆਸਟ੍ਰੇਲੀਆ ਦਾ ਦੋਰਾ ਕੀਤਾ ਹੈ। ਉਹ ਪਹਿਲੇ ਭਾਰਤੀ ਮਹਿਲਾ ਹਨ ਜੋ ਯੂ ਐਸ ਏ ਵਿੱਚ ਵੀ ਰਹਿ ਕੇ ਭਾਰਤੀ ਧਾਰਮਿਕ ਸੰਗੀਤ ਨਾਲ ਪੂਰੇ ਵਿਸ਼ਵ ਵਿੱਚ ਲੋਕਾਂ ਨੂੰ ਜੋੜ ਰਹੇ ਹਨ।

ਸਨਮਾਨਿਤ ਹੋਣ ਉਪਰੰਤ ਦੇਵੀ ਗੋਰਾ ਮਨੀ ਯੂਐਸਏ ਨੇ ਜਸਵੀਰ ਸਿੰਘ ਛਿੰਦਾਂ ਪੰਜਾਬ ਵਾਇਸ ਪ੍ਰਧਾਨ ਵਰਲਡ ਬੁੱਕ ਆਫ ਰਿਕਾਰਡ ਲੰਡਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਇੰਨਾ ਮਾਨ ਸਨਮਾਨ ਦੇਣ ਤੇ ਮੈਂ ਹਮੇਸ਼ਾ ਰਿਣੀ ਰਹਾਂਗੀ। ਇਸ ਮੌਕੇ ਉਨਾਂ ਦੇ ਨਾਲ ਪ੍ਰੇਮ ਦਾਸ, ਕ੍ਰਿਸ਼ਨ ਰਾਣੀ ਡਾਇਰੈਕਟਰ ਅਲਮਾ ਕਿਡਜ ਇੰਟਰਨੈਸ਼ਨਲ ਸਕੂਲ ਨਾਭਾ ਅਤੇ ਉਨਾਂ ਦੀ ਟੀਮ ਦੇ ਮੈਂਬਰ ਮੌਜੂਦ ਸਨ।

# ਪਟਿਆਲਾ ਕ੍ਰਾਇਮ ਰਿਪੋਰਟ

**ਪਟਿਆਲਾ/ 7 ਮਈ/ ਕੌਮੀ ਪੱਤ੍ਰਿਕਾ ਬਿਊਰੋ**

## ਥਾਣਾ ਸਿਵਲ ਲਾਈਨ ਨੇ ਕੀਤਾ ਤਿੰਨ ਵਿਰੁਧ ਮਾਮਲਾ ਦਰਜ

ਥਾਣਾ ਸਿਵਲ ਲਾਈਨ ਪਟਿਆਲਾ ਦੀ ਪੁਲਸ ਨੇ ਰਾਕੇਸ ਕੁਮਾਰ ਪੁੱਤਰ ਅਮਰਨਾਥ ਵਾਸੀ ਪ੍ਰੀਤ ਨਗਰ ਪਟਿਆਲਾ ਦੀ ਸਿ ?ਕਾਇਤ ਤੇ ਕਾਰਵਾਈ ਕਰਦਿਆਂ ਧਾਰਾ 406, 420, 120 ਬੀ ਆਈ. ਪੀ. ਸੀ. ਤਹਿਤ ਤਿੰਨ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਰਜ ਕਰਵਾਈ ਸਿ ?ਕਾਇਤ ਵਿਚ ਰਾਕੇਸ਼ ਕੁਮਾਰ ਨੇ ਦੱਸਿਆ ਕਿ ਕਿਰਨ ਗੋਇਲ ਪਤਨੀ ਧਰਮਿੰਦਰ ਗੋਇਲ ਵਾਸੀਸੰਤ ਇਨਕਲੇਵ ਖੇੜੀ ਗੁਜਰਾ ਪਟਿਆਲਾ, ਧਰਮਿੰਦਰ ਗੋਇਲ ਪੁੱਤਰ ਸ਼ਾਮ ਗੋਇਲ, ਰਾਜਨ ਗੋਇਲ ਪੁੱਤਰ ਧਰਮਿੰਦਰ ਗੋਇਲ ਵਾਸੀ ਸੰਤ ਇੰਨਕਲੇਵ ਪਟਿਆਲਾ ਨੇ ਉਸਨੂੰ ਜਮੀਨ ਵੇਚਣ ਦਾ ਝਾਂਸਾ ਦੇ ਕੇ ਉਸ ਕੋਲੋਂ 58 ਲੱਖ ਰੁਪਏ ਹਾਸਲ ਕਰ ਲਏ ਪਰ ਬਾਅਦ ਵਿੱਚ ਉਸਨੂੰ ਪਤਾ ਲੱਗਾ ਕਿ ਜਮੀਨ ਕਿਸੇ ਹੋਰ ਦੇ ਨਾਮ ਤੇ ਹੈ ਅਤੇ ਜਮੀਨ ਤੇ ਸਟੇਅ ਲੱਗੀ ਹੋਈ ਅਤੇ ਜੋ ਰੁਪਏ ਉਸ ਵਲੋਂ ਉਪਰੋਕਤ ਤਿੰਨਾਂ ਨੂੰ ਦਿੱਤੇ ਗਏ ਸਨ ਵੀ ਵਾਪਸ ਨਹੀ ਕੀਤੇ। ਪੁਲਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਥਾਣਾ ਸਿਵਲ ਲਾਈਨ ਕੀਤਾ ਇਕ ਵਿਰੁੱਧ ਮਾਮਲਾ ਦਰਜ

ਥਾਣਾ ਸਿਵਲ ਲਾਈਨ ਪਟਿਆਲਾ ਦੀ ਪੁਲਸ ਨੇ ਸੁਖਦੇਵ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਗੁਰਦੁਆਰਾ ਬਗੀਚੀ ਸਾਹਿਬ ਮਾਲ ਰੋਡ ਪਟਿਆਲਾ ਦੀ ਸਿ ?ਕਾਇਤ ਤੇ ਕਾਰਵਾਈ ਕਰਦਿਆਂ ਸਿਮਰਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਮਕਾਨ ਮੁਹੱਲਾ ਢੰਡੋਲਾ ਬਹੇੜਾ ਪਟਿਆਲਾ ਵਿਰੁੱਧ ਧਾਰਾ 409, 420 ਆਈ. ਪੀ. ਸੀ. ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਰਜ ਕਰਵਾਈ ਸਿ ?ਕਾਇਤ ਵਿਚ ਸੁਖਦੇਵ ਸਿੰਘ ਨੇ ਦੱਸਿਆ ਕਿ ਸਿਮਰਨਜੀਤ ਸਿੰਘ ਜਿਸ ਵਲੋਂ ਬੁੱਢਾ ਦਲ ਦੇ ਫੇਸਬੁੱਕ ਪੇਜ ਨੂੰ ਹੈਕ ਕੀਤਾ ਗਿਆ ਸੀ ਸ੍ਰੋਮਣੀ ਪੰਥ ਅਕਾਲੀ ਦਲ ਬੁੱਢਾ ਦਲ ਪੰਜਵਾ ਤੱਖਤ ਦੇ ਮੁਖੀ ਬਾਬਾ ਬਲਵੀਰ ਸਿੰਘ ਦਾ ਪੀ.ਏ ਹੈ ਤੇ ਸਿਮਰਨਜੀਤ ਸਿੰਘ ਨੇ ਸੰਸਥਾ ਦਾ ਮੈਬਰ ਹੁੰਦੇ ਹੋਏ ਵੀ ਫੇਸਬੁੱਕ ਪੇਜ ਨੂੰ ਹੈਕ ਕਰਕੇ ਸੰਸਥਾ ਨੂੰ ਬਦਨਾਮ ਕਰਨ ਦੀ ਨੀਅਤ ਨਾਲ ਪੇਜ ਦਾ ਅਸੈਸ ਆਪਣੇ ਕੋਲ ਰੱਖਿਆ ਹੈ। ਪੁਲਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿਤੀ ਹੈ।

## ਥਾਣਾ ਸਿਵਲ ਲਾਈਨ ਕੀਤਾ ਇਕ ਵਿਰੁੱਧ ਮਾਮਲਾ ਦਰਜ

ਥਾਣਾ ਸਿਵਲ ਲਾਈਨ ਪਟਿਆਲਾ ਦੀ ਪੁਲਸ ਨੇ ਸੁਖਦੇਵ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਗੁਰਦੁਆਰਾ ਬਗੀਚੀ ਸਾਹਿਬ ਮਾਲ ਰੋਡ ਪਟਿਆਲਾ ਦੀ ਸਿ ?ਕਾਇਤ ਤੇ ਕਾਰਵਾਈ ਕਰਦਿਆਂ ਸਿਮਰਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਮਕਾਨ ਮੁਹੱਲਾ ਢੰਡੋਲਾ ਬਹੇੜਾ ਪਟਿਆਲਾ ਵਿਰੁੱਧ ਧਾਰਾ 409, 420 ਆਈ. ਪੀ. ਸੀ. ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਰਜ ਕਰਵਾਈ ਸਿ ?ਕਾਇਤ ਵਿਚ ਸੁਖਦੇਵ ਸਿੰਘ ਨੇ ਦੱਸਿਆ ਕਿ ਸਿਮਰਨਜੀਤ ਸਿੰਘ ਜਿਸ ਵਲੋਂ ਬੁੱਢਾ ਦਲ ਦੇ ਫੇਸਬੁੱਕ ਪੇਜ ਨੂੰ ਹੈਕ ਕੀਤਾ ਗਿਆ ਸੀ ਸ੍ਰੋਮਣੀ ਪੰਥ ਅਕਾਲੀ ਦਲ ਬੁੱਢਾ ਦਲ ਪੰਜਵਾ ਤੱਖਤ ਦੇ ਮੁਖੀ ਬਾਬਾ ਬਲਵੀਰ ਸਿੰਘ ਦਾ ਪੀ.ਏ ਹੈ ਤੇ ਸਿਮਰਨਜੀਤ ਸਿੰਘ ਨੇ ਸੰਸਥਾ ਦਾ ਮੈਬਰ ਹੁੰਦੇ ਹੋਏ ਵੀ ਫੇਸਬੁੱਕ ਪੇਜ ਨੂੰ ਹੈਕ ਕਰਕੇ ਸੰਸਥਾ ਨੂੰ ਬਦਨਾਮ ਕਰਨ ਦੀ ਨੀਅਤ ਨਾਲ ਪੇਜ ਦਾ ਅਸੈਸ ਆਪਣੇ ਕੋਲ ਰੱਖਿਆ ਹੈ। ਪੁਲਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿਤੀ ਹੈ।

## ਥਾਣਾ ਤ੍ਰਿਪੜੀ ਪੁਲਸ ਨੇ ਕੀਤਾ ਦੋ ਵਿਰੁੱਧ ਮਾਮਲਾ ਦਰਜ

ਥਾਣਾ ਤ੍ਰਿਪੜੀ ਪੁਲਸ ਨੇ ਦੋ ਵਿਅਕਤੀਆਂ ਵਿਰੁੱਧ ਧਾਰਾ 420, 120 ਬੀ ਆਈ.ਪੀ.ਸੀ. ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸਿ ?ਕਾਇਤ ਵਿਚ ਰਾਮਵਿੰਦਰ ਸਿੰਘ ਪੁੱਤਰ ਸਵਿੰਦਰ ਸਿੰਘ ਵਾਸੀ ਐਸ. ਸੀ. ਓ. 63 ਡੀ ਏ. ਸੀ. ਕੰਪਲੈਕਸ ਗਰਾਊਡ ਫਲੋਰ ਪਟਿਆਲਾ ਨੇ ਦੱਸਿਆ ਕਿ ਪ੍ਰਭਜੀਤ ਸਿੰਘ ਪੁੱਤਰ ਹਰਵਿੰਦਰ ਸਿੰਘ, ਨਵਦੀਪ ਕੌਰ ਪਤਨੀ ਪ੍ਰਭਜੀਤ ਸਿੰਘ ਵਾਸੀ ਡੋਗਰਾ ਮੁਹੱਲਾ ਪਟਿਆਲਾ ਉਨ੍ਹਾਂ ਕੋਲੋਂ ਦੀਪਤੀ ਗਰਗ ਨੂੰ ਵਿਦੇਸ਼ ਭੇਜਣ ਲਈ 02,88,999 ਰੁਪਏ ਅਤੇ ਸਾਗਰ ਕੁਮਾਰ ਕੋਲੋਂ 4,85 ਹਜ਼ਾਰ ਰੁਪਏ ਲੈ ਲਏ ਤੇ ਬਾਅਦ ਵਿੱਚ ਨਾ ਤਾਂ ਉਹਨਾ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ, ਜਿਸ ਤੇ ਪੁਲਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਆਲ ਇੰਡੀਆ ਬ੍ਰਾਹਮਣ ਫਰੰਟ ਵੱਲੋਂ ਭਗਵਾਨ ਪਰਸ਼ੂਰਾਮ ਜੀ ਦਾ ਜਨਮ ਦਿਵਸ ਧੂਮਧਾਮ ਨਾਲ ਮਨਾਇਆ ਜਾਵੇਗਾ



**ਮਲੇਰਕੋਟਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਪਰਸ਼ੂਰਾਮ ਦੇ ਜਨਮ ਦਿਵਸ ਸਬੰਧੀ ਅੱਜ ਆਲ ਇੰਡੀਆ ਬ੍ਰਾਹਮਣ ਫਰੰਟ ਦੇ ਪ੍ਰਧਾਨ ਮਹੰਤ ਸਰੂਪ ਦਾਸ ਬਿਹਾਰੀ ਦੀ ਅਗਵਾਈ ਹੇਠ ਮੀਟਿੰਗ ਹੋਈ ਜਿਸ ਵਿਚ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦਾ ਜਨਮ ਦਿਹਾੜਾ 12 ਮਈ ਦਿਨ ਐਤਵਾਰ ਨੂੰ ਧੂਮਧਾਮ ਨਾਲ ਮਨਾਉਣ ਦਾ ਫੈਸਲਾ ਕੀਤਾ ਗਿਆ, ਜਿਸ ਸੰਬਧੀ ਜਾਣਕਾਰੀ ਦਿੰਦਿਆ ਮਹੰਤ ਸਰੂਪ ਦਾਸ ਨੇ ਦਸਿਆ ਕਿ ਭਗਵਾਨ ਸ਼੍ਰੀ ਪਰਸ਼ੂਰਾਮ ਰਾਮ ਜੀ ਦਾ ਜਨਮ ਦਿਹਾੜਾ ਮੰਦਿਰ ਡੇਰਾ ਬਾਬਾ ਮੁਹੱਲਾ ਭਾਵਰੀਆ ਵਿਖੇ ਮਨਾਇਆ ਜਾਵੇਗਾ ਜਿਸ ਤਹਿਤ ਇੱਕ ਵੱਡਾ ਸਮਾਗਮ ਕਰਵਾਇਆ ਜਾਵੇਗਾ ਜਿਸਦੀ ਸ਼ੁਰੂਆਤ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦਾ ਗੁਣਗਾਨ ਕਰਕੇ ਕੀਤੀ ਜਾਵੇਗੀ, ਦੁਪਹਿਰ ਤੱਕ ਭਜਨ ਕੀਰਤਨ ਹੋਵੇਗਾ ਉਪਰੰਤ ਵੱਖ ਵੱਖ ਖੇਤਰਾਂ ਵਿਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਬ੍ਰਾਹਮਣਾ ਦਾ ਸਨਮਾਨ ਕੀਤਾ ਜਾਵੇਗਾ। ਮੀਟਿੰਗ ਵਿੱਚ ਆਏ ਹੋਏ ਸਮੂਹ ਬ੍ਰਾਹਮਣ ਭਰਾਵਾਂ ਦੀ ਇਸ ਪ੍ਰੋਗਰਾਮ ਵਿੱਚ ਅਲੱਗ ਅਲੱਗ ਜਿੰਮੇਵਾਰੀਆਂ ਲਗਾਈਆਂ ਗਈਆਂ ਪਿਛਲੇ ਸਾਲ ਦੀ ਤਰ੍ਹਾਂ ਸਾਰੇ ਬ੍ਰਾਹਮਣ ਭਰਾਵਾਂ ਅਤੇ ਸ਼ਹਿਰ ਵਾਸੀਆਂ ਨੂੰ ਇਸ ਪ੍ਰੋਗਰਾਮ ਵਿੱਚ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ ਗਿਆ। ਇਸ ਮੌਕੇ ਕੁਲਦੀਪ ਸ਼ਰਮਾ, ਸੌਰਵ ਸ਼ਰਮਾ, ਗ਼ਗਨ ਭਾਰਦਵਾਜ, ਜੀਵਨ ਲਾਲ ਸ਼ਰਮਾ, ਸੁਭਾਸ਼ ਸ਼ਰਮਾ, ਰੋਹਿਤ ਸ਼ਰਮਾ ਆਦਿ ਹਾਜਰ ਸਨ।

# ਕੋਕਾ-ਕੋਲਾ ਨੇ ਪਹਿਲੀ ਤਿਮਾਹੀ 2024 ਦੇ ਨਤੀਜਿਆਂ ਦੀ ਰਿਪੋਰਟ ਕੀਤੀ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗਲੋਬਲ ਯੂਨਿਟ ਕੇਸ ਵਾਲੀਅਮ 1% ਵਧਿਆ, ਸ਼ੁੱਧ ਮਾਲੀਆ 3% ਵਧਿਆ; ਆਰਗੈਨਿਕ ਮਾਲੀਆ (ਗੈਰ-GAAP) 11% ਭਾਰਤ ਵਿੱਚ, ਕੋਕਾ-ਕੋਲਾ ਨੇ ਆਪਣੀ ਪਹਿਲੀ ਤਿਮਾਹੀ 2024 ਦੇ ਨਤੀਜਿਆਂ ਵਿੱਚ ਕੁਝ ਮਹੱਤਵਪੂਰਨ ਅੰਕ ਦੱਸੇ:

**ਡਿਜੀਟਲ ਸਮਰੱਥਾਵਾਂ ਨੂੰ ਚ ਲਾਉਣਾ ਜਾਰੀ ਰੱਖਣਾ :**

ਕੋਕਾ-ਕੋਲਾ ਨੇ ਖਪਤਕਾਰਾਂ ਅਤੇ ਗਾਹਕਾਂ ਨਾਲ ਸਬੰਧਾਂ ਨੂੰ ਵਧਾਉਣ ਲਈ ਡਿਜੀਟਲ ਟੂਲਸ ਦਾ ਲਾਭ ਲੈਣਾ ਜਾਰੀ ਰੱਖਿਆ। ਭਾਰਤ ਵਿੱਚ, ਪ੍ਰਚੂਨ ਵਿਕਰੇਤਾ ਐਪ ਰਾਹੀਂ ਬਲਕ ਆਰਡਰ ਦੇਣ ਲਈ, ਕੋਕ ਬੱਡੀ, ਇੱਕ ਗਾਹਕ ਸ਼ਮੂਲੀਅਤ ਪਲੇਟਫਾਰਮ 'ਤੇ 19-ਸੰਚਾਲਿਤ ਸੁਝਾਏ ਗਏ ਆਰਡਰ ਸਿਫ਼ਾਰਸ਼ਾਂ ਦਾ ਲਾਭ ਉਠਾ ਰਹੇ ਹਨ।

ਗਲੋਬਲ ਚੁਣੌਤੀਆਂ ਦੇ ਬਾਵਜੂਦ, ਕੋਕਾ-ਕੋਲਾ ਨੇ ਭਾਰਤ ਵਿੱਚ ਵਾਧਾ ਦੇਖਿਆ। ਫਿਲੀਪੀਨਜ਼, ਭਾਰਤ, ਵੀਅਤਨਾਮ ਅਤੇ ਇੰਡੋਨੇਸ਼ੀਆ ਵਿੱਚ ਵਿਕਾਸ ਦਰ ਚੀਨ ਵਿੱਚ ਗਿਰਾਵਟ ਤੋਂ ਵੱਧ ਸੀ।

ਜਨਵਰੀ ਅਤੇ ਫਰਵਰੀ 2024 ਵਿੱਚ, ਕੰਪਨੀ ਨੇ ਭਾਰਤ ਵਿੱਚ ਕੁਝ ਖੇਤਰਾਂ ਵਿੱਚ ਬੋਤਲਾਂ ਦੇ ਸੰਚਾਲਨ ਨੂੰ ਮੁੜ ਫ੍ਰੈਂਚਾਈਜ਼ ਕੀਤਾ। ਕੰਪਨੀ ਨੇ ਭਾਰਤ ਵਿੱਚ ਕੁਝ ਖੇਤਰਾਂ ਵਿੱਚ ਬੋਤਲਾਂ ਦੇ ਸੰਚਾਲਨ ਦੇ ਮੁੜ ਫਰੈਂਚਾਈਜ਼ਿੰਗ ਨਾਲ ਸਬੰਧਤ £293 ਮਿਲੀਅਨ ਦਾ ਸ਼ੁੱਧ ਲਾਭ ਦਰਜ ਕੀਤਾ।

# ਸਮਰਾਲਾ ਪੁਲਿਸ ਵੱਲੋਂ ਭੁੱਕੀ ਚੂਰਾ ਸਮੇਤ ਇੱਕ ਕਾਬੂ

**ਸਮਰਾਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਜਿਵੇਂ ਜਿਵੇਂ ਲੋਕ ਸਭਾ ਚੋਣਾਂ ਨਜਦੀਕ ਆ ਰਹੀਆਂ ਹਨ, ਤਾਂ ਪੁਲਿਸ ਵੀ ਪੂਰੀ ਚੌਕਸੀ ਦਿਖਾ ਰਹੀ ਹੈ। ਮਾਨਯੋਗ ਐਸ. ਐਸ. ਪੀ. ਅਮਨੀਤ ਕੌਂਡਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਮਰਾਲਾ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਨਾਲ ਨਸ਼ਾ ਤਸਕਰਾਂ ਨੂੰ ਭਾਅ ਦੀ ਬਣੀ ਹੋਈ ਹੈ। ਸਮਰਾਲਾ ਦੇ ਡੀ. ਐਸ. ਪੀ. ਤਰਲੋਚਨ ਸਿੰਘ ਅਤੇ ਥਾਣਾ ਮੁਖੀ ਰਾਓ ਵਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਹੇਡੋਂ ਪੁਲਿਸ ਚੌਂਕੀ ਇੰਚਾਰਜ ਏ. ਐਸ. ਆਈ. ਸੁਖਵਿੰਦਰ ਸਿੰਘ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਪੁਲਿਸ ਚੌਂਕੀ ਸਾਹਮਣੇ ਜੀ. ਟੀ. ਰੋਡ ਉਪਰ ਨਾਕਾ ਲਗਾ ਕੇ ਸ਼ੱਕੀ ਵਾਹਨਾਂ ਅਤੇ ਪੁਰਸ਼ਾਂ ਦੀ ਚੈਕਿੰਗ ਕਰ ਰਹੇ ਸਨ ਤਾਂ ਖਮਾਣੋਂ ਸਾਈਡ ਵੱਲੋਂ ਇੱਕ ਵਿਅਕਤੀ ਤੁਰਿਆ ਆ ਰਿਹਾ ਸੀ, ਜਦੋਂ ਉਸਨੂੰ ਰੋਕ ਕੇ ਉਸਦੀ ਤਲਾਸ਼ੀ ਲਈ ਗਈ ਤਾਂ ਪਲਾਸਟਿਕ ਦੇ ਥੈਲੇ ਵਿੱਚੋਂ 10 ਕਿੱਲੋ ਭੁੱਕੀ ਚੂਰਾ ਬਰਾਮਦ ਕੀਤਾ ਗਿਆ। ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਕਥਿਤ ਦੋਸ਼ੀ ਦੀ ਪਛਾਣ ਅਮਨਦੀਪ ਸਿੰਘ ਵਾਸੀ ਲੁਧਿਆਣਾ ਵਜੋਂ ਕੀਤੀ ਗਈ। ਪੁਲਿਸ ਦੁਆਰਾ ਕਥਿਤ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਰਿਮਾਂਡ ਲਿਆ ਗਿਆ।

ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਡੀ. ਐਸ. ਪੀ. ਤਰਲੋਚਨ ਸਿੰਘ ਨੇ ਦੱਸਿਆ ਕਿ ਮਾਨਯੋਗ ਡੀ. ਜੀ. ਪੀ. ਅਤੇ ਐਸ. ਐਸ. ਪੀ. ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਾ ਤਸਕਰਾਂ ਵਿਰੁੱਧ ਸਰਚ ਉਪਰੇਸ਼ਨ ਚਲਾਏ ਜਾ ਰਹੇ ਹਨ, ਜਿਸ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਆਉਂਦੇ ਦਿਨਾਂ ਦੌਰਾਨ ਇਸ ਅਭਿਆਨ ਨੂੰ ਹੋਰ ਵੀ ਅੱਗੇ ਚਲਾਇਆ ਜਾਵੇਗਾ। ਉਨ੍ਹਾਂ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੰਦੇ ਹੋਏ ਕਿ ਉਹ ਨਸ਼ਾ ਵੇਚਣਾ ਬੰਦ ਕਰ ਦੇਣ ਅਤੇ ਨਸ਼ਾ ਕਰਨ ਵਾਲਿਆਂ ਨੂੰ ਸਲਾਹ ਵੀ ਦਿੱਤੀ ਕਿ ਉਹ ਖੁਦ ਨਸ਼ਾ ਛੱਡਣ ਲਈ ਅੱਗੇ ਆਉਣ, ਪੁਲਿਸ ਉਨ੍ਹਾਂ ਨੂੰ ਪੂਰਨ ਸਹਿਯੋਗ ਕਰੇਗੀ, ਉਹ ਨਸ਼ਾ ਵੇਚਣ ਵਾਲਿਆਂ ਦੀ ਸੂਹ ਦੇਣ, ਸੂਹ ਦੇਣ ਵਾਲਿਆਂ ਦਾ ਨਾਂ ਗੁਪਤ ਰੱਖਿਆ ਜਾਵੇਗਾ।

# ਵਿਧਾਇਕ ਦੇਵ ਮਾਨ ਦੀ ਅਗਵਾਈ ਹੇਠ ਨਾਭਾ ਤੋ 15 ਸਮਾਜ ਸੇਵੀ ਪਰਿਵਾਰ ਆਪ ਪਾਰਟੀ ਵਿੱਚ ਸ਼ਾਮਲ




**ਨਾਭਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਨਾਭਾ ਸ਼ਹਿਰ ਤੋਂ 15 ਸਮਾਜ ਸੇਵੀ ਪਰਿਵਾਰਾ ਨੂੰ ਆਪ ਪਾਰਟੀ ਵਿੱਚ ਸ਼ਾਮਿਲ ਕੀਤਾ। ਉਨ੍ਹਾਂ ਕਿਹਾ ਕਿ ਹਰਸ਼ ਬਲੱਡ ਡੋਨਰ ਸੁਸਇਟੀ ਦੇ ਪ੍ਰਧਾਨ ਅਤੇ ਸਮਾਜ ਸੇਵੀ ਪਰਿਵਾਰ ਭੁਵੇਸ ਬਾਂਸਲ ਭਾਸ਼ੀ ਜੀ ਦੇ ਯਤਨ ਸਦਕਾ 15 ਪਰਿਵਾਰਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਹਰ ਵਰਗ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਰਿਹਾ ਹੈ। ਜਿਸ ਨਾਲ ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕ੍ਰਾਂਤੀਕਾਰੀ ਅਤੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਈਆਂ ਗਈਆਂ ਸਕੀਮਾਂ ਤੋਂ ਲੋਕ ਖੁਸ਼ ਨਜ਼ਰ ਆ ਰਹੇ ਹਨ। ਸੂਬੇ ਦੀ ਸਰਕਾਰ ਨੇ ਲੋਕਾਂ ਦੀਆਂ ਸਹੂਲਤਾਂ ਲਈ ਸਿੱਖਿਆ ਦੇ ਨਾਲ ਨਾਲ ਸਿਹਤ ਪੱਖੋਂ ਵੀ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਹਨ। ਹਰ ਹਲਕੇ ਵਿੱਚ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ, ਜਿਸ ਵਿੱਚ ਮਰੀਜ਼ਾਂ ਨੂੰ ਦਵਾਈਆਂ ਮੁਫਤ ਅਤੇ ਟੈਸਟ ਵੀ ਮੁਫਤ ਹੁੰਦੇ ਹਨ। ਦੇਵ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਦੇ ਘਰਾਂ ਦੇ ਬਿੱਲ ਮਾਫ ਕਰਕੇ ਜ਼ੀਰੋ ਆ ਰਹੇ ਹਨ ਅਤੇ ਨੌਜਵਾਨਾਂ ਨੂੰ ਕਈ ਹਜ਼ਾਰਾਂ ਦੀ ਗਿਣਤੀ ਵਿੱਚ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ, ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਰਵਾਏ ਗਏ ਕਾਰਜਾਂ ਨੂੰ ਵੇਖਦੇ ਹੋਏ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਵੋਟਾਂ ਪਾ ਕੇ ਵੱਡੀ ਲੀਡ ਨਾਲ ਜਿਤਾਉਣਗੇ ਅਤੇ ਲੋਕ ਸਭਾ ਵਿੱਚ ਭੇਜਣਗੇ। ਸ਼ਾਮਿਲ ਹੋਣ ਵਾਲਿਆਂ ਵਿੱਚ ਕੁਲਦੀਪ ਭਾਟੀਆ, ਹਿਮਾਂਸ਼ੂ ਗੋਇਲ, ਰਵੀ ਭਾਰਦਵਾਜ, ਸ਼੍ਰੀਕਾਂਤ ਯੁਵੀ ਸ਼ਰਮਾ, ਪਾਰਸ ਅਰੋੜਾ, ਗਾਇਨ ਸ਼ਰਮਾ, ਮਹੇਸ਼ ਰਾਏ ਪਿੰਕੂ, ਪੁਨੀਤ ਬਾਂਸਲ, ਅਮਿਤ ਬਾਂਸਲ, ਵਿਜੈ ਗਰਗ, ਮਾਧਵ ਸ਼ਰਮਾ, ਦਿਨੇਸ਼ ਕਾਕਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦਾ ਦਾਮਨ ਫੜਿਆ। ਪਾਰਟੀ ਵਿੱਚ ਸ਼ਾਮਲ ਹੋਣ ਉਪਰੰਤ ਉਨਾਂ ਸਾਂਝੇ ਤੌਰ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਪ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਿਲ ਹੋਏ ਹਾਂ ਅਤੇ ਪਾਰਟੀ ਦੀ ਚੜਦੀ ਕਲਾ ਲਈ ਦਿਨ ਰਾਤ ਮਿਹਨਤ ਕਰਾਂਗੇ। ਉਨ੍ਹਾਂ ਕਿਹਾ ਕਿ ਆਗਾਮੀ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਬਲਬੀਰ ਸਿੰਘ ਲਈ ਘਰ ਘਰ ਜਾ ਕੇ ਵੋਟਾਂ ਮੰਗਾਂਗੇ। ਇਸ ਮੌਕੇ ਦੀਪਕ ਨਾਗਪਾਲ, ਸੀਨੀਅਰ ਆਗੂ ਕਪਿਲ ਮਾਨ, ਦੀਪਕ ਨਾਗਪਾਲ, ਸਾਬਕਾ ਨਗਰ ਕੌਂਸਲ ਪ੍ਰਧਾਨ ਹਰਸਿਮਰਨ ਸਿੰਘ ਸਾਹਨੀ, ਪੰਕਜ਼ ਪੱਪੂ, ਤੇਜਿੰਦਰ ਖਹਿਰਾ, ਪ੍ਰਿੰਸ ਸ਼ਰਮਾ, ਜੋਗਿੰਦਰ ਤੁਲੀ, ਸੰਨੀ ਤੁਲੀ, ਸੋਨੂੰ ਨਾਭਾ, ਹਰਮੇਸ਼ ਮੇਸ਼ੀ, ਜਸਵੀਰ ਸਿੰਘ ਛਿੰਦਾ, ਭੁਪਿੰਦਰ ਸਿੰਘ ਕਲਰ ਮਾਜਰੀ ਆਦਿ ਹਾਜਰ ਸਨ।

# ਈਵੀਐਮ ਦੀ ਰੈਂਡੇਮਾਇਜੇਸ਼ਨ ਅਨੁਸਾਰ ਸੰਬਧਤ ਸਹਾਇਕ ਰਿਟਰਨਿੰਗ ਅਫਸਰਾਂ ਨੂੰ ਈ.ਵੀ.ਐਮ. ਦੀ ਵੰਡ ਲਈ ਤਿਆਰੀਆਂ ਸ਼ੁਰੂ

**ਫਾਜ਼ਿਲਕਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਈਵੀਐਮ ਤੇ ਵੀਵੀਪੈਟ ਮਸ਼ੀਨਾਂ ਦੀ ਰੈਂਡੇਮਾਇਜੇਸ਼ਨ ਅਨੁਸਾਰ ਵੱਖ ਵੱਖ ਵਿਧਾਨ ਸਭਾ ਹਲਕਿਆਂ ਅਨੁਸਾਰ ਵੰਡ ਦੀਆਂ ਤਿਆਰੀਆਂ ਸ਼ੁਰੂ ਕੀਤੀਆਂ ਜਾ ਚੁੱਕੀਆਂ ਹਨ। ਇਸੇ ਅਨੁਸਾਰ ਹਲਕਿਆਂ ਵਿਚ ਉਪਲਬੱਧ ਬੂਥਾਂ ਦੀ ਗਿਣਤੀ ਦੇ ਮੁਕਾਬਲੇ 20 ਫੀਸਦੀ ਜਿਆਦਾ ਬੈਲਟ ਯੂਨਿਟ ਤੇ ਕੰਟਰੋਲ ਯੂਨਿਟ ਹਰੇਕ ਹਲਕੇ ਨੂੰ ਦਿੱਤੇ ਗਏ ਹਨ ਅਤੇ ਵੀਵੀਪੈਟ ਮਸ਼ੀਨਾਂ ਮੰਗ ਤੋਂ 30 ਫੀਸਦੀ ਵੱਧ ਰਾਖਵੇਂ ਕੋਟੇ ਵਿਚ ਦਿੱਤੀਆਂ ਗਈਆਂ ਹਨ।

ਇਸ ਸਬੰਧੀ ਜਿ ?ਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਆਈਏਐਸ ਦੀ ਨਿਗਰਾਨੀ ਤੇ ਸਿਆਸੀ ਪਾਰਟੀਆਂ ਦੇ ਨੁੰਮਾਇੰਦਿਆਂ ਦੀ ਹਾਜਰੀ ਵਿਚ ਕੰਪਿਊਟਰਾਇਜਡ ਰੈਂਡੇਮਾਈਜੇਸ਼ਨ ਕੀਤੀ ਗਈ ਸੀ। ਜਿਸ ਤੋਂ ਬਾਅਦ ਰੈਂਡੇਮਾਇਜੇਸ਼ਨ ਅਨੁਸਾਰ ਅੱਜ ਵੇਅਰਹਾਊਸ ਵਿਚ ਮਸ਼ੀਨਾਂ ਦੀ ਵੰਡ ਪ੍ਰਕਿਰਿਆ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਕੰਮ ਦਾ ਮੁਆਇਨਾ ਜਿ ?ਲ੍ਹੇ ਦੇ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਅਤੇ ਏਡੀਸੀ ਜਨਰਲ ਸ੍ਰੀ ਰਾਕੇਸ਼ ਕੁਮਾਰ ਪੋਪਲੀ ਨੇ ਕੀਤਾ ਅਤੇ ਹਦਾਇਤ ਕੀਤੀ ਕਿ ਇਸ ਪ੍ਰਕ੍ਰਿਆ ਨੂੰ ਨਿਯਮਾਂ ਅਨੁਸਾਰ ਨੇਪਰੇ ਚਾੜਿਆ ਜਾਵੇ।

# ਸਿਹਤ ਟੀਮਾਂ ਵੱਲੋ ਖੁਸ਼ਕ ਦਿਵਸ ਮੌਕੇ 14469 ਘਰਾਂ/ਥਾਂਵਾ ਵਿੱਚ ਪਾਣੀ ਦੇ ਖੜ੍ਹੇ ਸਰੋਤਾਂ ਦੀ ਚੈਕਿੰਗ



**ਪਟਿਆਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਂਗੂ ਬਿਮਾਰੀ ਦੀ ਰੋਕਥਾਮ ਲਈ ਚਲਾਏ ਜਾ ਰਹੇ ਹਰੇਕ ਹਫਤੇ ਫਰਾਈਡੇ-ਡਰਾਈਡੇ ਅਭਿਆਨ ਤਹਿਤ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸ਼ਹਿਰ ਦੀ ਮੈਡੀਕਲ ਕਾਲਜ, ਰਾਜਿੰਦਰਾ ਹਸਪਤਾਲ, ਤਫੱਜਲਪੁਰਾ, ਸ਼ੇਰਾਂ ਵਾਲਾ ਗੇਟ, ਨਿਊ ਸ਼ਾਤੀ ਨਗਰ ਆਦਿ ਵਿੱਚ ਡੇਂਗੂ ਲਾਰਵੇ ਦੀ ਜਾਂਚ ਲਈ ਪਾਣੀ ਦੇ ਖੜੇ ਸਰੋਤਾਂ ਦੀ ਚੈਕਿੰਗ ਕੀਤੀ।ਇਹਨਾਂ ਟੀਮਾਂ ਦਾ ਜਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਵੱਲੋਂ ਫੀਲਡ ਵਿੱਚ ਜਾ ਕੇ ਵੀ ਨਿਰੀਖਣ ਕੀਤਾ।ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਅੱਜ ਮੁਹਿੰਮ ਅਧੀਨ ਸਿਹਤ ਟੀਮਾਂ ਵੱਲੋਂ ਜਿੱਲੇ ਦੇ 14469 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 20 ਥਾਂਵਾ ਤੇ ਮਿਲਿਆ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਹਨਾਂ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਖੁਸ਼ਕ ਦਿਵਸ ਮੁਹਿੰਮ ਤਹਿਤ 40000 ਤੋਂ ਵੱਧ ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ ਅਤੇ ਇਹ ਗਤੀਵਿਧੀਆਂ ਲਗਾਤਾਰ ਜਾਰੀ ਹਨ। ਉਹਨਾਂ ਕਿਹਾ ਕਿ ਭਾਵੇਂ ਇਸ ਸੀਜਨ ਦੌਰਾਨ ਜਿਲ੍ਹੇ ਵਿੱਚ ਹੁਣ ਤੱਕ ਕੋਈ ਵੀ ਡੇਂਗੂ ਦਾ ਕੇਸ ਰਿਪੋਰਟ ਨਹੀਂ ਹੋਇਆ, ਪ੍ਰੰਤੂ ਬੀਤੇ ਕੁੱਝ ਦਿਨਾਂ ਤੋਂ ਰੁਕ ਰੁਕ ਕੇ ਹੋ ਰਹੀ ਬਾਰਸ਼ ਕਾਰਣ ਨੀਵੇ ਥਾਂਵਾ ਅਤੇ ਘਰਾਂ ਵਿੱਚ ਪਏ ਟੁੱਟੇ ਫੁੱਟੇ ਬਰਤਨਾਂ ਵਿੱਚ ਪਾਣੀ ਇੱਕਠਾ ਅਤੇ ਹਵਾ ਵਿੱਚ ਨਮੀ ਹੋਣ ਕਾਰਣ ਮੱਛਰਾਂ ਦੀ ਪੈਦਾਇਸ਼ ਲਈ ਅਨੁਕੂਲ ਵਾਤਾਵਰਣ ਹੋਣ ਕਾਰਣ ਮੱਛਰਾਂ ਦੀ ਪੈਦਾਇਸ਼ ਦਾ ਵੱਧਾ ਹੋ ਰਿਹਾ ਹੈ ।ਇਸ ਲਈ ਡੇਂਗੂ ਤੋਂ ਬਚਾਅ ਲਈ ਪਾਣੀ ਦੀ ਖੜੋਤ ਨੂੰ ਖਤਮ ਕਰਨਾ ਯਕੀਨੀ ਬਣਾਇਆ ਜਾਵੇ।

ਜਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਨੇ ਕਿਹਾ ਕਿਸੇ ਕਿਸਮ ਦਾ ਬੁਖਾਰ ਹੋਣ ਜਾਂਚ ਯਕੀਨੀ ਬਣਾਈ ਜਾਵੇ ਜੋ ਕਿ ਸਰਕਾਰੀ ਸਿਹਤ ਸੰਸ਼ਥਾਵਾ ਵਿੱਚ ਮੁਫਤ ਉਪਲਬਧ ਹੈ ਅਤੇ ਬੁਖਾਰ ਹੋਣ ਦੀ ਸੁਰਤ ਵਿੱਚ ਪੈਰਾਸੀਟਾਮੋਲ ਦੀ ਗੋਲੀ ਹੀ ਲਈ ਜਾਵੇ ਅਤੇ ਹੋਰ ਦਵਾਈ ਡਾਕਟਰੀ ਸਲਾਹ ਨਾਲ ਹੀ ਲਈ ਜਾਵੇ।

ਉਹਨਾਂ ਕਿਹਾ ਕਿ ਡੇਂਗੂ ਕਿ ਇੱਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ ਮੱਛਰ ਦੇ ਦਿਨ ਵੇਲੇ ਕੱਟਣ ਤੇ ਫੈਲਦਾ ਹੈ ਅਤੇ ਇਹ ਮੱਛਰ ਸ਼ਾਫ ਖੜੇ ਪਾਣੀ ਵਿਚ ਪੈਦਾ ਹੁੰਦਾ ਹੈ। ਉਹਨਾਂ ਲੋਕਾਂ ਨੂੰ ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਲਈ ਆਪਣੇ ਘਰਾਂ ਦੀਆਂ ਛੱਤਾਂ ਜਾਂ ਵਿਹੜੇ ਵਿੱਚ ਪਏ ਟੁੱਟੇ-ਫੁੱਟੇ ਬਰਤਨਾਂ ਨੂੰ ਮੂੱਧਾ ਮਾਰਨ ਜਾਂ ਨਸ਼ਟ ਕਰਨ, ਗਮਲਿਆਂ, ਕੂਲਰਾਂ,ਫਰਿਜ਼ਾਂ ਦੀਆਂ ਟਰੇਆਂ ਨੂੰ ਸਾਫ ਕਰਨਾ ਯਕੀਨੀ ਬਣਾਉਣ ਅਤੇ ਸ਼ਰੀਰ ਨੂੰ ਢੱਕਣ ਵਾਲੇ ਕੱਪੜੇ ਪਾਉਣ ਦੀ ਅਪੀਲ ਕੀਤੀ।

# ਕੇਂਦਰ ਸਰਕਾਰ ਪੰਜਾਬ ਦੇ ਵਿਕਾਸ ਕਾਰਜਾਂ ਵਿੱਚ ਬਣ ਰਹੀ ਹੈ ਰੋੜਾ, ਸੂਬੇ ਨਾਲ ਕੀਤਾ ਜਾ ਰਿਹਾ ਮਤਰੇਈ ਮਾਂ ਵਾਲਾ ਸਲੂਕ : ਮਾਲਵਿੰਦਰ ਸਿੰਘ ਕੰਗ

## ਪਿਛਲੀਆਂ ਸਰਕਾਰਾਂ ਵੱਲੋਂ ਹਲਕੇ ਵਿੱਚ ਗੁੰਡਾਰਾਜ ਨੂੰ ਦਿੱਤੀ ਗਈ ਪ੍ਰਮੁੱਖਤਾ : ਹਰਜੋਤ ਸਿੰਘ ਬੈਂਸ



**ਸ੍ਰੀ ਅਨੰਦਪੁਰ ਸਾਹਿਬ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਵੇਂ ਜਿਵੇਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਉਵੇਂ ਉਵੇਂ ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਵੱਲੋਂ ਚੋਣ ਪ੍ਰਚਾਰ ਤੇਜ ਕੀਤਾ ਜਾ ਰਿਹਾ ਹੈ। ਅੱਜ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਮਾਲਵਿੰਦਰ ਸਿੰਘ ਕੰਗ ਚੰਗਰ ਦੇ ਪਿੰਡ ਕਾਹੀਵਾਲ ਵਿਖੇ ਪੰਹੁਚੇ ਤੇ ਵਿਸ਼ਾਲ ਜਨ ਸਭਾ ਨੂੰ ਸੰਬੋਧਿਤ ਕੀਤਾ, ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪਿਛਲੇ ਸਮੇਂ ਦੋਰਾਨ ਕਈ ਸਰਕਾਰਾਂ ਆਈਆਂ ਪ੍ਰੰਤੂ ਕਿਸੇ ਵੱਲੋਂ ਵੀ ਚੰਗਰ ਇਲਾਕੇ ਦੇ ਬਾਰੇ ਕਦੇ ਨਹੀਂ ਸੋਚਿਆ ਗਿਆ, ਉਨਾਂ ਕਿਹਾ ਕਿ ਇਸੀ ਸ਼੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਪੰਜਾਬ ਵਿਧਾਨ ਸਭਾ ਦਾ ਸਪੀਕਰ ਦਿੱਤਾ ਕਈ ਕੈਬਨਿਟ ਮੰਤਰੀ ਦਿੱਤੇ ਪ੍ਰੰਤੂ ਇਸ ਹਲਕੇ ਦੀ ਕਿਸੇ ਵਲੋਂ ਵੀ ਸਾਰ ਨਹੀਂ ਲਈ ਗਿਆ,ਉਨਾਂ ਕਿਹਾ ਕਿ ਚੋਣਾਂ ਵਿੱਚ ਚੰਗਰ ਇਲਾਕੇ ਦੇ ਲੋਕਾਂ ਦੀ ਇੱਕ ਅਹਿਮ ਭੂਮਿਕਾ ਹੁੰਦੀ ਹੈ ਪ੍ਰੰਤੂ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਇਨਾਂ ਦਾ ਪੱਖ ਨਹੀਂ ਸੁਣਿਆ ਗਿਆ,ਉਨਾਂ ਕਿਹਾ ਕਿ ਜਿਵੇਂ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸਭ ਤੋਂ ਪਹਿਲਾਂ ਸਾਡੇ ਵੱਲੋਂ ਚੰਗਰ ਪਾਣੀ ਦੀ ਮੁੱਖ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਵਿਸੇਸ਼ ਕਦਮ ਚੁੱਕੇ ਗਏ ਤੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਕਿ ਚੰਗਰ ਇਲਾਕੇ ਦਾ ਨਾਮ ਵਿਧਾਨ ਸਭਾ ਅੰਦਰ ਗੂੰਜਿਆ ਅਤੇ ਪਾਣੀ ਦੀ ਸਮੱਸਿਆ ਦਾ ਹੱਲ ਕਰਨ ਲਈ ਪੰਜਾਬ ਸਰਕਾਰ ਵੱਲੋਂ ਬਜਟ ਵਿਚ 80 ਕਰੋੜ ਰੁਪਏ ਪਾਸ ਕੀਤੇ ਗਏ ਜਿਸ ਕਾਰਨ ਚੰਗਰ ਇਲਾਕੇ ਦੇ ਲੋਕਾਂ ਵਿੱਚ ਕਾਫੀ ਖੁਸ਼ੀ ਦੇਖਣ ਨੂੰ ਮਿਲੀ, ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚੰਗਰ ਇਲਾਕੇ ਦੇ ਪਿੰਡ ਲਖੇੜ ਵਿੱਚ 40 ਲੱਖ ਰੁਪਏ ਦੀ ਲਾਗਤ ਨਾਲ ਪ੍ਰਾਇਮਰੀ ਸਕੂਲ ਜਿਸ ਨੇ ਖੰਡਰ ਦਾ ਰੂਪ ਧਾਰਨ ਕਰ ਲਿਆ ਸੀ ਨੂੰ ਢਾਹ ਕੇ ਨਵਾਂ ਬਣਾਇਆ ਜਾ ਰਿਹਾ ਹੈ ਜੋ ਆਪਣੇ ਆਪ ਵਿੱਚ ਇੱਕ ਨਮੂਨੇ ਦਾ ਸਕੂਲ ਹੋਵੇਗਾ, ਉਨਾਂ ਕਿਹਾ ਕਿ ਚੰਗਰ ਵਿੱਚ ਨੋਜਵਾਨਾਂ ਨੂੰ ਖੇਡਾਂ ਵੱਲ ਵਾਪਸ ਮੋੜਨ ਲਈ ਗ੍ਰਾਊਂਡ ਬਣਾਏ ਜਾ ਰਹੇ ਹਨ ਤੇ ਅਗਲੇ 2 ਸਾਲਾਂ ਚ' ਹਲਕੇ ਵਿੱਚ ਲਗਭਗ 50 ਗ੍ਰਾਊਂਡ ਬਣਾਉਣ ਦਾ ਟੀਚਾ ਰੱਖਿਆ ਗਿਆ ਹੈ,ਉਨਾਂ ਕਿਹਾ ਕਿ ਸਾਬਕਾ ਸਪੀਕਰ ਅਤੇ ਵਿਧਾਇਕ ਵੱਲੋਂ ਆਪਣੇ ਕਾਰਜਕਾਲ ਦੋਰਾਨ ਸਿਰਫ ਗੁੰਡਾਰਾਜ ਨੂੰ ਹੀ ਪ੍ਰਮੁੱਖਤਾ ਦਿੱਤੀ ਤੇ ਹਲਕੇ ਵਿੱਚ ਅਜਿਹਾ ਕੋਈ ਕੰਮ ਨਹੀਂ ਕੀਤਾ ਜਿਸ ਨਾਲ ਲੋਕਾਂ ਨੂੰ ਕੋਈ ਵਿਸ਼ੇਸ਼ ਸੁਵਿਧਾ ਮਿਲੇ,ਉਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੁੱਖ ਮੰਤਰੀ 4-4 ਸਾਲ ਆਪਣੇ ਮਹਿਲਾਂ ਵਿੱਚੋਂ ਹੀ ਬਾਹਰ ਨਹੀਂ ਨਿਕਲੇ, ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੇ ਕੰਮਾਂ ਲਈ ਰਾਜਨੀਤੀ ਕਰਦੀ ਆਈ ਹੈ ਤੇ ਹਮੇਸ਼ਾ ਕਰਦੀ ਰਹੇਗੀ, ਉਨਾਂ ਕਿਹਾ ਕਿ ਲਖੇੜ ਸਕੂਲ ਤੋਂ ਇਲਾਵਾ ਚੰਗਰ ਦੇ ਹੋਰ ਕਈ ਸਕੂਲ ਹਨ ਜਿਨਾਂ ਲਈ ਕਰੋੜਾਂ ਰੁਪਏ ਦੀ ਗ੍ਰਾਂਟ ਜਾਰੀ ਕਰ ਦਿੱਤੀ ਗਈ ਹੈ ਤੇ ਜਲਦੀ ਸਾਰੇ ਸਕੂਲਾਂ ਦੀ ਨੁਹਾਰ ਬਦਲ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਬੈਂਸ ਨੇ ਕਿਹਾ 400 ਪਾਰ ਦਾ ਨਾਅਰਾ ਲਾਉਣ ਵਾਲੀ ਭਾਜਪਾ ਨੂੰ ਸ਼੍ਰੀ ਅਨੰਦਪੁਰ ਸਾਹਿਬ ਤੋਂ ਹਲੇ ਤੱਕ ਕੋਈ ਉਮੀਦਵਾਰ ਵੀ ਨਹੀਂ ਮਿਲਿਆ ਹੈ,ਚਰਚਾ ਤਾਂ ਇੱਥੋਂ ਤੱਕ ਹੈ ਕਿ ਭਾਜਪਾ ਹੋਰ ਪਾਰਟੀਆਂ ਦੇ ਟਿੱਕਟ ਨਾ ਮਿਲਣ ਕਾਰਨ ਰੁੱਸੇ ਸਿਆਸੀ ਆਗੂਆਂ ਨੂੰ ਆਪਣੇ ਦਲ ਵਿੱਚ ਸ਼ਾਮਿਲ ਕਰਕੇ ਚੋਣ ਲੜਾਉਣ ਲਈ ਜੋਰ ਲਗਾ ਰਹੀ ਹੈ।

ਇਸ ਮੌਕੇ ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਚੋਣ ਪ੍ਰਚਾਰ ਦੋਰਾਨ ਵੱਖ ਵੱਖ ਹਲਕਿਆਂ ਵਿੱਚ ਲੋਕਾਂ ਦਾ ਅਥਾਹ ਪਿਆਰ ਮਿਲ ਰਿਹਾ ਹੈ ਤੇ ਉਹ ਇਸ ਦੇ ਦੇਣਾ ਕਦੇ ਵੀ ਨਹੀਂ ਦੇ ਸਕਦੇ, ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚੰਗਰ ਇਲਾਕੇ ਨੂੰ ਪ੍ਰਫੁੱਲਿਤ ਕਰਨ ਲਈ ਅਣਥੱਕ ਯਤਨ ਕੀਤੇ ਜਾ ਰਹੇ ਹਨ, ਉਨਾਂ ਕਿਹਾ ਕਿ ਅਜ਼ਾਦੀ ਦੇ 70 ਸਾਲ ਬੀਤ ਜਾਣ ਤੋਂ ਬਾਅਦ ਵੀ ਇਸ ਇਲਾਕੇ ਵਿੱਚ ਕਿਸੇ ਵੀ ਸਰਕਾਰ ਵੱਲੋਂ ਪਾਣੀ ਦੀ ਸਮੱਸਿਆ ਦਾ ਕੋਈ ਸਟੀਕ ਹੱਲ ਨਹੀਂ ਕੱਢਿਆ ਗਿਆ ਪ੍ਰੰਤੂ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 80 ਕਰੋੜ ਰੁਪਏ ਦੀ ਲਾਗਤ ਨਾਲ ਲਿਫਟ ਇਰੀਗੇਸ਼ਨ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਦੇ ਪੂਰੇ ਹੋਣ ਤੋਂ ਬਾਅਦ ਚੰਗਰ ਵਿੱਚ ਪਾਣੀ ਦੀ ਸਮੱਸਿਆ ਦਾ ਪੱਕਾ ਹੱਲ ਹੋ ਜਾਵੇਗਾ, ਉਨਾਂ ਚੰਗਰ ਦੀਆਂ ਸੜਕਾਂ ਦੇ ਬਾਰੇ ਬੋਲਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੇਂਡੂ ਵਿਕਾਸ ਦੇ ਫੰਡਾਂ ਨੂੰ ਜ਼ਬਰਦਸਤੀ ਰੋਕਿਆ ਗਿਆ ਹੈ ਤਾਂ ਜੋ ਪੰਜਾਬ ਦੀ ਸਰਕਾਰ ਵੱਲੋਂ ਉਸ ਫੰਡ ਨੂੰ ਲੋਕਾਂ ਦੀ ਸਹੂਲਤ ਲਈ ਨਾ ਵਰਤਿਆ ਜਾਵੇ।

# ਫਾਜ਼ਿਲਕਾ 'ਚ ਦੁਕਾਨਦਾਰ 'ਤੇ ਲੁੱਟ, ਤੇਜ਼ਧਾਰ ਹਥਿਆਰਾਂ ਨਾਲ ਹਮਲਾ, ਨਕਦੀ-ਬਾਈਕ ਖੋਹ ਕੇ ਫਰਾਰ

**ਫਾਜ਼ਿਲਕਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ 'ਚ ਇਕ ਦੁਕਾਨਦਾਰ ਤੋਂ ਲੁੱਟ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਤੋਂ ਬਾਅਦ ਪੀੜਤ ਦੁਕਾਨਦਾਰ ਨੇ ਪੁਲਿਸ ਨੂੰ ਸ਼ਿਕਾਇਤ ਦੇ ਕੇ ਇਨਸਾਫ ਦੀ ਮੰਗ ਕੀਤੀ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਜਲਦ ਹੀ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

ਇਸ ਸਬੰਧੀ ਪੀੜਤ ਅਸ਼ੋਕ ਕੁਮਾਰ ਵਾਸੀ ਕੁਹਾੜਿਆਂਵਾਲੀ ਨੇ ਦੱਸਿਆ ਕਿ ਉਸ ਨੇ ਪੰਨੀਵਾਲਾ ਫੱਤਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਆਪਣਾ ਅਸ਼ੋਕਾ ਬਰਤਨ ਸਟੋਰ ਬਣਾਇਆ ਹੋਇਆ ਹੈ। ਹਰ ਰੋਜ਼ ਦੀ ਤਰ੍ਹਾਂ ਮਿਤੀ 01-05-2024 ਨੂੰ ਰਾਤ 8:15 ਵਜੇ ਦੇ ਕਰੀਬ ਉਹ ਫਾਜ਼ਿਲਕਾ ਮਲੋਟ ਰੋਡ 'ਤੇ ਪੰਨੀਵਾਲਾ ਤੋਂ ਪਿੰਡ ਕੁਹਾੜਿਆਂਵਾਲੀ ਸਥਿਤ ਆਪਣੇ ਘਰ ਵਾਪਸ ਆ ਰਿਹਾ ਸੀ। ਜਦੋਂ ਉਹ ਪੁਲ ਨਹਿਰ ਢਿੱਪਾਂਵਾਲੀ ਨੇੜੇ ਪਹੁੰਚਿਆ ਤਾਂ ਪੰਨੀਵਾਲਾ ਵਾਲੇ ਪਾਸਿਓਂ ਪੰਜ ਨੌਜਵਾਨ ਉਸੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਅਤੇ ਉਨ੍ਹਾਂ ਆਪਣਾ ਮੋਟਰਸਾਈਕਲ ਲਿਆ ਕੇ ਉਸ ਦੇ ਮੋਟਰਸਾਈਕਲ ਅੱਗੇ ਖੜ੍ਹਾ ਕਰ ਦਿੱਤਾ।

**ਹਥਿਆਰਾਂ ਨਾਲ ਹਮਲਾ ਕਰਕੇ ਸਾਮਾਨ ਅਤੇ ਨਕਦੀ ਲੁੱਟੀ**

ਇਸ ਦੌਰਾਨ ਇਕ ਨੌਜਵਾਨ ਨੇ ਉਸ ਦੇ ਹੱਥ ਵਿਚ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ ਜੋ ਉਸ ਦੇ ਹੈਲਮੇਟ ਵਿਚ ਵੱਜਿਆ। ਇਸ ਤੋਂ ਬਾਅਦ ਦੂਜੇ ਨੌਜਵਾਨਾਂ ਨੇ ਉਸ ਦੇ ਸੱਜੇ ਹੱਥ 'ਤੇ ਹੱਥ 'ਚ ਰੱਖੀ ਸੋਟੀ ਨਾਲ ਹਮਲਾ ਕਰ ਦਿੱਤਾ ਜੋ ਉਸ ਦੀ ਕੂਹਣੀ ਦੇ ਉੱਪਰ ਵੱਜਿਆ। ਉਨ੍ਹਾਂ ਨੇ ਉਸ ਨੂੰ ਜ਼ਬਰਦਸਤੀ ਮੋਟਰਸਾਈਕਲ ਤੋਂ ਹੇਠਾਂ ਉਤਾਰ ਕੇ ਉਸ ਨੂੰ ਘੇਰ ਕੇ ਉਸ ਦੀ ਜੇਬ ਵਿਚ ਰੱਖੇ ਕਰੀਬ 13-14 ਹਜ਼ਾਰ ਰੁਪਏ, ਇਕ ਫੋਨ ਐਮ.ਆਈ. ਟੱਚ ਸਕਰੀਨ ਅਤੇ ਮੋਟਰਸਾਈਕਲ ਪਲੈਟੀਨਾ ਮਾਡਲ 2017 ਨੰਬਰ ਪੀ.ਬੀ.-22-8163 ਲੁੱਟ ਲਿਆ।

ਪੀੜਤ ਸ਼ਿਕਾਇਤਕਰਤਾ ਨੇ ਦੱਸਿਆ ਕਿ ਇਨ੍ਹਾਂ ਨੌਜਵਾਨਾਂ ਵਿੱਚੋਂ ਇੱਕ ਆਪਣੇ ਆਪ ਨੂੰ ਬਲੈਕੀਆ ਦੱਸ ਰਿਹਾ ਸੀ। ਜਿਸ ਨੂੰ ਉਹ ਸਾਹਮਣੇ ਆਉਣ 'ਤੇ ਪਛਾਣ ਸਕਦਾ ਹੈ। ਪੀੜਤ ਨੇ ਪੁਲੀਸ ਤੋਂ ਮੰਗ ਕੀਤੀ ਹੈ ਕਿ ਉਸ ਨੂੰ ਲੁੱਟਣ ਵਾਲੇ ਮੁਲਜ਼ਮਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਉਸ ਦਾ ਗੁਆਚਿਆ ਸਮਾਨ ਬਰਾਮਦ ਕੀਤਾ ਜਾਵੇ।

ਇਸ ਸਬੰਧੀ ਜਦੋਂ ਥਾਣਾ ਅਰਨੀਵਾਲਾ ਦੇ ਐਸਐਚਓ ਤਰਸੇਮ ਸ਼ਰਮਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਸ਼ਿਕਾਇਤ ਆਈ ਹੈ। ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੁਲਿਸ ਵੱਲੋਂ ਅਰੋਪੀਆਂ ਦੀ ਪਛਾਣ ਕਰ ਲਈ ਗਈ ਹੈ ਅਤੇ ਸ਼ਾਮ ਤੱਕ ਉਨ੍ਹਾਂ ਨੂੰ ਕਾਬੂ ਕਰ ਲਿਆ ਜਾਵੇਗਾ।

# ਪੇਂਡੂ ਇਲਾਕਿਆਂ ਵਿੱਚ ਸਿਹਤ ਵਿਭਾਗ ਵਲੋ ਮਲੇਰੀਆ ਅਤੇ ਡੇਂਗੂ ਵਿਰੋਧੀ ਕੀਤੀ ਗਇਆ ਐਕਟੀਵਿਟੀ



**ਫਾਜ਼ਿਲਕਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫਾਜਿਲਕਾ ਜੀ ਦੇ ਹੁਕਮਾਂ ਅਨੁਸਾਰ ਅਤੇ ਡਾ ਸੁਨੀਤਾ ਕੰਬੋਜ਼ ਜਿਲ੍ਹਾ ਐਪੀਡਮੈਲੋਜਿਸਟ ਦੀ ਦੇਖਰੇਖ ਵਿੱਚ ਜਿਲ੍ਹਾ ਫਾਜਿਲਕਾ ਦੇ ਪੇਂਡੂ ਇਲਾਕਿਆਂ ਵਿੱਚ ਮਲੇਰੀਆ ਅਤੇ ਡੇਂਗੂ ਵਿਰੋਧੀ ਗਤੀਵਿਧੀਆਂ ਚੱਲ ਰਹੀਆਂ ਹਨ ਜਿਸ ਵਿਚ ਟੀਮ ਪਿੰਡਾਂ ਵਿਚ ਲੋਕਾ ਨੂੰ ਬਿਮਾਰੀ ਬਾਰੇ ਜਾਗਰੂਕ ਕਰ ਰਹੀ ਹੈ ਅਤੇ ਬਿਮਾਰੀ ਦੇ ਲਾਰਵੇ ਚੈਕ ਕੀਤੇ ਜਾ ਰਹੇ ਹੈ। ਮੌਸਮ ਵਿਚ ਆ ਰਹੇ ਬਦਲਾਵ ਅਤੇ ਬਰਸਾਤਾਂ ਦੇ ਮੌਸਮ ਅਤੇ ਮੱਛਰਾਂ ਦੀ ਪੈਦਾਇਸ਼ ਦੇ ਮੱਦੇਨਜ਼ਰ ਸਿਹਤ ਵਿਭਾਗ ਫਾਜਿਲਕਾ ਵਲੋਂ ਮਲੇਰੀਆ ਅਤੇ ਡੇਂਗੂ ਵਿਰੋਧੀ ਗਤੀਵਿਧੀਆਂ ਹੋਰ ਤੇਜ਼ ਕਰ ਦਿੱਤੀਆਂ ਗਈਆਂ ਹਨ। ਜਿਲਾ ਪਰਿਵਾਰ ਭਲਾਈ ਅਫ਼ਸਰ ਡਾ ਕਵਿਤਾ ਸਿੰਘ ਨੇ ਲੋਕਾਂ ਨੂੰ ਮਲੇਰੀਆ ਅਤੇ ਡੇਂਗੂ ਤੋਂ ਬਚਣ ਲਈ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਗਈ ਹੈ।ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਡਾ ਕਵਿਤਾ ਸਿੰਘ ਨੇ ਕਿਹਾ ਕਿ ਮਲੇਰੀਆ ਅਤੇ ਡੇਂਗੂ ਤੋਂ ਬਚਣ ਲਈ ਘਰਾਂ ਦੇ ਅੰਦਰ ਅਤੇ ਆਲੇ ਦੁਆਲੇ ਫਾਲਤੂ ਪਾਣੀ ਜਮ੍ਹਾਂ ਨਾ ਹੋਣ ਦਿੱਤਾ ਜਾਵੇ ਤਾਂ ਜੋ ਡੇਂਗੂ ਅਤੇ ਮਲੇਰੀਆ ਫੈਲਾਉਣ ਵਾਲੇ ਮੱਛਰ ਪੈਦਾ ਨਾ ਹੋ ਸਕਣ।ਡਾ ਸੁਨੀਤਾ ਕੰਬੋਜ਼ ਜਿਲ੍ਹਾ ਐਪੀਡਮੈਲੋਜਿਸਟ ਨੇ ਦੱਸਿਆ ਕਿ ਅੱਜ ਜਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਫਾਜ਼ਿਲਕਾ ਦੇ ਨਵ ਹਸਤਾ, ਚੁਰੇਵਰਾਂ ਵਲੋ , ਰਾਮਪੁਰਾ, ਜੰਡਵਾਲਾ ਖਰਤਾ, ਪੇਂਚਾ ਵਾਲੀ ਕਮਲਵਲਾ ਵਿਖੇ ਟਾਇਰ ਦੀ ਦੁਕਾਨ, ਘਰਾ ਦੇ ਛਤ ਪਾਣੀ ਵਾਲੀ ਟੈਂਕੀ ਵਿੱਚ ਐਂਟੀ ਲਾਰਵਾ ਗਤੀਵਿਧੀਆਂ ਕੀਤੀਆਂ, ਲਾਰਵਾ ਲੱਭਿਆ ਅਤੇ ਨਸ਼ਟ ਕੀਤਾ ਗਿਆ।

ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਲਗਾਤਾਰ ਘਰ ਘਰ ਜਾ ਕੇ ਲੋਕਾਂ ਨੂੰ ਡੇਂਗੂ ਤੋਂ ਜਾਗਰੂਕ ਕਰਨ ਲਈ ਪੈਫਲਿਟ ਵੰਡੇ ਜਾ ਰਹੇ ਹਨ ਅਤੇ ਲੋਕਾਂ ਨੂੰ ਘਰਾਂ ਵਿਚ ਅਤੇ ਘਰਾਂ ਦੇ ਆਸ ਪਾਸ ਪਾਣੀ ਜਮ੍ਹਾਂ ਨਾ ਹੋਣ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਲੇਰੀਆ ਅਤੇ ਡੇਂਗੂ ਬੁਖਾਰ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਸ ਲਈ ਸਾਰਿਆਂ ਨੂੰ ਮੱਛਰ ਪੈਦਾ ਹੋਣ ਵਾਲੇ ਸੋਮਿਆਂ ਨੂੰ ਨਸ਼ਟ ਕਰਨਾ ਚਾਹੀਦਾ ਹੈ। ਘਰਾਂ ਵਿੱਚ ਵਾਧੂ ਬਰਤਨ ਜਿਵੇਂ ਟਾਇਰ, ਟੁੱਟੇ ਘੜੇ ਅਤੇ ਗਮਲੇ ਵਿੱਚ ਪਾਣੀ ਖੜਨ ਨਹੀਂ ਦੇਣਾ ਚਾਹੀਦਾ। ਰਾਤ ਨੂੰ ਸੌਣ ਵੇਲੇ ਮੱਛਰਦਾਨੀਆ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਵਰਤੋਂ ਕਰੋ, ਜਾਲੀਦਾਰ ਕਮਰਿਆਂ ਵਿਚ ਸੁੱਤਾ ਜਾਵੇ ਅਤੇ ਸਾਰੇ ਸਰੀਰ ਨੂੰ ਢੱਕਦੇ ਕੱਪੜੇ ਪਾਓ, ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ, ਘਰ ਵਿੱਚ ਪਾਣੀ ਵਾਲੀਆਂ ਟੈਂਕੀਆਂ ਨੂੰ ਢੱਕ ਕੇ ਰੱਖੋ। ਇਸ ਸਬੰਧ ਵਿਚ ਵਿਨੋਦ ਖੁਰਾਣਾ ਜਿਲ੍ਹਾ ਮਾਸ ਮੀਡੀਆ ਅਫਸਰ, ਬਲਾਕ ਐਜੁਕੇਟਰ ਹਰਮੀਤ ਸਿੰਘ ਦਿਵੇਸ਼ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਡੇਂਗੂ ਅਤੇ ਮਲੇਰੀਆ ਦੇ ਕੋਈ ਲੱਛਣ ਜਿਵੇਂ ਤੇਜ ਬੁਖਾਰ ਹੋਣਾ, ਸਿਰ ਦਰਦ, ਅੱਖਾਂ, ਜੋੜਾਂ ਅਤੇ ਸਰੀਰ ਵਿੱਚ ਦਰਦ, ਭੁੱਖ ਘੱਟ ਲੱਗਣਾ ਆਦਿ ਲੱਛਣ ਆਉਣ ਤਾਂ ਨੇੜੇ ਦੇ ਸਿਵਲ ਹਸਪਤਾਲ ਵਿਚ ਜਾ ਕੇ ਮਾਹਿਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ ਅਤੇ ਮਲੇਰੀਆ ਅਤੇ ਡੇਂਗੂ ਦਾ ਟੈਸਟ ਜ਼ਰੂਰ ਕਰਵਾਇਆ ਜਾਵੇ ਅਤੇ ਪਾਜੇਟਿਵ ਆਉਣ ਦੀ ਸੂਰਤ ਵਿੱਚ ਮਾਹਿਰ ਡਾਕਟਰ ਤੋਂ ਸੰਪੂਰਨ ਇਲਾਜ ਕਰਵਾਇਆ ਜਾਵੇ।

# ਸਿੱਧੂ ਪੰਜਾਬ 'ਚ ਕਰਨਗੇ ਚੋਣ ਪ੍ਰਚਾਰ



**ਪਟਿਆਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਲੋਕ ਸਭਾ ਹਲਕਾ ਪਟਿਆਲਾ ਤੋਂ ਪਾਰਟੀ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਦੇ ਚੋਣ ਪ੍ਰਚਾਰ ਵਿਚ ਹਿੱਸਾ ਲੈਣ ਲਈ ਪੰਜਾਬ ਆ ਰਹੇ ਹਨ। ਉਹ ਡਾ. ਗਾਂਧੀ ਤੋਂ ਇਲਾਵਾ ਪੰਜਾਬ ਦੇ ਹੋਰ ਕਈ ਕਾਂਗਰਸੀ ਉਮੀਦਵਾਰਾਂ ਦਾ ਪ੍ਰਚਾਰ ਵੀ ਕਰਨਗੇ। ਡਾ. ਧਰਮਵੀਰ ਗਾਂਧੀ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਮਾਲਵਿੰਦਰ ਸਿੰਘ ਮਾਲੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਡਾ. ਗਾਂਧੀ ਨੇ ਕਿਹਾ ਕਿ ਨਵਜੋਤ ਸਿੱਧੂ ਦੀ ਉਨ੍ਹਾਂ ਨਾਲ ਗੱਲ ਹੋ ਚੁੱਕੀ ਹੈ ਤੇ ਆਉਂਦੇ ਦਿਨਾਂ ਵਿੱਚ ਉਹ ਪੰਜਾਬ ਦੀਆਂ ਸਿਆਸੀ ਸਟੇਜਾਂ 'ਤੇ ਨਜ਼ਰ ਆਉਣਗੇ। ਸੂਤਰਾਂ ਅਨੁਸਾਰ ਨਵਜੋਤ ਸਿੱਧੂ ਅੰਮ੍ਰਿਤਸਰ, ਪਟਿਆਲਾ, ਸੰਗਰੂਰ ਅਤੇ ਜਲੰਧਰ ਦੀਆਂ ਸੀਟਾਂ 'ਤੇ ਵਿਸ਼ੇਸ਼ ਧਿਆਨ ਦੇਣਗੇ। ਨਾਜਰ ਸਿੰਘ ਮਾਨਸ਼ਾਹੀਆ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਹਰਵਿੰਦਰ ਲਾਡੀ, ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ, ਧਰਮਪਾਲ ਸਿੰਘ ਨਿਹਾਲ ਸਿੰਘ ਵਾਲਾ, ਸੁਰਜੀਤ ਸਿੰਘ ਧੀਮਾਨ, ਸ਼ੈਰੀ ਰਿਆੜ ਪਟਿਆਲਾ ਨੂੰ ਮੁਅੱਤਲ ਕੀਤਾ ਹੋਇਆ ਹੈ। ਉਨ੍ਹਾਂ ਦਾ ਸਾਰਾ ਧੜਾ ਨਵਜੋਤ ਸਿੱਧੂ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਬੀਤੇ ਕੁਝ ਦਿਨਾਂ ਤੋਂ ਨਵਜੋਤ ਸਿੰਘ ਸਿੱਧੂ ਸਿਆਸਤ ਤੋਂ ਦੂਰ ਹਨ। ਉਹ ਇਨ੍ਹਾਂ ਦਿਨਾਂ ਵਿੱਚ ਆਈਪੀਐੱਲ ਵਿੱਚ ਕੁਮੈਂਟਰੀ ਕਰ ਰਹੇ ਹਨ। ਉਨ੍ਹਾਂ ਦੇ ਆਉਣ ਨਾਲ ਕਾਂਗਰਸ ਵਿੱਚ ਨਵਾਂ ਉਤਸ਼ਾਹ ਆ ਸਕਦਾ ਹੈ।

# 'ਆਪ' ਉਮੀਦਵਾਰ ਡਾ. ਬਲਬੀਰ ਸਿੰਘ ਵੱਲੋਂ ਜਨ ਸਭਾਵਾਂ



**ਰਾਜਪੁਰਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਪਟਿਆਲਾ ਤੋਂ ਉਮੀਦਵਾਰ ਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵਿਧਾਇਕਾ ਨੀਨਾ ਮਿੱਤਲ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਅਤੇ ਵਾਰਡਾਂ ਵਿੱਚ ਜਨ ਸਭਾਵਾਂ ਕੀਤੀਆਂ ਗਈਆਂ।

ਡਾ. ਬਲਬੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਸਦਕਾ ਗੇਟਵੇਅ ਆਫ਼ ਪੰਜਾਬ ਦੇ ਨਾਮ ਨਾਲ ਜਾਣਿਆ ਜਾਂਦਾ ਰਾਜਪੁਰਾ ਇੰਡਸਟਰੀ ਹੱਬ ਵਜੋਂ ਵਿਕਸਿਤ ਹੋਵੇਗਾ। ਇਸ ਨਾਲ ਹਲਕਾ ਰਾਜਪੁਰਾ ਅਤੇ ਘਨੌਰ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ।

ਡਾ. ਬਲਬੀਰ ਸਿੰਘ ਨੇ ਸ਼ਹਿਰ ਦੇ ਵਾਰਡ ਨੰ 31, ਵਾਰਡ ਨੰ 1,13,14,15,16,18,31 ਤੋਂ ਇਲਾਵਾ ਪਿੰਡ ਚੰਦੂਮਾਜਰਾ, ਬਖਸੀਵਾਲਾ, ਨੈਣਾਂ, ਉੱਪਲਹੇੜੀ ਅਤੇ ਨਲਾਸ ਖ਼ੁਰਦ ਵਿਖੇ ਦੇਰ ਸਾਮ ਤੱਕ ਚੋਣ ਜਨ-ਸਭਾਵਾਂ ਨੂੰ ਸੰਬੋਧਨ ਕੀਤਾ।

# ਜਿਲ੍ਹਾ ਬਾਲ ਸੁਰੱਖਿਆ ਦਫਤਰ, ਫਾਜ਼ਿਲਕਾ ਵੱਲੋ ਰੋਕੇ ਗਏ ਬਾਲ ਵਿਆਹ

**ਫਾਜ਼ਿਲਕਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ.ਸੇਨੂੰ ਦੁੱਗਲ, ਫਾਜ਼ਿਲਕਾ ਦੇ ਹੁਕਮਾਂ ਅਨੁਸਾਰ ਫਾਜਿਲਕਾ ਵਿਚ ਜਿਲ੍ਹਾ ਬਾਲ ਸੁਰੱਖਿਆ ਦਫਤਰ,ਫਾਜਿਲਕਾ ਅਤੇ ਸਮੂਹ ਬਾਲ ਵਿਕਾਸ ਪ੍ਰਜੈਕਟ ਅਫਸਰ, ਜਿਲ੍ਹਾ ਫਾਜਿਲਕਾ ਵੱਲ਼ੋ ਬਾਲ ਵਿਆਹ ਰੋਕੇ ਗਏ ।

ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰੀਤੂ ਬਾਲਾ ਵੱਲੋ ਦੱਸਿਆ ਗਿਆ ਕਿ ਜਨਵਰੀ,2024 ਤੋਂ ਮਾਰਚ,2024 ਤੱਕ ਬਾਲ ਵਿਕਾਸ ਸੁਰੱਖਿਆ ਵਿਭਾਗ ਦੀ ਹੈਲਪ ਲਾਇਨ ਨੰ.1098 ਤੋਂ ਹੁਣ ਤੱਕ 05 ਕੇਸ ਪ੍ਰਾਪਤ ਹੋਏ ਅਤੇ ਬਾਲ ਵਿਕਾਸ ਵਿਭਾਗ ਦੀ ਟੀਮ ਵੱਲੋ ਪਿੰਡ ਵਿਚ ਤੁਰੰਤ ਪਹੁੰਚ ਕਰਕੇ ਬਾਲ ਵਿਆਹ ਰੋਕ ਦਿੱਤੇ ਗਏ ਤੇ ਬੱਚਿਆ ਦੇ ਮਾਤਾ-ਪਿਤਾ ਦੀ ਕਾਊਂਸਲਿੰਗ ਕੀਤੀ ਗਈ।

ਉਨਾ ਨੂੰ ਦੱਸਿਆ ਗਿਆ ਕਿ ਲੜਕੀ ਦੇ ਵਿਆਹ ਕਰਨ ਦੀ ਉਮਰ 18 ਸਾਲ ਹੈ ਅਤੇ ਲੜਕੇ ਦੇ ਵਿਆਹ ਕਰਨ ਦੀ ਉਮਰ 21 ਸਾਲ ਹੁੰਦੀ ਹੈ। ਬੱਚਿਆ ਨੂੰ ਪੜਾ ਲਿਖਾ ਕੇ ਆਪਣੇ ਪੈਰਾ ਤੇ ਖੜਾ ਕਰਨਾ ਚਾਹੀਦਾ ਹੈ। ਪਰਿਵਾਰਿਕ ਮੈਬਰਾ ਨੂੰ ਤਾੜਨਾ ਦਿੱਤੀ ਗਈ ਕਿ ਲੜਕਾ ਅਤੇ ਲੜਕੀ ਜਦੋ ਤੱਕ ਬਾਲਗ ਨਹੀ ਹੋ ਜਾਂਦੇ ਤਾਂ ਉਸ ਸਮੇ ਤੱਕ ਵਿਆਹ ਨਹੀ ਕੀਤਾ ਜਾ ਸਕਦਾ।

ਬਾਲ ਵਿਆਹ ਕਰਨ ਅਤੇ ਕਰਵਾਉਣ ਵਾਲੇ ਤੇ 02 ਸਾਲ ਦੀ ਸਜਾ ਤੇ 01 ਲੱਖ ਦਾ ਜੁਰਮਾਨਾ ਹੋਵੇਗਾ।

ਪਿੰਡ ਵਾਲਿਆ ਨੂੰ ਦੱਸਿਆ ਗਿਆ ਕਿ ਜੇਕਰ ਤੁਹਾਡੇ ਆਲੇ-ਦੁਆਲੇ ਬਾਲ ਵਿਆਹ ਹੁੰਦਾ ਹੈ ਤਾਂ ਉਸ ਦੀ ਸੂਚਨਾ ਹੈਲਪ ਲਾਇਨ ਨੰ. 1098 ਤੇ ਜਾਂ ਨੇੜੇ ਦੇ ਪੁਲਿਸ ਸਟੇਸ਼ਨ ਵਿਖੇ ਦਿੱਤੀ ਜਾਵੇ।

# ਰਾਜਾ ਗਿੱਲ ਵੱਲੋਂ ਸਮਰਾਲਾ ਬਲਾਕ ਦੇ ਵੱਖ-ਵੱਖ ਪਿੰਡਾਂ ਦਾ ਤੂਫਾਨੀ ਦੌਰਾ



**ਸਮਰਾਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਅਮਰ ਸਿੰਘ ਦੇ ਹੱਕ ਵਿੱਚ ਵੱਖ-ਵੱਖ ਪਿੰਡਾਂ ਦਾ ਤੂਫਾਨੀ ਦੌਰਾ ਕਰਦੇ ਹਲਕਾ ਸਮਰਾਲਾ ਤੋਂ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਡਾਕਟਰ ਅਮਰ ਸਿੰਘ ਨੂੰ ਵੋਟ ਪਾ ਕੇ ਜਿੱਤਾਉਣ ਲਈ ਅਪੀਲ ਕੀਤੀ ਸਮਰਾਲਾ ਬਲਾਕ ਦੇ ਪਿੰਡ ਦਿਆਲਪੁਰਾ ਬੋਂਦਲ ਸੰਗਤਪੁਰਾ ਘਰਖਣਾ ਜਲਨਪੁਰ ਕੋਟਲਾ ਭੜੀ ਗੋਸਲਾਂ ਤੇ ਸਰਵਰਪੁਰ ਵਿੱਚ ਹੋਏ ਭਰਮੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕੇਂਦਰ ਦੀ ਮੋਦੀ ਸਰਕਾਰ ਤੇ ਨਿਸ਼ਾਨਾ ਵਿਨਦਿਆ ਕਿਹਾ ਕਿ ਪੰਜਾਬ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕਰਦੀ ਕੇਂਦਰ ਸਰਕਾਰ ਦੀ ਪੰਜਾਬ ਦੇ ਕਿਸਾਨਾਂ ਨੂੰ ਹਮੇਸ਼ਾ ਧੱਕਾ ਕਰਦੀ ਆਈ ਹੈ ਉਹਨਾਂ ਕਿਹਾ ਕਿ ਜਦੋਂ ਕਾਂਗਰਸ ਦੀ ਸਰਕਾਰ ਆਵੇਗੀ ਤਾਂ ਕਿਸਾਨਾਂ ਮਜ਼ਦੂਰਾਂ ਨੌਜਵਾਨਾਂ ਤੇ ਔਰਤਾਂ ਲਈ ਕਾਂਗਰਸ ਦੀਆਂ 5 ਗਰੰਟੀਆਂ ਜਿਸ ਵਿੱਚ ਨੌਜਵਾਨ ਪਹਿਲੀ ਨੌਕਰੀ ਪੱਕੀ ਅਤੇ ਇਕ ਲੱਖ ਰੁਪਏ ਦਾ ਅਪਰੇਟੇਸ਼ਸ਼ਿਪ ਦਾ ਅਧਿਕਾਰ ਕਿਸਾਨ ਨਿਆ ਐਮਐਸਪੀ ਕਾਨੂੰਨ ਦੀ ਗਰੰਟੀ ਸਵਆਮੀਨਾਥਨ ਕਮਿਸ਼ਨ ਦੇ ਫਾਰਮੂਲੇ ਨਾਲ 3 ਗਰੰਟੀ ਨਾਰੀ ਨਿਆ ਇਕ ਲੱਖ ਰੁਪਆ ਹਰ ਸਾਲ ਗਰੀਬ ਪਰਿਵਾਰ ਦੀ ਔਰਤ ਨੂੰ ਮਿਲੇਗਾ 4 ਗਰੰਟੀ ਮਜ਼ਦੂਰ ਨੇ 400 ਰੁਪਏ ਪ੍ਰਤੀ ਦਿਨ ਘੱਟ ਮਜ਼ਦੂਰੀ ਮਨਰੇਗਾ ਵਿੱਚ 5 ਗਰੰਟੀ ਅਗਨੀ ਵੀਰ ਨੂੰ ਖਤਮ ਕਰਕੇ ਮੁੜ ਲਾਗੂ ਕੀਤੀ ਜਾਵੇਗੀ ਪੁਰਾਣੀ ਭਰਤੀ ਸਕੀਮ ਉਹਨਾਂ ਕਿਹਾ ਕਿ ਆਉਣ ਵਾਲੀ 1 ਜੂਨ ਨੂੰ ਡਾਕਟਰ ਅਮਰ ਸਿੰਘ ਨੂੰ ਜਿਤਾ ਕੇ ਫਿਰ ਤੋਂ ਪਾਰਲੀਮੈਂਟ ਭੇਜਣ ਤਾਂ ਉਹ ਪੰਜਾਬ ਦੇ ਮੁੱਦਿਆਂ ਦੀ ਗੱਲ ਕਰ ਸਕਣ ਅਤੇ ਪੰਜਾਬ ਦੇ ਵਿਕਾਸ ਲਈ ਹੋਰ ਹੰਬਰਾ ਮਾਰ ਸਕਣ ਇਹਨਾਂ ਪਿੰਡਾਂ ਵਿੱਚ ਭਾਵੇਂ ਰੁਪਿੰਦਰ ਸਿੰਘ ਰਾਜਾ ਗਿੱਲ ਵੱਲੋਂ ਤੂਫਾਨੀ ਦੌਰਾ ਦੌਰਾਨ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ ਪਰ ਲੋਕਾਂ ਦਾ ਵੱਡਾ ਇਕੱਠ ਜੁੜਿਆ ਹੋਇਆ ਦੇਖ ਸਮੁੱਚੀ ਲੀਡਰਸ਼ਿਪ ਖੁਸ਼ ਨਜ਼ਰ ਆਈ ਇਸ ਮੌਕੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੇ ਨਾਲ ਚੇਅਰਮੈਨ ਅਜਮੇਰ ਸਿੰਘ ਪੁਰਬਾ, ਜਸਪ੍ਰੀਤ ਕਲਾਲ ਮਾਜਰਾ, ਪ੍ਰਦੀਪ ਸਿੰਘ ਘਰਖਣਾ ਮੰਡਲ ਪ੍ਰਧਾਨ, ਕਾਂਗਰਸ ਸ਼ਹਿਰੀ ਪ੍ਰਧਾਨ ਸਨੀ ਦੂਆ, ਜ਼ਿਲਾ ਉਪ ਚੇਅਰਮੈਨ ਗੁਰਪ੍ਰੀਤ ਸਿੰਘ ਗੋਸਲਾਂ, ਸਾਬਕਾ ਸਰਪੰਚ ਸੁਖਦੇਵ ਸਿੰਘ ਜਲਣਪੁਰ ਜ਼ਿਲ੍ਹਾ ਕੋਆਰਡੀਨੇਟਰ, ਸਿਕੰਦਰ ਸਿੰਘ ਸਰਵਰਪੁਰ ਆਦਿ ਹਾਜ਼ਰ ਸਨ।

# ਪ੍ਰੈੱਸ ਦੀ ਆਜ਼ਾਦੀ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਮਿਲ ਕੇ ਕਰਨ ਦਾ ਸੱਦਾ


**ਜਲੰਧਰ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪੰਜਾਬ ਪ੍ਰੈੱਸ ਕਲੱਬ ਵਿਖੇ ਅੱਜ ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਵਸ 'ਤੇ ਇਕ ਸੰਖੇਪ ਤੇ ਭਾਵਪੂਰਤ ਸਮਾਗਮ ਹੋਇਆ ,ਜਿਸ ਵਿਚ ਪੱਤਰਕਾਰਾਂ ਨੇ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਪੰਜਾਬ ਪ੍ਰਾਂਤ ਵਿਚ ਪ੍ਰੈੱਸ ਦੀ ਆਜ਼ਾਦੀ ਲਈ ਵੱਧ ਰਹੀਆਂ ਚੁਣੌਤੀਆਂ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ। ਇਸ ਮੌਕੇ 'ਤੇ ਆਪਣੇ ਵਿਚਾਰ ਰੱਖਣ ਵਾਲੇ ਬਹੁਤੇ ਪੱਤਰਕਾਰਾਂ ਵਲੋਂ ਇਹ ਕਿਹਾ ਗਿਆ ਕਿ ਪੱਤਰਕਾਰ ਭਾਈਚਾਰੇ ਨੂੰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਆਪਸੀ ਸਹਿਯੋਗ ਨਾਲ ਕਰਨਾ ਚਾਹੀਦਾ ਹੈ ਅਤੇ ਪ੍ਰਤੀਬੱਧਤਾ ਨਾਲ ਆਪਣੇ ਲੋਕਾਂ ਦੇ ਸਰੋਕਾਰਾਂ ਨੂੰ ਮੀਡੀਆ ਦੇ ਵੱਖ-ਵੱਖ ਮਾਧਿਅਮਾਂ ਰਾਹੀਂ ਉਠਾਉਣਾ ਚਾਹੀਦਾ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੈੱਸ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਪ੍ਰੈੱਸ ਨੂੰ ਹਮੇਸ਼ਾ ਤੋਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਤੇ ਅੱਜ ਵੀ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਰੂਸ ਅਤੇ ਯੂਕਰੇਨ ਦੀ ਜੰਗ ਵਿਚ ਅਤੇ ਇਜ਼ਰਾਈਲ ਅਤੇ ਹਮਾਂਸ ਦੀ ਜੰਗ ਵਿਚ ਦਰਜਨਾਂ ਹੀ ਪੱਤਰਕਾਰਾਂ ਦੇ ਸ਼ਹੀਦ ਹੋ ਜਾਣ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਸਾਰੀਆਂ ਚੁਣੌਤੀਆਂ ਪੱਤਰਕਾਰੀ ਦੇ ਪੇਸ਼ੇ ਦੀਆਂ ਚੁਣੌਤੀਆਂ ਹਨ, ਜਿਨ੍ਹਾਂ ਦਾ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਹੀ ਸਾਹਮਣਾ ਕੀਤਾ ਜਾ ਸਕਦਾ ਹੈ। ਦੇਸ਼ ਦੀਆਂ ਅਜੋਕੀਆਂ ਸਥਿਤੀਆਂ ਵਿਚ ਜਮਹੂਰੀਅਤ ਨੂੰ ਬਚਾਉਣ ਲਈ ਪੱਤਰਕਾਰਾਂ ਨੂੰ ਜਾਗਰੂਕ ਹੋ ਕੇ ਆਪਣਾ ਰੋਲ ਨਿਭਾਉਣਾ ਚਾਹੀਦਾ ਹੈ।

ਪ੍ਰੈੱਸ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਨੇ ਕਿਹਾ ਕਿ ਦੇਸ਼ ਵਿਚ ਪੱਤਰਕਾਰੀ ਦੀ ਆਜ਼ਾਦੀ ਲਗਾਤਾਰ ਸੁੰਘੜਦੀ ਜਾ ਰਹੀ ਹੈ। ਇਸ ਨੂੰ ਹਰ ਹੀਲੇ ਬਚਾਉਣ ਲਈ ਸਾਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ। ਪੱਤਰਕਾਰਾਂ ਨੇ ਕਿਹਾ ਪ੍ਰੈੱਸ ਦੀ ਆਜ਼ਾਦੀ ਬਾਰੇ ਤੇ ਇਸ ਦੇ ਮਹੱਤਵ ਬਾਰੇ ਸਾਨੂੰ ਖ਼ੁਦ ਵੀ ਸੁਚੇਤ ਹੋਣਾ ਚਾਹੀਦਾ ਹੈ ਤੇ ਹਰ ਤਰ੍ਹਾਂ ਦੀਆਂ ਸਥਿਤੀਆਂ ਵਿਚ ਆਪਣਾ ਰੋਲ ਨਿਭਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ। ਲਾਲਚ ਜਾਂ ਸਵਾਰਥਾਂ ਅਧੀਨ ਨਾ ਕੋਈ ਖ਼ਬਰ ਦੇਣੀ ਚਾਹੀਦੀ ਹੈ ਤੇ ਨਾ ਹੀ ਰੋਕਣੀ ਚਾਹੀਦੀ ਹੈ। ਨੌਜਵਾਨ ਪੱਤਰਕਾਰ ਸੁਕਰਾਤ ਸਫ਼ਰੀ ਨੇ ਕਿਹਾ ਕਿ ਪ੍ਰੈੱਸ ਲਈ ਆਜ਼ਾਦੀ ਦੀ ਮੰਗ ਕਰਨ ਦੇ ਨਾਲ-ਨਾਲ ਸਾਨੂੰ ਖ਼ੁਦ ਵੀ ਆਪਣੇ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ ਅਤੇ ਪ੍ਰੈੱਸ ਦੀ ਆਜ਼ਾਦੀ ਦੀ ਵਰਤੋਂ ਆਪਣੇ ਲੋਕਾਂ ਦੇ ਹਿਤਾਂ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਕਰਨੀ ਚਾਹੀਦੀ ਹੈ। ਜਸਬੀਰ ਸਿੰਘ ਸੋਢੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਪੱਤਰਕਾਰਾਂ ਨੂੰ ਨੈਤਿਕ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਦਾ ਸੱਦਾ ਦਿੱਤਾ ਤਾਂ ਕਿ ਪੱਤਰਕਾਰਾਂ 'ਤੇ ਕੋਈ ਵੀ ਉਂਗਲ ਨਾ ਉਠਾ ਸਕੇ। ਸਮਾਗਮ ਦੇ ਅਖੀਰ ਵਿਚ ਕੁਲਪ੍ਰੀਤ ਸਿੰਘ ਏਕਮ ਨੇ ਸੰਬੋਧਨ ਕਰਦਿਆਂ ਸਮਾਗਮ ਵਿਚ ਸ਼ਿਰਕਤ ਕਰਨ ਲਈ ਆਏ ਸਾਰੇ ਪੱਤਰਕਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪੱਤਰਕਾਰ ਸੁਰਿੰਦਰ ਰਣਦੇਵ, ਮਲਕੀਤ ਸਿੰਘ, ਸਰਬਜੀਤ ਸਿੰਘ ਕਾਕਾ,ਧਰਮਿੰਦਰ ਸੌਂਧੀ, ਜਗਰੂਪ, ਰਾਘਵ ਜੈਨ, ਦਵਿੰਦਰ ਕੁਮਾਰ, ਵਿਜੇ ਅਟਵਾਲ, ਕਰਨ ਲੂਥਰਾ, ਨਿਤਿਨ ਕੌੜਾ, ਪੂਜਾ, ਤਰਨਪ੍ਰੀਤ ਲੱਕੀ, ਸ਼ੈਲੀ, ਪਵਨ, ਬੱਸੀ, ਯੋਗੇਸ਼ ਕਤਿਆਲ, ਗੇਵੀ, ਹਰੀਸ਼ ਅਤੇ ਹੋਰ ਵੀ ਮੀਡੀਆ ਜਗਤ ਨਾਲ ਜੁੜੀਆਂ ਹਸਤੀਆਂ ਹਾਜ਼ਰ ਸਨ।

# ਨੈਸ਼ਨਲ ਮਿਡਵਾਈਫਰੀ ਟ੍ਰੇਨਿੰਗ ਇੰਸਟੀਚਿਊਟ ਵਿੱਚ ਅੰਤ੍ਰਰਾਸ਼ਟਰੀ ਮਿਡਵਾਈਫਰੀ ਦਿਵਸ ਤਹਿਤ ਕਰਵਾਏ ਪੋਸਟਰ ਮੇਕਿੰਗ ਮੁਕਾਬਲੇ: ਸਿਵਲ ਸਰਜਨ





ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਪੋਸਟਰ ਮੇਕਿੰਗ ਮੁਕਾਬਲੇ ਕਰਵਾਉਣ ਸਮੇਂ ।

**ਪਟਿਆਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਮਿਡਵਾਈਫਰੀ ਟ੍ਰੇਨਿੰਗ ਇੰਸਟੀਚਿਊਟ ਪਟਿਆਲਾ ਵੱਲੋਂ ਪ੍ਰਿੰਸੀਪਲ ਰਾਜਵਿੰਦਰ ਕੌਰ ਅਤੇ ਕੰਸਲਟੈਂਟ ਮੈਡਮ ਛਵੀ ਦੀ ਦੇਖ ਰੇਖ ਵਿੱਚ ਅੰਤਰਰਾਸ਼ਟਰੀ ਮਿਡਵਾਈਫਰੀ ਦਿਵਸ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਵੱਲੋਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਗਈ। ਇਸ ਮੌਕੇ ਨਰਸਿੰਗ ਸਿਖਿਆਰਥਣਾਂ ਦੇ ਇਸ ਸਾਲ ਮਿਡਵਾਈਫ ਦੇ ਅੰਤਰਰਾਸ਼ਟਰੀ ਦਿਵਸ ਦਾ ਥੀਮ ਮਿਡਵਾਈਵਜ਼: ਏ ਵਾਈਟਲ ਕਲਾਈਮੇਟ ਸੋਲੂਸ਼ਨ (ਇੱਕ ਮਹੱਤਵਪੂਰਣ ਜਲਵਾਯੂ ਹੱਲ) ਤਹਿਤ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ।ਜਿਹਨਾਂ ਵਿੱਚੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲਿਆਂ ਦੀ ਚੋਣ ਕੀਤੀ ਗਈ , ਜਿਹਨਾਂ ਨੂੰ 7 ਮਈ ਨੂੰ ਮਨਾਏ ਜਾ ਰਹੇ ਅੰਤਰਰਾਸ਼ਟਰੀ ਮਿਡਵਾਈਫਰੀ ਦਿਵਸ ਮੌਕੇ ਸਨਮਾਨਿਤ ਕੀਤਾ ਜਾਵੇਗਾ।ਇਸ ਮੌਕੇ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਕਿਹਾ ਕਿ ਇਸ ਦਿਵਸ ਦੀ ਸ਼ੁਰੂਆਤ 1992 ਤੋਂ ਹੋਈ ਸੀ।ਇਸ ਸਾਲ ਅੰਤਰਰਾਸ਼ਟਰੀ ਮਿਡਵਾਈਫਰੀ ਦਿਵਸ ਦਾ ਥੀਮ ਜਲਵਾਯੂ ਪਰਿਵਰਤਨ ਦੇ ਵਿਸ਼ੇ ਤੇ ਰੱਖਿਆ ਗਿਆ ਹੈ ਕਿਉਂ ਕਿ ਇਸ ਦੇ ਸਭ ਤੋਂ ਵੱਧ ਪ੍ਰਭਾਵ ਹੇਠ ਆਉਣ ਵਾਲੇ ਬਹੁਤ ਸਾਰੇ ਦੇਸ਼ ਅਜਿਹੇ ਹਨ। ਜਿੱਥੇ ਮਾਵਾਂ ਦੀ ਮੌਤ ਦਰ , ਬਾਲ ਵਿਆਹ ਅਤੇ ਲਿੰਗ-ਅਧਾਰਤ ਹਿੰਸਾ ਦਾ ਸਭ ਤੋਂ ਵੱਧ ਖ਼ਤਰਾ ਹੈ। ਜਲਵਾਯੂ ਆਫ਼ਤਾਂ ਕਾਰਨ ਪਰਿਵਾਰ ਨਿਯੋਜਨ, ਸੁਰੱਖਿਅਤ ਜਨਮ ਅਤੇ ਹੋਰ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਵਿੱਚ ਵਿਘਨ ਪੈ ਸਕਦੀ ਹੈ। ਮਿਡਵਾਈਫ ਅਜਿਹੇ ਪ੍ਰਭਾਵਿਤ ਖੇਤਰਾਂ ਵਿੱਚ ਮਾਵਾਂ ਅਤੇ ਬੱਚਿਆਂ ਨੂੰ ਸਿਹਤ ਸੇਵਾਵਾਂ ਪਹੁੰਚਾ ਸਕਦੀਆਂ ਹਨ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਵਿਕਾਸ ਗੋਇਲ ਅਤੇ ਡਾ. ਅਸ਼ਰਫਜੀਤ ਸਿੰਘ, ਵਾਈਸ ਪ੍ਰਿੰਸੀਪਲ ਸੁਰਿੰਦਰਪਾਲ ਕੌਰ, ਡਿਪਟੀ ਮਾਸ ਮੀਡੀਆ ਅਫਸਰ ਭਾਗ ਸਿੰਘ, ਫੈਕਲਟੀ ਮੈਂਬਰ ਅਤੇ ਨਰਸਿੰਗ ਸਕੂਲ ਦੀਆਂ ਸਿਖਿਆਰਥਣਾਂ ਹਾਜ਼ਰ ਸਨ।

# ਨਵਕਿਰਨਜੀਤ ਕੌਰ ਨੂੰ ਸਰਕਾਰੀ ਸੇਵਾ ਮੁਕਤੀ ਸਮੇਂ ਸਕੂਲ ਸਟਾਫ ਨੇ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ



**ਸਮਰਾਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਹਾਈ ਸਮਾਰਟ ਸਕੂਲ ਕੋਟਲਾ ਸ਼ਮਸ਼ਪੁਰ ਦੇ ਕਾਰਜਕਾਰੀ ਮੁੱਖ ਅਧਿਆਪਕਾ ਨਵਕਿਰਨਜੀਤ ਕੌਰ ਨੂੰ ਸਕੂਲ ਸਿੱਖਿਆ ਵਿਭਾਗ ਪੰਜਾਬ ਵਿੱਚ, 27 ਸਾਲ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤੀ ਤੇ ਸਕੂਲ ਸਟਾਫ ਮੈਂਬਰਾਂ ਵੱਲੋਂ ਨਿੱਘੀ ਅਤੇ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਤੇ ਬੋਲਦਿਆਂ ਵੱਖ-ਵੱਖ ਬੁਲਾਰਿਆਂ ਨੇ ਨਵਕਿਰਨਜੀਤ ਕੌਰ ਵੱਲੋਂ ਸਰਕਾਰੀ ਹਾਈ ਸਮਾਰਟ ਸਕੂਲ ਕੋਟਲਾ ਸ਼ਮਸ਼ਪੁਰ ਵਿਖੇ 27 ਸਾਲਾਂ ਦੌਰਾਨ ਨਿਵਾਈਆਂ ਸ਼ਾਨਦਾਰ ਸੇਵਾਵਾਂ ਅਤੇ ਬੱਚਿਆਂ ਤੇ ਸਕੂਲ ਦੇ ਵਿਕਾਸ ਲਈ ਕੀਤੇ ਉਪਰਾਲਿਆਂ ਦੀ ਸਲਾਘਾ ਕਰਦਿਆਂ ਉਹਨਾਂ ਨੂੰ ਤੋਹਫੇ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਗੁਰਜੰਟ ਸਿੰਘ, ਪ੍ਰਿੰਸੀਪਲ ਰਜਿੰਦਰ ਸਿੰਘ, ਲੈਕਚਰਾਰ ਬਲਦੇਵ ਸਿੰਘ ਅਤੇ ਡਾ. ਹਰਜਿੰਦਰਪਾਲ ਸਿੰਘ ਵਲੋਂ ਮੈਡਮ ਨਵਕਿਰਨਜੀਤ ਵਲੋਂ ਸਕੂਲ ਦੇ ਸਰਬਪੱਖੀ ਵਿਕਾਸ ਲਈ ਕੀਤੇ ਗਏ ਉਪਰਾਲਿਆਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਸਟੇਜ ਸਕੱਤਰ ਭੂਮਿਕਾ ਅਤੇ ਮਾਣ ਪੱਤਰ ਅੰਗਰੇਜ਼ੀ ਅਧਿਆਪਕਾ ਰਾਜਵੀਰ ਕੌਰ ਦੁਆਰਾ ਪੜ੍ਹਿਆ ਗਿਆ। ਵਿਦਾਇਗੀ ਸਮਾਰੋਹ ਦੌਰਾਨ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਪਾਰਟੀ ਵਿੱਚ ਸ਼ਾਮਲ ਹੋਏ ਵੱਖ ਵੱਖ ਅਧਿਆਪਕਾਂ ਨੂੰ ਪੁਸਤਕਾਂ ਯਾਦ ਚਿੰਨ ਵਜੋਂ ਦਿੱਤੀਆਂ ਗਈਆਂ। ਸਮਾਗਮ ਵਿੱਚ ਸਾਮਲ ਹੋਏ ਮਹਿਮਾਨਾਂ ਦਾ ਮਹਿਮਾਨਾਂ ਦਾ ਧੰਨਵਾਦ ਸਕੂਲ ਦੇ ਖੇਤੀਬਾੜੀ ਮਾਸਟਰ ਰੁਪਿੰਦਰ ਪਾਲ ਸਿੰਘ ਗਿੱਲ ਨੇ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਰੇਨੂੰ ਸਰਮਾ, ਗੁਰਜਿੰਦਰ ਸਿੰਘ ਸੇਖੋਂ, ਮਨਜਿੰਦਰ ਕੌਰ, ਨਤਾਸ਼ਾ ਰਾਣੀ, ਸੁਨੀਲ ਕੁਮਾਰ, ਤੇਜਿੰਦਰ ਪਾਲ ਕੌਰ, ਸਤਿੰਦਰ ਕੌਰ ਅਤੇ ਹੋਰ ਅਧਿਆਪਕ ਹਾਜਰ ਸਨ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਭਾਜਪਾ ਵੱਲੋਂ ਕੀਤੀ ਸਿਕਾਇਤ ਮਗਰੋਂ ਡੀ. ਜੀ. ਪੀ. ਤੋਂ ਮੰਗੀ ਰਿਪੋਰਟ

ਚੰਡੀਗੜ੍ਹ 7 ਮਈ। ਪੰਜਾਬ ਭਾਜਪਾ ਦੇ ਵਫਦ ਵੱਲੋਂ ਸੂਬੇ 'ਚ ਪਾਰਟੀ ਦੇ ਉਮੀਦਵਾਰਾਂ ਨੂੰ ਪ੍ਰਚਾਰ ਕਰਨ ਤੋਂ ਰੋਕੇ ਜਾਣ ਅਤੇ ਅਮਨ-ਕਾਨੂੰਨ ਦੀ ਸਥਿਤੀ 'ਤੇ ਚਿੰਤਾ ਜਾਹਰ ਕੀਤੇ ਜਾਣ ਤੋਂ ਬਾਅਦ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ. ਜੀ. ਪੀ.) ਤੋਂ ਇਸ ਸਬੰਧੀ ਕਾਰਵਾਈ



ਰਿਪੋਰਟ ਮੰਗੀ ਹੈ। ਦੱਸਣਯੋਗ ਹੈ ਕਿ ਪੰਜਾਬ ਭਾਜਪਾ ਦੇ ਵਫਦ ਨੇ ਅੱਜ ਇੱਥੇ ਮੁੱਖ ਚੋਣ ਅਧਿਕਾਰੀ ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕਰਕੇ ਆਜਾਦ ਅਤੇ ਨਿਰਪੱਖ ਚੋਣ ਅਮਲ ਨੂੰ ਯਕੀਨੀ ਬਣਾਉਣ ਅਤੇ ਚੋਣ ਪ੍ਰਚਾਰ ਦੇ ਅਧਿਕਾਰ ਨੂੰ ਲੈ ਕੇ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਸੂਬੇ 'ਚ ਚੋਣਾਂ ਦੇ ਸਮੇਂ ਦੌਰਾਨ ਆਪਣੇ ਉਮੀਦਵਾਰਾਂ ਦੀ ਸੁਰੱਖਿਆ ਨੂੰ ਲੈ ਕੇ ਵੀ ਖਦਸਾ ਪ੍ਰਗਟਾਇਆ। ਭਾਜਪਾ ਦੇ ਵਫਦ ਵੱਲੋਂ ਆਪਣਾ ਤਫਸੀਲ ਸ਼ਿਕਾਇਤ ਪੱਤਰ ਸੌਂਪੇ ਜਾਣ ਤੋਂ ਬਾਅਦ ਮੁੱਖ ਚੋਣ ਅਧਿਕਾਰੀ ਨੇ ਇਸ ਸਬੰਧੀ ਪੰਜਾਬ ਦੇ ਡੀ. ਜੀ. ਪੀ. ਨੂੰ ਤੱਥ ਖੋਜ ਅਤੇ ਕਾਰਵਾਈ ਰਿਪੋਰਟ ਸੌਂਪਣ ਲਈ ਕਿਹਾ ਹੈ।

## ਮਨਪ੍ਰੀਤ ਬਾਦਲ ਦੀ ਘਰ ਵਾਪਸੀ ਕਿਸੇ ਵੀ ਪਲ !

ਲੁਧਿਆਣਾ 7 ਮਈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ ਚਾਚੇ ਦੇ ਪੁੱਤਰ ਤੇ ਸਾਬਕਾ ਖਜਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਜੋ ਅੱਜ ਕੱਲ ਭਾਜਪਾ 'ਚ ਹਨ, ਬਾਰੇ ਸਿਆਸੀ ਤੇ ਅਕਾਲੀ ਦਲ ਦੇ ਹਲਕਿਆਂ 'ਚ ਇਹ ਖਬਰ ਜੰਗਲ ਦੀ ਅੱਗ ਬਣੀ ਹੋਈ ਹੈ ਕਿ ਮਨਪ੍ਰੀਤ ਸਿੰਘ ਬਾਦਲ ਹੁਣ ਜਲਦੀ ਹੀ ਘਰ ਵਾਪਸੀ ਕਰ ਸਕਦੇ




ਹਨ। ਬਠਿੰਡਾ ਲੋਕ ਸਭਾ ਸੀਟ 'ਤੇ ਚੌਥੀ ਵਾਰ ਜਿੱਤਣ ਲਈ ਬੀਬਾ ਬਾਦਲ 4 ਉਮੀਦਵਾਰਾਂ ਨਾਲ ਮੁਕਾਬਲਾ ਕਰ ਰਹੀ ਹੈ, ਸਗੋਂ ਚੌਥੀ ਵਾਰ ਚੋਣ ਲੜਨਾ ਤੇ ਜਿੱਤਣਾ ਆਪਣੇ-ਆਪ 'ਚ ਵੱਡੀ ਗੱਲ ਹੋਵੇਗੀ ਪਰ ਇਸ ਵਾਰ ਬੀਬਾ ਬਾਦਲ ਫਿਰ ਆਸਵੰਦ ਦੱਸੀ ਜਾ ਰਹੀ ਹੈ। ਪੰਜਾਬ 'ਚ 'ਆਪ' ਦੀ ਸਰਕਾਰ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੋਂ ਇਲਾਵਾ ਕਾਂਗਰਸ, ਭਾਜਪਾ ਵਾਲੇ ਵੀ ਜਿੱਤ ਲਈ ਸਿਰ-ਧੜ ਦੀ ਬਾਜੀ ਲਗਾਉਂਦੇ ਹੋਏ ਦੱਸੇ ਜਾ ਰਹੇ ਹਨ। ਸ਼ਾਇਦ ਇਸੇ ਹਾਲਾਤ ਤਹਿਤ ਮਨਪ੍ਰੀਤ ਬਾਦਲ ਘਰ ਵਾਪਸੀ ਲਈ ਰਾਜੀ ਹੋ ਗਏ ਹੋਣ।

# ਨਵੀਂ ਖੁੱਲ੍ਹੀ ਦੁਕਾਨ 'ਚ ਚੋਰੀ ਦੇ ਮਾਮਲੇ 'ਚ ਇੰਸ਼ੋਰੈਂਸ ਕੰਪਨੀ ਨੂੰ ਹਰਜਾਨੇ ਸਣੇ 9.90 ਲੱਖ ਰੁਪਏ ਕਲੇਮ ਅਦਾ ਕਰਨ ਦੇ ਹੁਕਮ

**ਕ੍ਰਿਸ਼ਨ ਪਾਲ**

ਲੁਧਿਆਣਾ 7 ਮਈ। ਜ਼ਿਲਾ ਖਪਤਕਾਰ ਫੋਰਮ ਲੁਧਿਆਣਾ ਦੇ ਪ੍ਰਧਾਨ ਸੰਜੀਵ ਬੱਤਰਾ ਅਤੇ ਮੈਂਬਰ ਮੋਨਿਕਾ ਭਗਤ ਨੇ ਇਕ ਅਹਿਮ ਫੈਸਲਾ ਸੁਣਾਉਂਦੇ ਹੋਏ ਬੀਮਾ ਕੰਪਨੀ ਨਿਊ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਟਿਡ ਨੂੰ ਸ਼ਿਕਾਇਤਕਰਤਾ ਦੀ ਦੁਕਾਨ ਤੋਂ ਚੋਰੀ ਹੋਏ ਮਾਲ ਦੀ ਮੁਆਵਜਾ ਰਕਮ 9 ਲੱਖ 70 ਹਜਾਰ ਰੁਪਏ 8 ਫੀਸਦੀ ਵਿਆਜ ਸਣੇ ਅਦਾ ਕਰਨ ਦਾ ਹੁਕਮ ਦਿੱਤਾ ਹੈ। ਫੋਰਮ ਨੇ ਬੀਮਾ ਕੰਪਨੀ ਦੀਆਂ ਸੇਵਾਵਾਂ 'ਚ ਕਮੀ ਕਾਰਨ ਸ਼ਿਕਾਇਤਕਰਤਾ ਨੂੰ ਹੋਈ ਮਾਨਸਿਕ ਪ੍ਰੇਸ਼ਾਨੀ ਦਾ ਸਖਤ ਨੋਟਿਸ ਲੈਂਦੇ ਹੋਏ ਉਨ੍ਹਾਂ ਨੂੰ 20 ਹਜਾਰ ਰੁਪਏ ਹਰਜਾਨਾ ਵੀ ਅਦਾ ਕਰਨ ਦਾ ਹੁਕਮ ਦਿੱਤਾ। ਸ਼ਿਕਾਇਤਕਰਤਾ ਦੇ ਵਕੀਲ ਨਿਤਿਨ ਕਪਿਲਾ ਨੇ ਦੱਸਿਆ ਕਿ ਖਪਤਕਾਰ ਫੋਰਮ ਨੇ ਉਕਤ ਫੈਸਲਾ ਬਲੌਰ ਸਿੰਘ ਮਲਿਕ ਨਾਨਕ ਐਂਟਰਪ੍ਰਾਈਜ਼ਿਜ਼ ਰਾਏਕੋਟ ਲੁਧਿਆਣਾ ਵੱਲੋਂ ਦਾਇਰ ਕੀਤੀ ਸ਼ਿਕਾਇਤ ਦਾ ਨਿਪਟਾਰਾ ਕਰਦੇ ਹੋਏ ਸੁਣਾਇਆ। ਸ਼ਿਕਾਇਤਕਰਤਾ ਨੇ ਫੋਰਮ ਦੇ ਸਾਹਮਣੇ ਦਾਇਰ ਆਪਣੀ ਸ਼ਿਕਾਇਤ 'ਚ ਦੋਸ਼ ਲਾਇਆ ਕਿ ਉਨ੍ਹਾਂ ਨੇ 5 ਮਈ 2018 ਨੂੰ ਮੋਂਟੇ ਕਾਰਲੋ ਕੰਪਨੀ ਤੋਂ ਫਰੈਂਚਾਇਜੀ ਲੈ ਕੇ ਰਾਏਕੋਟ 'ਚ ਆਪਣੇ ਕੱਪੜਿਆਂ ਦਾ ਸ਼ੋਅਰੂਮ ਖੋਲ੍ਹਿਆ ਸੀ ਅਤੇ ਇਸ ਸਬੰਧ 'ਚ ਉਨ੍ਹਾਂ ਨੇ ਉਕਤ ਬੀਮਾ ਕੰਪਨੀ ਤੋਂ 8 ਮਈ 2018 ਨੂੰ ਹੀ ਦੁਕਾਨ 'ਚ ਰੱਖੇ ਸਟਾਕ ਲਈ 50 ਲੱਖ ਰੁਪਏ ਦੀ ਬੀਮਾ ਪਾਲਿਸੀ ਵੀ ਲਈ ਸੀ। ਉਨ੍ਹਾਂ ਮੁਤਾਬਿਕ ਜਦੋਂ ਉਨ੍ਹਾਂ ਨੇ ਦੁਕਾਨ ਸ਼ੁਰੂ ਕੀਤੀ, ਉਦੋਂ ਉਨ੍ਹਾਂ ਕੋਲ ਕਰੀਬ




33 ਲੱਖ ਰੁਪਏ ਦਾ ਸਟਾਕ ਸੀ, ਜਿਸ 'ਚੋਂ 1 ਲੱਖ ਰੁਪਏ ਦਾ ਮਾਲ ਉਹ ਵੱਖ-ਵੱਖ ਗਾਹਕਾਂ ਨੂੰ ਵੇਚ ਚੁੱਕੇ ਸਨ। ਉਨ੍ਹਾਂ ਮੁਤਾਬਿਕ ਦੁਕਾਨ ਖੋਲ੍ਹਣ ਦੇ ਇਕ ਮਹੀਨੇ ਬਾਅਦ ਹੀ 12 ਮਈ 2018 ਨੂੰ ਜਦੋਂ ਉਹ ਆਪਣੀ ਦੁਕਾਨ ਬੰਦ ਕਰ ਕੇ ਰਾਤ 9.15 ਵਜੇ ਘਰ ਚਲੇ ਗਏ ਤਾਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਨ੍ਹਾਂ ਦੀ ਦੁਕਾਨ ਦਾ ਸ਼ਟਰ ਅਤੇ ਉਨ੍ਹਾਂ ਦਾ ਤਾਲਾ ਟੁੱਟਾ ਹੋਇਆ ਹੈ। ਉਹ ਉਸੇ ਸਮੇਂ ਆਪਣੀ ਦੁਕਾਨ 'ਤੇ ਪਹੁੰਚੇ ਤਾਂ ਦੁਕਾਨ 'ਚ ਰੱਖੇ ਵਧੇਰੇ ਕੱਪੜੇ ਚੋਰੀ ਹੋ ਗਏ ਸਨ ਅਤੇ ਕੁਝ ਗੁੱਡਸ ਜੋ ਬਕਸਿਆਂ 'ਚ ਹੀ ਪਏ ਹੋਏ ਸਨ, ਉਨ੍ਹਾਂ ਨੂੰ ਵੀ ਚੋਰੀ ਕਰ ਲਿਆ ਗਿਆ ਸੀ। ਉਨ੍ਹਾਂ ਵਲੋਂ ਉਸੇ ਸਮੇਂ ਇਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ, ਜਿਨ੍ਹਾਂ ਨੇ 13 ਮਈ 2018 'ਚ ਵੱਖ-ਵੱਖ ਧਾਰਾਵਾਂ ਤਹਿਤ ਚੋਰੀ ਦਾ ਮੁਕੱਦਮਾ ਵੀ ਦਰਜ ਕਰ ਲਿਆ। ਉਨ੍ਹਾਂ ਵੱਲੋਂ ਇਸ ਦੀ ਸੂਚਨਾ ਬਕਾਇਦਾ ਬੀਮਾ ਕੰਪਨੀ ਨੂੰ ਵੀ ਦਿੱਤੀ ਗਈ, ਜਿਨ੍ਹਾਂ ਨੇ ਦੁਕਾਨ ਦਾ ਮੁਆਇਨਾ ਕੀਤਾ ਅਤੇ ਮੰਗਣ 'ਤੇ ਸਾਰੇ ਦਸਤਾਵੇਜ ਉਨ੍ਹਾਂ ਨੂੰ ਦੇ ਦਿੱਤੇ ਗਏ। ਚੋਰਾਂ ਦਾ ਪਤਾ ਨਾ ਲੱਗਣ 'ਤੇ 11 ਜੂਨ 2019 ਨੂੰ ਪੁਲਸ ਵੱਲੋਂ ਇੰਟ੍ਰੇਸਡ ਰਿਪੋਰਟ ਵੀ ਫਾਈਲ ਕਰ ਦਿੱਤੀ ਗਈ, ਜਿਸ ਨੂੰ ਬਕਾਇਦਾ ਕੋਰਟ ਵੱਲੋਂ ਵੀ ਮਨਜ਼ੂਰ ਕਰ ਲਿਆ ਗਿਆ ਪਰ ਬੀਮਾ ਕੰਪਨੀ ਵੱਲੋਂ ਉਨ੍ਹਾਂ ਨੂੰ 8 ਲੱਖ 16 ਹਜਾਰ 300 ਬਤੌਰ ਕਲੇਮ ਅਦਾ ਕਰ ਦਿੱਤੇ ਗਏ, ਜਦੋਂਕਿ ਉਨ੍ਹਾਂ ਵੱਲੋਂ ਚੋਰੀ ਕੀਤੀ ਕੁਲ ਰਕਮ ਦਾ ਕਲੇਮ 17 ਲੱਖ 86 ਹਜਾਰ 689 ਰੁਪਏ ਕੀਤਾ ਗਿਆ ਸੀ। ਬੀਮਾ ਕੰਪਨੀ ਨੇ ਆਪਣੇ ਹਿਸਾਬ ਨਾਲ ਹੀ ਨਾਜਾਇਜ ਤੌਰ 'ਤੇ ਉਨ੍ਹਾਂ ਨੂੰ ਕਲੇਮ ਅਦਾ ਕਰ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਖਪਤਕਾਰ ਫੋਰਮ ਦਾ ਸਹਾਰਾ ਲਿਆ ਗਿਆ। ਉਥੇ ਬੀਮਾ ਕੰਪਨੀ ਨੇ ਸ਼ਿਕਾਇਤਕਰਤਾ ਵੱਲੋਂ ਲਾਏ ਗਏ ਦੋਸ਼ਾਂ ਨੂੰ ਝੂਠਾ ਕਰਾਰ ਦਿੰਦੇ ਹੋਏ ਕਿਹਾ ਕਿ ਸ਼ਿਕਾਇਤਕਰਤਾ ਦੀ ਦੁਕਾਨ ਤੋਂ ਉਨ੍ਹਾਂ ਦੇ ਸਰਵੇਅਰ ਵੱਲੋਂ ਅਸੈੱਸ ਕੀਤਾ ਗਿਆ, ਜਿਸ ਦੀ ਵਜ੍ਹਾ ਨਾਲ ਉਨ੍ਹਾਂ ਨੇ ਸਰਵੇ ਰਿਪੋਰਟ ਦੇ ਹਿਸਾਬ ਨਾਲ ਕਲੇਮ ਅਦਾ ਕਰ ਦਿੱਤਾ। ਫੋਰਮ 'ਚ ਵਕੀਲ ਨਿਤਿਨ ਕਪਿਲਾ ਨੇ ਬਹਿਸ ਕਰਦੇ ਹੋਏ ਕਿਹਾ ਕਿ ਸ਼ਿਕਾਇਤਕਰਤਾ ਦੀ ਦੁਕਾਨ 'ਚ ਆਏ ਹੋਏ ਮਾਲ ਦੇ ਸਾਰੇ ਬਿੱਲ ਦੇ ਹਿਸਾਬ ਨਾਲ ਉਨ੍ਹਾਂ ਦੀ ਦੁਕਾਨ 'ਚ ਮਾਲ ਚੋਰੀ ਹੋਇਆ ਸੀ, ਜਿਸ ਦੀ ਪੂਰੀ ਡਿਟੇਲ ਕੰਪਨੀ ਨੂੰ ਦੇ ਦਿੱਤੀ ਗਈ ਸੀ ਪਰ ਕੰਪਨੀ ਨੇ ਬਿਨਾਂ ਇਨ੍ਹਾਂ ਦੀ ਜਾਂਚ ਅਤੇ ਬਿਨਾਂ ਕਿਸੇ ਆਧਾਰ 'ਤੇ ਆਪਣੀ ਮਰਜੀ ਮੁਤਾਬਿਕ ਕਲੇਮ ਅਦਾ ਕਰ ਦਿੱਤਾ, ਜੋ ਗਲਤ ਸੀ। ਫੋਰਮ ਨੇ ਦੋਵੇਂ ਪੱਖਾਂ ਦੀ ਬਹਿਸ ਸੁਣਨ ਤੋਂ ਬਾਅਦ ਆਪਣੇ ਦਿੱਤੇ ਫੈਸਲੇ 'ਚ ਠਹਿਰਾਇਆ ਕਿ ਸ਼ਿਕਾਇਤਕਰਤਾ ਵੱਲੋਂ ਆਪਣੇ ਦਾਅਵਿਆਂ ਨੂੰ ਲੈ ਕੇ ਫੋਰਮ 'ਚ ਸਫਲਤਾਪੂਰਵਕ ਸਾਰੇ ਦਸਤਾਵੇਜ ਪੇਸ਼ ਕੀਤੇ ਗਏ ਹਨ ਅਤੇ ਬੀਮਾ ਕੰਪਨੀ ਵੱਲੋਂ ਬਿਨਾਂ ਕਿਸੇ ਆਧਾਰ ਦੇ ਆਪਣੀ ਮਰਜੀ ਮੁਤਾਬਿਕ ਕਲੇਮ ਅਦਾ ਕਰਨਾ ਗਲਤ ਹੈ। ਇਸ ਦੇ ਮੱਦੇਨਜਰ ਉਨ੍ਹਾਂ ਨੇ ਬੀਮਾ ਕੰਪਨੀ ਨੂੰ ਸ਼ਿਕਾਇਤਕਰਤਾ ਦੇ ਬਕਾਇਆ ਰਹਿ ਗਏ ਕਲੇਮ ਦੀ ਰਕਮ 9 ਲੱਖ 70 ਹਜਾਰ ਰੁਪਏ 8 ਫੀਸਦੀ ਵਿਆਜ ਸਣੇ ਅਦਾ ਕਰਨ ਦੇ ਨਾਲ-ਨਾਲ ਕੰਪਨੀ ਦੀ ਸੇਵਾ 'ਚ ਘਾਟ ਕਾਰਨ ਸ਼ਿਕਾਇਤਕਰਤਾ ਨੂੰ ਹੋਈ ਪ੍ਰੇਸ਼ਾਨੀ 'ਤੇ ਕੰਪਨੀ ਨੂੰ 20,000 ਰੁਪਏ ਹਰਜਾਨਾ ਵੀ ਅਦਾ ਕਰਨ ਦਾ ਹੁਕਮ ਦਿੱਤਾ।

## ਗੁਰਦੁਆਰਾ ਪਤਾਲਪੁਰੀ 'ਚ ਅਸਥੀਆਂ ਪ੍ਰਵਾਹ ਕਰਨ ਜਾਂਦੇ ਪਰਿਵਾਰ ਨਾਲ ਵਾਪਰਿਆ ਹਾਦਸਾ

**ਏਜੰਸੀਆਂ**

ਘਨੌਲੀ 7 ਮਈ। ਲਗਭਗ ਕਈ ਦਿਨਾਂ ਪਹਿਲਾਂ ਕੈਨੇਡਾ ਵਿਚ ਜ਼ਿਲ੍ਹਾ ਪਟਿਆਲਾ ਦੇ ਅਧੀਨ ਆਉਂਦੇ ਪਿੰਡ ਸਾਗਰਾਂ ਦੇ ਨੌਜਵਾਨ ਗੁਰਪਿੰਦਰ ਸਿੰਘ ਦੀ ਟਰਾਲੇ ਹਾਦਸੇ ਦੌਰਾਨ ਮੌਤ ਹੋ ਗਈ ਸੀ। ਸਸਕਾਰ ਕਰਨ ਤੋਂ ਬਾਅਦ ਬੀਤੇ ਦਿਨ ਆਪਣੇ ਪਿੰਡ ਸਾਗਰਾ ਜ਼ਿਲ੍ਹਾ ਪਟਿਆਲੇ ਤੋਂ ਸੁਖਵਿੰਦਰ ਸਿੰਘ ਆਪਣੇ ਪੁੱਤਰ ਗੁਰਪਿੰਦਰ ਸਿੰਘ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਆਪਣੇ ਰਿਸਤੇਦਾਰਾਂ ਸਮੇਤ ਗੁਰਦੁਆਰਾ ਪਤਾਲਪੁਰੀ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਲਈ ਤਿੰਨ ਗੱਡੀਆਂ 'ਤੇ ਰਵਾਨਾ ਹੋਇਆ। ਜਦੋਂ ਉਹ ਰੂਪਨਗਰ ਪਾਰ ਕਰਨ ਉਪਰੰਤ ਘਨੌਲੀ ਨੇੜੇ ਅਲੀਪੁਰ ਦੇ ਜ਼ਿਮੀਂਦਾਰਾ ਪੈਟਰੋਲਿੰਗ ਪੰਪ ਨੇੜੇ ਪਹੁੰਚੇ ਤਾਂ ਅਚਾਨਕ ਉਨ੍ਹਾਂ ਦੀ ਸਵਿੱਫਟ ਕਾਰ ਦਾ ਸੰਤੁਲਨ ਵਿਗੜ ਗਿਆ ਅਤੇ ਸੜਕ ਕਿਨਾਰੇ ਖੜ੍ਹੇ ਟਰੱਕ ਨਾਲ ਟਕਰਾ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਅੱਗੇ ਤੋਂ ਪੂਰੀ ਤਰ੍ਹਾਂ ਨੁਕਸਾਨੀ ਗਈ ਅਤੇ ਅੱਗੇ ਬੈਠੀ ਔਰਤ ਜਸਵੀਰ ਕੌਰ ਦੀ ਗੰਭੀਰ ਹਾਲਤ 'ਚ ਫੱਟੜ ਹੋ ਗਈ। ਰਾਹਗੀਰਾਂ ਵੱਲੋਂ ਜਿੱਥੇ ਵੱਡੀ ਮੁਸੱਕਤ ਤੋਂ ਬਾਅਦ ਕਾਰ ਨੂੰ ਟਰੱਕ ਥੱਲੇ ਤੋਂ ਕੱਢਿਆ ਗਿਆ ਤਾਂ ਉੱਥੇ ਹੀ ਨੌਜਵਾਨ ਗੁਰੀ ਕਾਬੜਵਾਲ ਵੱਲੋਂ 112 ਨੰਬਰ 'ਤੇ ਕਾਲ ਕਰਕੇ ਐਂਬੂਲੈਂਸ ਨੂੰ ਘਟਨਾ ਵਾਲੇ ਸਥਾਨ 'ਤੇ ਮੰਗਵਾਇਆ ਗਿਆ ਅਤੇ ਫੱਟੜਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਰੂਪਨਗਰ ਲਈ ਭੇਜਿਆ ਗਿਆ । ਇਸ ਦੌਰਾਨ ਡਾਕਟਰਾਂ ਨੇ ਜਸਵੀਰ ਕੌਰ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ ਜਦਕਿ ਚਰਨਜੀਤ ਕੌਰ ਦੀ ਹਾਲਤ ਨਾਜੁਕ ਵੇਖਦਿਆਂ ਉਸ ਨੂੰ ਪੀ. ਜੀ. ਆਈ. ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਇਸ ਦੌਰਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਪੁੱਤਰ ਦੀਆ ਅਸਥੀਆਂ ਪ੍ਰਵਾਹ ਕਰਨ ਲਈ ਰਿਸਤੇਦਾਰਾਂ ਸਮੇਤ ਤਿੰਨ ਗੱਡੀਆਂ ਅਤੇ ਕੀਰਤਪੁਰ ਸਾਹਿਬ ਜਾ ਰਹੇ ਸਨ ਕਿ ਉਨ੍ਹਾਂ ਨੂੰ ਆਪਣੀ ਇਕ ਗੱਡੀ ਦੀ ਐਕਸੀਡੈਂਟ ਹੋਣ ਦੀ ਜਦੋਂ ਰਿਸਤੇਦਾਰ ਨੇ ਸੂਚਨਾ ਦਿੱਤੀ ਤਾਂ ਮੌਕੇ 'ਤੇ ਆ ਕੇ ਵੇਖਿਆ ਤਾਂ ਸਾਡੀ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਰਿਸਤੇਦਾਰਾਂ ਨੂੰ ਗੰਭੀਰ ਸੱਟਾਂ ਵੀ ਲੱਗੀਆਂ ਹਨ। ਉਸ ਨੇ ਕਿਹਾ ਕਿ ਇਸ ਦੌਰਾਨ ਮੇਰੇ ਸਾਲੇ ਦਾ ਲੜਕਾ ਸੁਖਜੀਤ ਸਿੰਘ ਜੋਕਿ ਕਾਰ ਡਰਾਈਵ ਕਰ ਰਿਹਾ ਸੀ, ਉਸ ਦੇ ਸਮੇਤ ਪੰਜ ਜਣੇ ਕਾਰ 'ਚ ਸਵਾਰ ਸਨ। ਉਧਰ ਘਨੌਲੀ ਪੁਲਸ ਵੱਲੋਂ ਘਟਨਾ ਦੀ ਤਫਤੀਸ ਜਾਰੀ ਹੈ।

## ਬਿੱਟੂ ਦਾ ਵੱਡਾ ਖੁਲਾਸਾ ! ਇੰਦਰਾ ਗਾਂਧੀ ਦੀ ਫੋਟੋ ਵਾਲੀ ਟੀ-ਸ਼ਰਟ ਨੂੰ ਲੈ ਕੇ ਰਾਹੁਲ ਗਾਂਧੀ ਨਾਲ ਸ਼ੁਰੂ ਹੋਈ ਸੀ ਨਾਰਾਜਗੀ

**ਏਜੰਸੀਆਂ**

ਲੁਧਿਆਣਾ 7 ਮਈ। ਕਾਂਗਰਸ ਛੱਡ ਭਾਜਪਾ 'ਚ ਸ਼ਾਮਲ ਹੋਣ ਦੀ ਵਜ੍ਹਾ ਨਾਲ ਆਲੋਚਨਾ ਦਾ ਸਾਹਮਣਾ ਕਰ ਰਹੇ ਲੁਧਿਆਣਾ





ਦੇ ਮੌਜੂਦਾ ਐੱਮ. ਪੀ. ਰਵਨੀਤ ਬਿੱਟੂ ਨੇ ਵੱਡਾ ਖੁਲਾਸਾ ਕੀਤਾ ਹੈ ਕਿ ਇੰਦਰਾ ਗਾਂਧੀ ਦੀ ਫੋਟੋ ਵਾਲੀ ਟੀ-ਸ਼ਰਟ ਨਾ ਪਾਉਣ 'ਤੇ ਕੁਝ ਸਾਲ ਪਹਿਲਾਂ ਹੀ ਉਨ੍ਹਾਂ ਦੀ ਰਾਹੁਲ ਗਾਂਧੀ ਨਾਲ ਨਾਰਾਜ਼ਗੀ ਸ਼ੁਰੂ ਹੋ ਗਈ ਸੀ। ਇਕ ਇੰਟਰਵਿਊ ਦੌਰਾਨ ਆਪਣੇ ਇਸ ਦਾਅਵੇ ਦੇ ਸਮਰਥਨ 'ਚ ਬਿੱਟੂ ਵਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੁਧਿਆਣਾ ਤੋਂ ਉਮੀਦਵਾਰ ਰਾਜਾ ਵੜਿੰਗ ਦੀ ਇੰਦਰਾ ਗਾਂਧੀ ਦੀ ਫੋਟੋ ਵਾਲੀ ਟੀ-ਸ਼ਰਟ ਪਾਏ ਹੋਏ ਤਸਵੀਰ ਵੀ ਦਿਖਾਈ ਗਈ ਹੈ, ਜਿਸ 'ਤੇ 'ਮਾਂ ਤੈਨੂੰ ਸਲਾਮ' ਲਿਖਿਆ ਹੋਇਆ ਹੈ। ਬਿੱਟੂ ਮੁਤਾਬਕ ਉਨ੍ਹਾਂ ਨੂੰ ਵੀ ਇਹ ਟੀ-ਸ਼ਰਟ ਪਾਉਣ ਲਈ ਮਜਬੂਰ ਕੀਤਾ ਗਿਆ ਸੀ ਪਰ ਉਨ੍ਹਾਂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਇੰਦਰਾ ਗਾਂਧੀ ਨੇ ਪੰਜਾਬ ਦੇ ਸਭ ਤੋਂ ਵੱਡੇ ਧਾਰਮਿਕ ਅਸਥਾਨ ਦਰਬਾਰ ਸਾਹਿਬ 'ਤੇ ਹਮਲਾ ਕਰਵਾਇਆ ਸੀ। ਬਿੱਟੂ ਦੇ ਇਸ ਬਿਆਨ ਨੂੰ ਲੋਕ ਸਭਾ ਚੋਣਾਂ ਦੌਰਾਨ ਕੱਟੜਪੰਥੀਆਂ 'ਚ ਆਪਣੇ ਪ੍ਰਤੀ ਨਾਰਾਜ਼ਗੀ ਘੱਟ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਸਕਦਾ ਹੈ ਪਰ ਜੇਕਰ ਬਿੱਟੂ ਦੀ ਮੰਨੀਏ ਤਾਂ ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਕਾਂਗਰਸ ਵਲੋਂ ਜਦੋਂ ਪੰਜਾਬ ਦੇ ਨੇਤਾਵਾਂ ਨੂੰ ਲੋਕਾਂ ਨੂੰ ਦਿੱਲੀ ਲੈ ਜਾ ਕੇ ਇੰਦਰਾ ਗਾਂਧੀ ਦਾ ਧੰਨਵਾਦ ਕਰਨ ਲਈ ਬੋਲਿਆ ਗਿਆ ਸੀ ਤਾਂ ਉਨ੍ਹਾਂ ਦੇ ਦਾਦਾ ਬੇਅੰਤ ਸਿੰਘ ਨੇ ਇਸ ਤੋਂ ਸਾਫ ਇਨਕਾਰ ਕਰ ਦਿੱਤਾ ਗਿਆ ਸੀ। ਬਿੱਟੂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਕਾਂਗਰਸ ਨੂੰ ਸਿਆਸੀ ਫਾਇਦਾ ਪਹੁੰਚਾਉਣ ਲਈ ਇਹ ਰਾਹੁਲ ਗਾਂਧੀ ਉਨ੍ਹਾਂ 'ਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਾਤਲਾਂ ਨੂੰ ਮੁਆਫੀ ਦੇਣ ਦਾ ਦਬਾਅ ਵੀ ਬਣਾ ਰਹੇ ਸਨ ਪਰ ਉਨ੍ਹਾਂ ਵਲੋਂ ਸਹਿਮਤੀ ਨਾ ਦੇਣ ਦੀ ਵਜ੍ਹਾ ਨਾਲ ਰਾਹੁਲ ਗਾਂਧੀ ਉਨ੍ਹਾਂ ਤੋਂ ਨਾਖੁਸ਼ ਚੱਲ ਰਹੇ ਸਨ। ਬਿੱਟੂ ਮੁਤਾਬਕ ਇਹੀ ਕਾਰਨ ਹੈ ਕਿ 'ਭਾਰਤ ਜੋੜੋ ਯਾਤਰਾ' ਤੋਂ ਕਾਫੀ ਦੇਰ ਪਹਿਲਾਂ ਤੇ ਬਾਅਦ 'ਚ ਉਨ੍ਹਾਂ ਦੀ ਰਾਹੁਲ ਗਾਂਧੀ ਨਾਲ ਮੁਲਾਕਾਤ ਹੀ ਨਹੀਂ ਹੋਈ, ਜਿਸ ਦੇ ਬਦਲੇ ਕੇਂਦਰ ਸਰਕਾਰ ਵਲੋਂ ਬੇਅੰਤ ਸਿੰਘ ਦੇ ਕਾਤਲਾਂ ਨੂੰ ਮੁਆਫੀ ਨਾ ਦੇਣ ਦਾ ਸਟੈਂਡ ਲਿਆ ਗਿਆ, ਜਿਸ ਨੂੰ ਉਹ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਣ ਦੀ ਵੱਡੀ ਵਜ੍ਹਾ ਦੱਸ ਰਹੇ ਹਨ। ਇਸ ਮਾਮਲੇ 'ਚ ਬਿੱਟੂ ਨੇ ਸਾਫ ਕੀਤਾ ਹੈ ਕਿ ਬੇਅੰਤ ਸਿੰਘ ਨੇ ਸਿਰਫ ਕਾਂਗਰਸ ਲਈ ਨਹੀਂ, ਸਗੋਂ ਪੂਰੇ ਦੇਸ਼ ਦੇ ਲਈ ਸ਼ਹਾਦਤ ਦਿੱਤੀ ਸੀ, ਜਿਸ ਕਾਰਨ ਉਹ ਭਾਜਪਾ ਦੇ ਪੋਸਟਰਾਂ 'ਤੇ ਵੀ ਬੇਅੰਤ ਸਿੰਘ ਦੀ ਫੋਟੋ ਨਾਲ ਲਗਾ ਰਹੇ ਹਨ।

# ਮਾਲੇਰਕੋਟਲਾ ਪੁਲਸ ਹੱਥ ਲੱਗੀ ਵੱਡੀ ਸਫਲਤਾ: 20 ਕਿਲੋ ਅਫੀਮ ਤੇ 84.20 ਲੱਖ ਦੀ ਜਾਅਲੀ ਕਰੰਸੀ ਸਣੇ 5 ਕਾਬੂ

**ਏਜੰਸੀਆਂ**

ਮਾਲੇਰਕੋਟਲਾ 7 ਮਈ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਮਾਲੇਰਕੋਟਲਾ ਪੁਲਸ ਨੇ ਵੱਡੀ ਕਾਮਯਾਬੀ ਹਾਸਲ ਕਰਦਿਆਂ 02 ਵਿਅਕਤੀਆਂ ਨੂੰ 20 ਕਿਲੋ ਅਫੀਮ ਅਤੇ ਤਿੰਨ ਵਿਅਕਤੀਆਂ ਨੂੰ 84,20,000 ਰੁਪਏ ਦੀ ਜਾਅਲੀ ਕਰੰਸੀ ਸਮੇਤ ਕਾਬੂ ਕੀਤਾ ਹੈ। ਐੱਸ.ਐੱਸ.ਪੀ ਡਾ.ਸਿਮਰਤ ਕੌਰ ਆਈ.ਪੀ.ਐੱਸ ਨੇ ਅੱਜ ਪ੍ਰੈਸ ਕਾਨਫਰੰਸ ਕਰਦੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਲੋਕ ਸਭਾ ਚੋਣਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਮਾੜੇ ਅਨਸਰਾਂ ਅਤੇ ਨਸ਼ਾ ਸਮੱਗਲਰਾਂ ਖ਼ਿਲਾਫ ਆਰੰਭੀ ਮੁਹਿੰਮ ਨੂੰ ਹੋਰ ਤੇਜ਼ ਕਰਦੇ ਹੋਏ ਇਲਾਕੇ 'ਚ ਚੌਕਸੀ ਵਧਾਈ ਗਈ। ਇਸ ਦੌਰਾਨ ਸ਼੍ਰੀ ਵੈਭਵ ਸਹਿਗਲ, ਪੀ.ਪੀ.ਐੱਸ, ਕਪਤਾਨ ਪੁਲਸ, ਇੰਵੈਸਟੀਗੇਸ਼ਨ, ਮਾਲੇਰਕੋਟਲਾ, ਸ਼੍ਰੀ ਗੁਰਦੇਵ ਸਿੰਘ, ਪੀ.ਪੀ.ਐੱਸ, ਉਪ ਕਪਤਾਨ ਪੁਲਸ, ਸਬ-ਡਵੀਜਨ ਮਾਲੇਰਕੋਟਲਾ ਅਤੇ ਸ਼੍ਰੀ ਦਲਵੀਰ ਸਿੰਘ, ਉਪ ਕਪਤਾਨ ਪੁਲਸ, ਕਾਂਊਟਰ ਇੰਟੈਲੀਜੈਂਸ ਪਟਿਆਲਾ ਦੀ ਨਿਗਰਾਨੀ ਹੇਠ ਮੁੱਖ ਅਫਸਰ ਥਾਣਾ ਸੰਦੌੜ ਅਤੇ ਕਾਂਊਟਰ ਇੰਨਟੈਲੀਜੈਂਸ ਦੀ ਟੀਮ ਨੂੰ ਉਸ ਵੇਲੇ ਵੱਡੀ ਸਫਲਤਾ ਪ੍ਰਾਪਤ ਹੋਈ, ਜਦੋਂ ਮੁਖਬਰ ਦੀ ਇਤਲਾਹ 'ਤੇ ਥਾਣਾ ਸੰਦੌੜ ਦੀ ਪੁਲਸ ਪਾਰਟੀ ਅਤੇ ਕਾਂਊਟਰ ਇੰਨਟੈਲੀਜੈਂਸ ਦੀ ਟੀਮ ਨੇ ਪਿੰਡ ਫਰਵਾਲੀ ਵਿਖੇ ਸਪੈਸ਼ਲ ਨਾਕਾਬੰਦੀ ਕੀਤੀ। ਇਸ ਮੌਕੇ ਉਹਨਾਂ ਨੇ ਟਰੱਕ ਨੰਬਰ ਪੀ.ਬੀ 13-ਏ.ਆਰ-9008 ਮਾਰਕਾ ਅਸ਼ੋਕਾ ਲੇਲੈਂਡ ਨੂੰ ਰੋਕਿਆ ਗਿਆ, ਜਿਸਦਾ ਡਰਾਇਵਰ ਗੁਰਦੀਪ ਸਿੰਘ ਪੁੱਤਰ ਬੂਟਾ ਸਿੰਘ ਅਤੇ ਕੰਡਕਟਰ ਸੰਦੀਪ ਉਈਕੇ ਪੁੱਤਰ ਨੰਦ ਕਿਸ਼ੋਰ ਉਈਕੇ ਸੀ। ਟਰੱਕ ਵਿਚ ਲੋਹੇ ਨੂੰ ਪਾਲਸ ਕਰਨ ਵਾਲਾ ਮਟੀਰੀਅਲ (ਸਪੰਜ) ਭਰਿਆ ਹੋਇਆ ਸੀ। ਸ਼ੱਕ ਦੇ ਆਧਾਰ 'ਤੇ ਜਦੋਂ ਟਰੱਕ ਦੀ ਡੂੰਘਾਈ ਨਾਲ ਚੈਕਿੰਗ ਕੀਤੀ ਗਈ ਤਾਂ ਟਰੱਕ ਦੇ ਕੈਬਨ ਵਿੱਚੋਂ ਡਰਾਇਵਰ ਸੀਟ ਦੇ ਪਿਛਲੇ ਪਾਸਿਓਂ



ਪਲਾਸਟਿਕ ਲਿਫਾਫੇ ਵਿੱਚੋਂ 20 ਕਿੱਲੋ ਅਫੀਮ ਬਰਾਮਦ ਹੋਈ। ਪੁਲਸ ਨੇ ਉਕਤ ਮੁਲਜ਼ਮਾਂ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ ਅਤੇ ਉਹਨਾਂ ਖ਼ਿਲਾਫ਼ ਥਾਣਾ ਸੰਦੌੜ ਵਿਖੇ ਐੱਨ.ਡੀ.ਪੀ.ਐੱਸ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਦਿੱਤਾ। ਦੂਜੀ ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ ਡਾ.ਸਿਮਰਤ ਕੌਰ ਆਈ.ਪੀ.ਐੱਸ ਨੇ ਦੱਸਿਆ ਕਿ ਮੁਖਬਰ ਦੀ ਸੂਚਨਾ 'ਤੇ ਇੰਸਪੈਕਟਰ ਹਰਜਿੰਦਰ ਸਿੰਘ, ਇੰਚਾਰਜ, ਸੀ.ਆਈ.ਏ. ਸਟਾਫ, ਮਾਹੋਰਾਣਾ ਦੀ ਟੀਮ ਅਤੇ ਕਾਂਊਟਰ ਇੰਟੈਲੀਜੈਂਸ, ਮਾਲੇਰਕੋਟਲਾ ਦੀ ਟੀਮ ਨੇ ਸਾਂਝੇ ਆਪ੍ਰੇਸ਼ਨ ਦੌਰਾਨ ਰਿਸ਼ੂ ਕੁਮਾਰ ਪੁੱਤਰ ਨਰੇਸ਼ ਕੁਮਾਰ ਅਤੇ ਲਖਵਿੰਦਰ ਕੁਮਾਰ ਉਰਫ ਲੱਕੀ ਪੁੱਤਰ ਫਕੀਰ ਚੰਦ ਤੋਂ ਜਾਅਲੀ ਕਰੰਸੀ 2,85,000/-ਰੁਪਏ ਬਰਾਮਦ ਕੀਤਾ। ਪੁਲਸ ਨੇ ਮੁਲਜ਼ਮਾਂ ਖ਼ਿਲਾਫ ਥਾਣਾ ਸਿਟੀ-1 ਮਾਲੇਰਕੋਟਲਾ ਮੁਕੱਦਮਾ ਨੰਬਰ 46 ਧਾਰਾ 489ਏ, 489ਬੀ, 489ਸੀ, 489ਡੀ, ਅਤੇ 120ਬੀ ਅਧੀਨ ਮਾਮਲਾ ਦਰਜ ਕਰ ਦਿੱਤਾ। ਡਾ.ਸਿਮਰਤ ਕੌਰ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਫਤੀਸ਼ ਦੌਰਾਨ ਦੋਸ਼ੀ ਰਿਸ਼ੂ ਕੁਮਾਰ ਅਤੇ ਲਖਵਿੰਦਰ ਕੁਮਾਰ ਨੇ ਦੱਸਿਆ ਕਿ ਇਹ ਜਾਅਲੀ ਕਰੰਸੀ ਅਮਿਤ ਗਿੱਲ ਪੁੱਤਰ ਬਲਦੇਵ ਰਾਜ ਵਾਸੀ ਮੋਨਵਾਨ ਮਨਸੂਰਵਾਲ ਦੋਨਾ, ਜ਼ਿਲ੍ਹਾ ਕਪੂਰਥਲਾ ਹਾਲ ਕਿਰਾਏਦਾਰ ਰਾਕੇਸ ਕੁਮਾਰ ਐੱਸ.ਬੀ.ਆਈ. ਕਲੋਨੀ ਨੇੜੇ ਬੁਆਏ ਹੋਸਟਲ ਸਹਾਰਨਪੁਰ, ਯੂ.ਪੀ ਪਾਸੋਂ ਲੈ ਕਰ ਆਏ ਸੀ। ਦੋਸ਼ੀ ਅਮਿਤ ਗਿੱਲ ਨੂੰ ਨਾਮਜ਼ਦ ਕਰਕੇ ਸੀ.ਆਈ.ਏ ਸਟਾਫ ਮਾਹੋਰਾਣਾ ਦੀ ਟੀਮ ਵੱਲੋਂ ਉਸਦੇ ਪਤੇ 'ਤੇ ਰੇਡ ਕਰਕੇ ਦੋਸ਼ੀ ਅਮਿਤ ਗਿੱਲ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜੇ ਵਿੱਚੋਂ ਜਾਅਲੀ ਕਰੰਸੀ 81,35,000/-ਰੁਪਏ ਸਮੇਤ ਇੱਕ ਕਲਰ ਪ੍ਰਿੰਟਰ, ਇੱਕ ਮੋਨੀਟਰ, ਇੱਕ ਕੀ ਬੋਰਡ, ਇੱਕ ਮਾਊਸ, ਛੋਟਾ ਸੀ.ਪੀ.ਯੂ, ਸਮਾਰਟ ਸਕੈਨਰ ਕਲਰ ਪ੍ਰਿੰਟਰ, ਇੱਕ ਲੈਮੀਨੇਸ਼ਨ ਮਸ਼ੀਨ, ਇੱਕ ਪੇਪਰ ਕਟਰ, ਇੱਕ ਸਕਰੀਨ ਬੋਰਡ ਜੋ ਲੱਕੜ ਦੀ ਫਰੇਮ 'ਚ ਲੱਗਾ ਹੋਇਆ ਹੈ, ਬਰਾਮਦ ਕੀਤਾ। ਦੋਸ਼ੀਆਨ ਪਾਸੋਂ ਹੁਣ ਤੱਕ ਕੁੱਲ 84,20,000/- ਰੁਪਏ ਜਾਅਲੀ ਕਰੰਸੀ ਬਰਾਮਦ ਹੋਈ। ਐੱਸ.ਐੱਸ.ਪੀ ਡਾ.ਸਿਮਰਤ ਕੌਰ ਨੇ ਦੱਸਿਆ ਕਿ ਦੋਵਾਂ ਮਾਮਲਿਆਂ ਦੇ ਦੋਸ਼ੀਆਂ ਨੂੰ ਸਥਾਨਕ ਅਦਾਲਤ ਵਿੱਚ ਪੇਸ਼ ਕਰਕੇ ਉਨ੍ਹਾਂ ਦਾ ਰਿਮਾਂਡ ਲਿਆ ਜਾਵੇਗਾ ਤਾਂ ਕਿ ਪੁੱਛਗਿੱਛ ਦੌਰਾਨ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਲੁਧਿਆਣਾ 'ਚ ਪ੍ਰਮੁੱਖ ਪਾਰਟੀਆਂ 'ਚੋਂ ਇਕੱਲੇ ਹਿੰਦੂ ਉਮੀਦਵਾਰ ਹੋਣਗੇ 'ਆਪ' ਦੇ ਅਸ਼ੋਕ ਪਰਾਸ਼ਰ ਪੱਪੀ

**ਏਜੰਸੀਆਂ**

ਲੁਧਿਆਣਾ 7 ਮਈ। ਕਾਂਗਰਸ ਵੱਲੋਂ ਪੰਜਾਬ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਟਿਕਟ ਦੇਣ ਤੋਂ ਬਾਅਦ ਲੋਕ ਸਭਾ ਚੋਣ ਨੂੰ ਲੈ ਕੇ ਲੁਧਿਆਣਾ 'ਚ ਉਮੀਦਵਾਰਾਂ ਦੀ ਤਸਵੀਰ ਪੂਰੀ ਤਰ੍ਹਾਂ ਸਾਫ ਹੋ ਗਈ ਹੈ, ਜਿਸ ਦੇ ਅਧੀਨ ਹਿੰਦੂ ਰਾਸ਼ਟਰ ਦੇ ਮੁੱਦੇ ਅਤੇ ਰਾਮ ਮੰਦਰ ਦੇ ਨਾਂ 'ਤੇ ਵੋਟ ਮੰਗ ਰਹੀ ਭਾਜਪਾ ਵੱਲੋਂ ਕਾਂਗਰਸ ਦੇ ਤੀਜੀ ਵਾਰ ਜਿੱਤ ਹਾਸਲ ਕਰਨ ਵਾਲੇ ਐੱਮ. ਪੀ ਰਵਨੀਤ ਸਿੰਘ ਬਿੱਟੂ ਨੂੰ ਉਮੀਦਵਾਰ ਬਣਾਇਆ ਗਿਆ ਹੈ। ਜਿਥੋਂ ਤੱਕ ਕਾਂਗਰਸ ਦਾ ਸਵਾਲ ਹੈ, ਉਸ ਵੱਲੋਂ 2 ਹਿੰਦੂ ਚਿਹਰਿਆਂ ਭਾਰਤ ਭਾਰਤ ਭੂਸ਼ਣ ਆਸ਼ੂ ਅਤੇ ਸੰਜੇ ਤਲਵਾੜ ਦੀ ਦਾਅਦੇਵਾਰੀ ਦੇ ਬਾਵਜੂਦ ਬਿੱਟੂ ਦੇ ਮੁਕਾਬਲੇ ਲਈ ਪੰਜਾਬ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਟਿਕਟ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਪੰਥਕ ਏਜੰਡੇ 'ਤੇ ਚੋਣ ਲੜ ਰਹੇ ਅਕਾਲੀ ਦਲ ਵੱਲੋਂ ਹਿੰਦੂ ਚਿਹਰੇ ਕਾਕਾ ਸੂਦ ਦੀ ਟਿਕਟ ਬਦਲ ਕੇ ਰਣਜੀਤ ਸਿੰਘ ਢਿੱਲੋਂ ਨੂੰ ਉਮੀਦਵਾਰ ਬਣਾਇਆ ਗਿਆ ਹੈ। ਸ਼ਾਇਦ ਇਨ੍ਹਾਂ ਪਹਿਲੂਆਂ ਦੇ ਮੱਦੇਨਜ਼ਰ ਹੀ ਆਮ ਆਦਮੀ ਪਾਰਟੀ ਵੱਲੋਂ ਸਿਮਰਜੀਤ ਬੈਂਸ ਜਾਂ ਜੱਸੀ ਖੰਗੂੜਾ ਦੀ ਬਜਾਏ ਲੁਧਿਆਣਾ ਤੋਂ ਅਸ਼ੋਕ ਪਰਾਸ਼ਰ ਪੱਪੀ ਬਣਾਇਆ ਗਿਆ ਹੈ, ਜੋ ਬਾਕੀ ਸਾਰੇ ਪ੍ਰਮੁੱਖ ਪਾਰਟੀਆਂ ਦੇ ਮੁਕਾਬਲੇ ਇਕੱਲੇ ਹਿੰਦੂ ਉਮੀਦਵਾਰ ਹੋਣਗੇ। ਲੁਧਿਆਣਾ 'ਚ ਹੁਣ ਤੱਕ ਸਿਰਫ ਮੁਨੀਸ਼ ਤਿਵਾੜੀ ਹੀ ਇਕੋ-ਇਕ ਹਿੰਦੂ ਐੱਮ. ਪੀ. ਬਣੇ ਹਨ, ਜਿਨ੍ਹਾਂ ਨੂੰ ਇਕ ਵਾਰ ਹਾਰ ਤੋਂ ਬਾਅਦ ਜਿੱਤ ਹਾਸਲ ਹੋਈ ਸੀ ਅਤੇ ਅਗਲੀ



ਵਾਰ ਉਨ੍ਹਾਂ ਨੇ ਲੋਕ ਸਭਾ ਚੋਣ ਨਹੀਂ ਲੜੀ। ਮੁਨੀਸ਼ ਤਿਵਾੜੀ ਇਸ ਸਮੇਂ ਅਨੰਦਪੁਰ ਸਾਹਿਬ ਤੋਂ ਮੌਜੂਦਾ ਐੱਮ. ਪੀ. ਹਨ ਅਤੇ ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਲੁਧਿਆਣਾ ਵਾਪਸ ਆਉਣ ਦੀਆਂ ਅਟਕਲਾਂ ਦੇ ਵਿਚਕਾਰ ਕਾਂਗਰਸ ਵੱਲੋਂ ਉਨ੍ਹਾਂ ਨੂੰ ਚੰਡੀਗੜ੍ਹ ਤੋਂ ਉਮੀਦਵਾਰ ਬਣਾਇਆ ਗਿਆ ਹੈ।

# ਖੁਦ ਦੀਆਂ ਲੋੜਾਂ ਪੂਰੀਆਂ ਹੋਣ ਉਪਰੰਤ ਸਮਾਜ ਦੀਆਂ ਜਰੂਰਤਾਂ ਵੱਲ ਧਿਆਨ ਦੇਣਾ ਜਰੂਰੀ

**ਸਰਦੂਲ ਸਿੰਘ**

ਜਲੰਧਰ 7 ਮਈ। ਦੁਬਈ ਦੇ ਉੱਘੇ ਕਾਰੋਬਾਰੀ, ਵਿਸ਼ਵ ਪ੍ਰਸਿੱਧ ਸਮਾਜ ਸੇਵੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਸੁਰਿੰਦਰ ਪਾਲ ਸਿੰਘ ਓਬਰਾਏ ਦਾ ਕਹਿਣਾ ਹੈ ਕਿ ਸਿਹਤ ਅਤੇ ਸਿੱਖਿਆ 'ਤੇ ਕੰਮ ਕਰਨਾ ਉਨ੍ਹਾਂ ਦਾ ਮੁੱਖ ਮਕਸਦ ਹੈ। ਓਬਰਾਏ ਮੰਨਦੇ ਹਨ ਕਿ ਅਜੋਕੇ ਦੌਰ ਅੰਦਰ ਮੱਧਵਰਗੀ ਪਰਿਵਾਰ ਵਾਲੇ ਵਿਅਕਤੀ ਨੂੰ ਜਦ ਬੀਮਾਰੀ ਚਿੰਬੜਦੀ ਹੈ ਤਾਂ ਘਰ ਖਾਲੀ ਹੋ ਜਾਂਦਾ ਹੈ ਤੇ ਵਿਅਕਤੀ ਦੀ ਜਾਨ ਚਲੀ ਜਾਂਦੀ ਹੈ। ਇਸੇ ਕਰਕੇ ਸਾਡਾ ਟੀਚਾ ਹੈ ਕਿ ਲੋਕਾਂ ਨੂੰ ਸਿਹਤ ਸਹੂਲਤਾਂ ਅਤੇ ਸਸਤੇ ਚੈੱਕਅਪ ਸਮੇਤ ਇਲਾਜ ਮੁਹੱਈਆ ਕਰਵਾਈਏ ਜਿਸ ਲਈ ਅਸੀਂ ਲੈਬਾਰਟਰੀਆਂ, ਡਾਇਗਨੌਸਟਿਕ ਸੈਂਟਰ ਖੋਲ੍ਹਣ ਸਮੇਤ ਅੱਖਾਂ ਦੇ ਕੈਂਪ ਲਗਵਾ ਕੇ ਫ੍ਰੀ ਇਲਾਜ ਕਰਵਾ ਰਹੇ ਹਾਂ। ਪੇਸ਼ ਹੈ ਉਨ੍ਹਾਂ ਨਾਲ ਕੀਤੀ ਮੁਲਾਕਾਤ ਦੇ ਮੁੱਖ ਅੰਸ਼ : ਅਸੀਂ ਅੱਜਕਲ ਜ਼ਿਆਦਾ ਜੋਰ ਲੈਬਾਰਟਰੀਆਂ 'ਤੇ ਦਿੱਤਾ ਹੈ। ਇਸ ਦੀ ਬਹੁਤ ਜ਼ਿਆਦਾ ਮੰਗ ਸੀ। ਬੀਤੇ ਦਿਨ ਅਸੀਂ ਅੰਮ੍ਰਿਤਸਰ ਦੇ ਚੀਚਾ ਭਕਨਾ ਵਿਖੇ ਲੈਬਾਰਟਰੀ ਖੋਲ੍ਹੀ ਹੈ। ਇਸ ਸਮੇਂ ਪੰਜਾਬ ਸਣੇ ਕੁੱਲ 11 ਸੂਬਿਆਂ ਵਿਚ ਸਰਬੱਤ ਦਾ ਭਲਾ ਟਰੱਸਟ ਦੀਆਂ 96 ਲੈਬਾਰਟਰੀਆਂ ਚੱਲ ਰਹੀਆਂ ਹਨ। ਹਰਿਆਣਾ ਵਿਚ 11, ਰਾਜਸਥਾਨ ਵਿਚ 5, ਹਿਮਾਚਲ ਵਿਚ 6, ਚੰਡੀਗੜ੍ਹ ਵਿਚ 1, ਦਿੱਲੀ ਵਿਚ 3 ਲੈਬਾਰਟਰੀਆਂ ਚੱਲ ਰਹੀਆਂ ਹਨ। ਲੋਕਾਂ ਵਲੋਂ ਲੈਬਾਰਟਰੀਆਂ ਨੂੰ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ। ਇਕ ਸਾਲ ਵਿਚ ਲਗਭਗ 11 ਲੱਖ 50 ਹਜਾਰ ਮਰੀਜਾਂ ਨੇ ਟੈਸਟ ਕਰਵਾਇਆ ਹੈ। ਹੁਣ ਹਰ ਮਹੀਨੇ 1 ਲੱਖ 10-15 ਹਜਾਰ ਦੀ ਐਵਰੇਜ ਆ ਰਹੀ ਹੈ। ਅਸੀਂ ਨੋ ਪ੍ਰਾਫਿਟ ਤੇ ਨੋ ਲੌਸ 'ਤੇ ਕੰਮ ਕਰ ਰਹੇ ਹਾਂ। ਸਾਡੇ ਪੱਲਿਓਂ ਕੁਝ ਨਹੀਂ ਲੱਗ ਰਿਹਾ। ਜਿਹੜੀ ਲੈਬਾਰਟਰੀ ਅਸੀਂ ਖੋਲ੍ਹਦੇ ਹਾਂ, ਤਕਰੀਬਨ ਇਕ ਮਹੀਨੇ ਵਿਚ ਹੀ ਉਹ ਆਪਣਾ ਭਾਰ ਚੁੱਕ ਲੈਂਦੀ ਹੈ ਅਤੇ ਕਈਆਂ ਨੂੰ ਤਿੰਨ ਤੋਂ ਚਾਰ ਮਹੀਨੇ ਲੱਗ ਜਾਂਦੇ ਹਨ। ਉਦਾਹਰਣ ਦੇ ਤੌਰ 'ਤੇ ਜਿਵੇਂ ਅਸੀਂ ਸਿਧਵਾਂ ਦੋਨਾ ਵਿਚ ਲੈਬਾਰਟਰੀ ਖੋਲ੍ਹੀ। ਇਹ ਲੈਬਾਰਟਰੀ ਪਿੰਡ ਵਿਚ ਹੈ, ਖੋਲ੍ਹਣ ਤੋਂ 10 ਦਿਨਾਂ ਬਾਅਦ ਹੀ ਇਸ ਨੇ ਆਪਣਾ ਖਰਚਾ ਚੁੱਕ ਲਿਆ। ਅਸੀਂ ਸਿਰਫ ਦਸ ਫੀਸਦੀ ਮੁਨਾਫੇ 'ਤੇ ਕੰਮ ਕਰ ਰਹੇ ਹਾਂ। ਜਿਹੜੇ ਬਾਜਾਰ ਵਿਚ ਟੈਸਟ 100 ਰੁਪਏ ਦੇ ਹੋ ਰਹੇ, ਅਸੀਂ ਉਹ 10 ਰੁਪਏ ਵਿਚ ਕਰ ਰਹੇ ਹਾਂ। ਬਾਜਾਰ ਵਿਚ ਈ. ਸੀ. ਜੀ. ਲਈ ਡੇਢ ਤੋਂ ਪੌਣੇ ਦੋ ਸੌ ਰੁਪਏ ਵਸੂਲੇ ਜਾ ਰਹੇ ਪਰ ਅਸੀਂ ਸਿਰਫ 20 ਰੁਪਏ ਵਿਚ ਕਰ ਰਹੇ ਹਾਂ। ਇਕੱਲੇ ਅੰਮ੍ਰਿਤਸਰ ਵਿਚ ਪੰਜ ਲੈਬਾਰਟਰੀਆਂ ਖੋਲ੍ਹੀਆਂ ਗਈਆਂ। ਲੋਕ ਸਾਰੇ ਟੈਸਟਾਂ ਵਿਚ ਰੁਚੀ ਦਿਖਾ ਰਹੇ ਹਨ। ਪੂਰੀ ਬਾਡੀ ਦੇ ਟੈਸਟ ਲਈ ਬਾਹਰ 3 ਤੋਂ 4 ਹਜਾਰ ਰੁਪਿਆ ਵਸੂਲਿਆ ਜਾ ਰਿਹਾ ਪਰ ਅਸੀਂ ਇਹ ਟੈਸਟ ਮਹਿਜ 320 ਰੁਪਏ ਵਿਚ ਕਰ ਰਹੇ ਹਾਂ। ਮੇਰਾ ਮੁੱਖ ਮਕਸਦ ਹੀ ਇਹੋ ਸੀ ਕਿ ਗਰੀਬ ਤੋਂ ਗਰੀਬ ਵਿਅਕਤੀ ਘੱਟ ਪੈਸਿਆਂ ਵਿਚ ਟੈਸਟ ਕਰਵਾ ਸਕੇ। ਦੂਸਰੀ ਵੱਡੀ ਗੱਲ ਇਹ ਕਿ ਜੇ ਕਿਸੇ ਵਿਅਕਤੀ ਨੂੰ ਕੋਈ ਬੀਮਾਰੀ ਨਿਕਲ ਜਾਂਦੀ ਹੈ ਤਾਂ ਉਹ ਟਰੱਸਟ ਦਾ ਫਾਰਮ ਭਰ ਕੇ ਇਲਾਜ ਲਈ ਵੀ ਮਦਦ ਲੈ ਸਕਦਾ ਹੈ। ਸਾਡੀਆਂ 16 ਤੋਂ 17 ਲੈਬਾਰਟਰੀਆਂ ਪੂਰੀ ਤਰ੍ਹਾਂ ਤਿਆਰ ਹਨ, ਜਿਨ੍ਹਾਂ ਦਾ ਅਗਲੇ ਮਹੀਨੇ ਉਦਘਾਟਨ ਕੀਤਾ ਜਾਵੇਗਾ। ਚੰਡੀਗੜ੍ਹ ਦੇ 34 ਸੈਕਟਰ ਗੁਰਦੁਆਰਾ ਵਿਚ ਪਹਿਲਾਂ ਲੈਬਾਰਟਰੀ ਸ਼ੁਰੂ ਕੀਤੀ ਗਈ, ਇਸ ਦੇ ਨਾਲ ਹੀ ਫਿਜੀਓਥੈਰੇਪੀ ਸੈਂਟਰ ਸ਼ੁਰੂ ਕੀਤਾ ਗਿਆ, ਜਿਸ 'ਤੇ ਮਾਰਕੀਟ ਨਾਲੋਂ 12 ਫੀਸਦੀ 'ਤੇ ਇਲਾਜ ਕੀਤਾ ਜਾ ਰਿਹਾ। ਤੀਸਰਾ ਉਥੇ ਡੈਂਟਲ ਕਲੀਨਿਕ ਖੋਲ੍ਹਿਆ ਗਿਆ। 7 ਤੋਂ 8 ਜਗ੍ਹਾ ਡੈਂਟਲ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ। ਹੁਣ ਜਿੱਥੇ ਲੈਬਾਰਟਰੀ ਖੋਲ੍ਹੀ ਜਾ ਰਹੀ ਹੈ, ਉਥੇ ਹੀ ਫਿਜੀਓਥੈਰੇਪੀ ਸੈਂਟਰ ਅਤੇ ਡੈਂਟਲ ਕਲੀਨਿਕ ਵੀ ਨਾਲ ਖੋਲ੍ਹੇ ਜਾ ਰਹੇ ਹਨ। ਇਸ ਤੋਂ ਇਲਾਵਾ ਕਈ ਜਗ੍ਹਾ ਡਿਜੀਟਲ ਐਕਸਰੇ ਮਸ਼ੀਨਾਂ ਵੀ ਲਗਾਈਆਂ ਗਈਆਂ ਹਨ ਜਦਕਿ ਕਈ ਜਗ੍ਹਾ ਜਿੱਥੇ ਡਾਕਟਰ ਹਨ, ਉਥੇ ਅਲਟਰਾਸਾਊਂਡ ਮਸ਼ੀਨਾਂ ਵੀ ਲਗਾਈਆਂ ਗਈਆਂ। ਉਥੇ ਅਲਟਰਾਸਾਊਂਡ 50 ਰੁਪਏ ਵਿਚ, ਡਿਜੀਟਲ ਐਕਸਰਾ 70 ਰੁਪਏ ਵਿਚ ਅਤੇ ਫਿਜੀਓਥੈਰੇਪੀ ਇਲਾਜ 13 ਫੀਸਦੀ 'ਤੇ ਕੀਤੇ ਜਾ ਰਹੇ ਹਨ। ਦੇਖੋ ਗੱਲ ਇਸ ਤਰ੍ਹਾਂ ਹੈ, ਜੇਕਰ ਇਕ-ਦੋ ਦੀ ਗੱਲ ਹੋਵੇ ਤਾਂ ਅਸੀਂ ਤੁਰੰਤ ਖੋਲ੍ਹ ਲਈਏ ਪਰ ਮੈਂ 100-150 ਦਾ ਟੀਚਾ ਲੈ ਕੇ ਚੱਲਿਆ ਹਾਂ, ਜਿਸ ਨੂੰ ਥੋੜ੍ਹਾ ਸਮਾਂ ਲੱਗੇਗਾ ਪਰ ਇਸ ਦੇ ਬਾਵਜੂਦ ਅਸੀਂ ਕੰਮ ਕਰ ਰਹੇ ਹਾਂ। ਅੰਮ੍ਰਿਤਸਰ ਵਿਚ ਸਾਰੇ ਸੈਂਟਰ ਖੋਲ੍ਹੇ ਜਾ ਚੁੱਕੇ ਹਨ, ਜਿੱਥੇ ਲੋਕ ਵੱਡੇ ਪੱਧਰ 'ਤੇ ਟੈਸਟ ਕਰਵਾ ਰਹੇ ਹਨ। ਨਹੀਂ, ਸਾਰੇ ਟੈਸਟ ਉਪਲੱਬਧ ਨਹੀਂ ਹਨ। ਕੁਝ ਟੈਸਟ ਜਿਹੜੇ ਦਿੱਲੀ, ਮੁੰਬਈ ਭੇਜੇ ਜਾਂਦੇ ਹਨ, ਉਨ੍ਹਾਂ ਲਈ ਅਸੀਂ ਵੱਡੀਆਂ ਲੈਬਾਰਟਰੀਆਂ ਨਾਲ ਟਾਈਅਪ ਕੀਤਾ ਹੈ। ਉਹ ਵੀ ਸਾਨੂੰ ਬਹੁਤ ਘੱਟ ਦਰਾਂ 'ਤੇ ਦਿੰਦੇ ਹਨ। ਸਾਨੂੰ ਜਿਹੜਾ ਰੇਟ ਮਿਲਦਾ ਹੈ, ਉਹੀ ਅਸੀਂ ਅੱਗੇ ਮਰੀਜ ਨੂੰ ਦਿੰਦੇ ਹਾਂ। ਇਸ ਤਰੀਕੇ ਨਾਲ ਲੈਬ ਦਾ ਕੰਮ ਚਲਾਇਆ ਜਾ ਰਿਹਾ ਹੈ। ਮੇਰੀ ਕੋਸ਼ਿਸ਼ ਹੈ ਕਿ 20-25 ਕਿਲੋਮੀਟਰ ਦੇ ਦਾਇਰੇ ਵਿਚ ਇਕ ਲੈਬਾਰਟਰੀ ਹੋਣੀ ਚਾਹੀਦੀ ਹੈ। ਸ਼ੁਰੂ ਵਿਚ ਪ੍ਰੇਸ਼ਾਨੀਆਂ ਤਾਂ ਬੜੀਆਂ ਆਈਆਂ। ਸਭ ਤੋਂ ਪਹਿਲਾਂ ਅੱਖਾਂ ਦੇ ਕੈਂਪ ਸ਼ੁਰੂ ਕੀਤੇ ਗਏ। ਉਸ ਸਮੇਂ ਡਾਕਟਰਾਂ ਨੂੰ ਬੜੀ ਤਕਲੀਫ ਹੋਈ ਕਿਉਂਕਿ ਆਪ੍ਰੇਸ਼ਨ ਦੇ 10 ਤੋਂ 15 ਹਜਾਰ ਰੁਪਏ ਵਸੂਲੇ ਜਾਂਦੇ ਸਨ। ਅਸੀਂ ਆਪ੍ਰੇਸ਼ਨ ਫ੍ਰੀ ਸ਼ੁਰੂ ਕਰ ਦਿੱਤੇ। ਇਸ ਦਾ ਨਤੀਜਾ ਇਹ ਨਿਕਲਿਆ ਕਿ ਡਾਕਟਰਾਂ ਨੇ ਆਪ੍ਰੇਸ਼ਨ ਦੇ ਰੇਟ ਘਟਾ ਦਿੱਤੇ। ਇਸ ਤੋਂ ਬਾਅਦ ਜਦੋਂ ਅਸੀਂ ਡਾਇਲਸਿਸ ਸ਼ੁਰੂ ਕੀਤੀ, ਜਿਸ ਦਾ ਇਕ ਮਹੀਨੇ ਦਾ ਖਰਚਾ 40,000 ਤੋਂ 50,000 ਰੁਪਏ ਹੁੰਦਾ ਸੀ, ਅਸੀਂ ਉਹ ਚਾਰ ਹਜਾਰ ਵਿਚ ਸ਼ੁਰੂ ਕੀਤਾ, ਇਸ ਤੋਂ ਡਾਕਟਰਾਂ ਨੂੰ ਬਹੁਤ ਪ੍ਰੇਸ਼ਾਨੀ ਹੋਈ। ਹੁਣ ਤਕ 240 ਦੇ ਕਰੀਬ ਡਾਇਲਸਿਸ ਯੂਨਿਟ ਲਗਾਏ ਜਾ ਚੁੱਕੇ ਹਨ। ਪੰਜਾਬ ਤੋਂ ਇਲਾਵਾ 11 ਸੂਬਿਆਂ ਵਿਚ ਇਹ ਯੂਨਿਟ ਸ਼ਾਨਦਾਰ ਤਰੀਕੇ ਨਾਲ ਕੰਮ ਕਰ ਰਹੇ ਹਨ। ਹੁਣ ਤਕ ਲੱਖਾਂ ਦੇ ਹਿਸਾਬ ਨਾਲ ਡਾਇਲਸਿਸ ਹੋ ਚੁੱਕੇ ਹਨ। ਹੁਣ ਤਕ ਅੱਖਾਂ ਦੇ 657 ਕੈਂਪ ਲਗਾਏ ਜਾ ਚੁੱਕੇ ਹਨ। ਇਸ ਵਿਚ 1 ਲੱਖ 15 ਹਜਾਰ ਆਪ੍ਰੇਸ਼ਨ ਕਰਕੇ ਮਰੀਜਾਂ ਦੇ ਲੈਨਜ ਪਾਏ ਜਾ ਚੁੱਕੇ ਹਨ। ਇਹ ਫ੍ਰੀ ਕੈਂਪ ਅਜੇ ਵੀ ਲਗਾਤਾਰ ਚੱਲ ਰਹੇ। ਇਸ ਤੋਂ ਬਾਅਦ ਅਸੀਂ ਮੈਡੀਕਲ ਸਟੋਰਾਂ ਵੱਲ ਰੁਖ ਕਰਾਂਗੇ, ਜਿਥੇ ਗਰੀਬਾਂ ਨੂੰ ਸਸਤੇ ਰੇਟਾਂ 'ਤੇ ਦਵਾਈਆਂ ਮਿਲਣਗੀਆਂ। ਸਾਨੂੰ ਪਤਾ ਹੈ ਮੈਡੀਕਲ ਸਟੋਰਾਂ ਦਾ ਵੱਡੇ ਪੱਧਰ 'ਤੇ ਵਿਰੋਧ ਹੋਵੇਗਾ, ਮੈਡੀਕਲ 'ਤੇ ਵੱਡਾ ਮਾਫੀਆ ਕੰਮ ਕਰ ਰਿਹਾ ਹੈ। ਲੈਬਾਰਟਰੀਆਂ ਸ਼ੁਰੂ ਕਰਨ 'ਤੇ ਸਾਨੂੰ ਦਫਤਰ ਆ ਕੇ ਧਮਕੀਆਂ ਦਿੱਤੀਆਂ ਗਈਆਂ ਪਰ ਅਸੀਂ ਆਪਣੇ ਕੰਮ 'ਤੇ ਅੜੇ ਰਹੇ। ਦਵਾਈਆਂ ਵਾਲਾ ਕੰਮ ਥੋੜ੍ਹਾ ਮੁਸ਼ਕਲ ਲੱਗ ਰਿਹਾ ਪਰ ਜਰੂਰ ਕਰਾਂਗੇ। ਅਸੀਂ ਬੱਚੇ ਦੇ ਨੰਬਰ ਰੱਖੇ ਹਨ ਕਿ ਇੰਨੇ ਤੋਂ ਇੰਨੇ ਫੀਸਦੀ ਮਾਰਕਸ ਹੋਣੇ ਚਾਹੀਦੇ ਹਨ। ਇਸ ਲਈ ਬਾਕਾਇਦਾ ਸਾਡੀ ਕਮੇਟੀ ਬਣੀ ਹੋਈ ਹੈ, ਜੋ ਤੈਅ ਕਰਦੀ ਹੈ ਕਿ ਕਿਸ ਬੱਚੇ ਨੂੰ ਸਿਲੈਕਟ ਕਰਨਾ ਹੈ। ਉਦਾਹਰਣ ਦੇ ਤੌਰ 'ਤੇ ਅਸੀਂ ਬੱਚਾ ਗੋਦ ਲੈ ਲਿਆ, ਉਸ ਦੇ ਨੰਬਰ 95 ਫੀਸਦੀ ਹਨ ਪਰ ਉਸ ਦੀ ਆਮਦਨ ਦਾ ਸਾਧਨ ਕੀ ਹੈ। ਸਾਡੀ ਕਮੇਟੀ ਦੇਖਦੀ ਹੈ ਕਿ ਇਸ ਬੱਚੇ ਨੂੰ ਕਿੰਨੀ ਫੀਸ ਦੇਣੀ ਹੈ ਜੋ ਅਸੀਂ ਦਿੰਦੇ ਹਾਂ, ਬਾਕੀ ਬੱਚਾ ਦੇਵੇਗਾ। ਲਗਭਗ 13 ਤੋਂ 14 ਹਜਾਰ ਬੱਚੇ ਗੋਦ ਲੈ ਚੁੱਕੇ ਹਾਂ। ਅਸੀਂ 2013 ਤੋਂ ਬੱਚਿਆਂ ਨੂੰ ਗੋਦ ਲੈਣਾ ਸ਼ੁਰੂ ਕੀਤਾ ਸੀ।